# ਪੰਜਾਬੀ ਪਰਵਾਜ਼

Punjabi Parwaz

ਅੰਕ 37ਵਾਂ (ਸ਼ਿਕਾਗੋ): 12 ਅਕਤੂਬਰ ਤੋਂ 25 ਅਕਤੂਬਰ 2024 ਤੱਕ

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com

www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548


# ਜੰਮੂ-ਕਸ਼ਮੀਰ 'ਚ ਇੰਡੀਆ ਗੱਠਜੋੜ ਅਤੇ ਹਰਿਆਣਾ 'ਚ ਭਾਜਪਾ ਜਿੱਤੀ

ਜਸਵੀਰ ਸਿੰਘ ਮਾਂਗਟ

*ਤਕਰੀਬਨ 10 ਸੀਟਾਂ 'ਤੇ ਬਾਗੀਆਂ ਨੇ ਹਰਾਈ ਹਰਿਆਣਾ ਕਾਂਗਰਸ

*'ਆਪ' ਨਾਲ ਗੱਠਜੋੜ ਨਾ ਕਰਨਾ ਵੀ ਮਹਿੰਗਾ ਪਿਆ

ਦੋ ਰਾਜਾਂ ਵਿੱਚ ਹਾਲ ਹੀ 'ਚ ਹੋਈਆਂ ਚੋਣਾਂ ਦੌਰਾਨ ਭਾਰਤੀ ਜਨਤਾ ਪਾਰਟੀ ਨੇ ਹਰਿਆਣਾ ਅੰਦਰ ਅਤੇ ਜੰਮੂ-ਕਸ਼ਮੀਰ ਵਿੱਚ ਫਾਰੂਖ ਅਬਦੁੱਲਾ ਟੱਬਰ ਦੀ ਅਗਵਾਈ ਵਾਲੀ ਨੈਸ਼ਨਲ ਕਾਨਫਰੰਸ ਤੇ ਕਾਂਗਰਸ ਗੱਠਜੋੜ ਨੇ ਬਾਜੀ ਮਾਰ ਲਈ ਹੈ। ਇਨ੍ਹਾਂ ਚੋਣਾਂ ਵਿੱਚ ਫਾਰੂਖ ਅਬਦੁੱਲਾ ਦੀ ਅਗਵਾਈ ਵਾਲੀ ਪਾਰਟੀ 'ਨੈਸ਼ਨਲ ਕਾਨਫਰੰਸ' ਮੁੜ ਤੋਂ ਉਭਰ ਆਈ ਹੈ, ਜਦਕਿ ਕਾਂਗਰਸ ਉਸ ਦੇ ਛੋਟੇ ਭਾਈਵਾਲ ਵਜੋਂ ਸਾਹਮਣੇ ਆਈ। ਦੂਜੇ ਪਾਸੇ ਹਰਿਆਣਾ ਵਿੱਚ ਭਾਜਪਾ ਨੇ ਅਣਕਿਆਸੀ ਜਿੱਤ ਪ੍ਰਾਪਤ ਕੀਤੀ ਹੈ, ਜਿੱਥੇ ਭਾਜਪਾ ਨੂੰ 48 ਸੀਟਾਂ ਪ੍ਰਾਪਤ ਹੋਈਆਂ ਹਨ, ਜੋ ਕਿ ਪਿਛਲੀ ਵਿਧਾਨ ਸਭਾ ਦੇ ਮੁਕਾਬਲੇ 8 ਵੱਧ ਹਨ। ਕਾਂਗਰਸ ਪਾਰਟੀ ਨੇ ਹਰਿਆਣਾ ਵਿੱਚ 37 ਸੀਟਾਂ ਜਿੱਤੀਆਂ ਹਨ, ਇਹ ਬੀਤੀ ਅਸੈਂਬਲੀ ਨਾਲੋਂ 6 ਵੱਧ ਹਨ। ਇਸ ਤੋਂ ਇਲਾਵਾ ਇੰਡੀਅਨ ਨੈਸ਼ਨਲ ਲੋਕ ਦਲ ਨੇ 2 ਅਤੇ ਹੋਰਾਂ ਨੇ 3 ਸੀਟਾਂ ਪ੍ਰਾਪਤ ਕੀਤੀਆਂ ਹਨ। ਪਿਛਲੀ ਅਸੈਂਬਲੀ ਵਿੱਚ ਹੋਰਨਾਂ ਕੋਲ 15 ਸੀਟਾਂ ਸਨ। ਯਾਦ ਰਹੇ, ਸਾਰੇ ਐਗਜ਼ਿਟ ਪੋਲ ਜੰਮੂ-ਕਸ਼ਮੀਰ ਵਿੱਚ ਲਟਕਵੀਂ ਅਸੈਂਬਲੀ ਅਤੇ ਹਰਿਆਣਾ ਵਿੱਚ ਕਾਂਗਰਸ ਪਾਰਟੀ ਦੀ ਭਾਰੀ ਜਿੱਤ ਵਿਖਾ ਰਹੇ ਸਨ। ਇੰਜ ਚੋਣ ਨਤੀਜਿਆਂ ਨੇ ਇਹ ਸਾਰੇ ਅਨੁਮਾਨ ਗਲਤ ਸਾਬਤ ਕਰ ਦਿੱਤੇ ਹਨ।

ਪਿਛਲੀ ਵਾਰ ਵਿੱਚ ਕਿੰਗ ਮੇਕਰ ਦੀ ਪੁਜੀਸ਼ਨ ਵਿੱਚ ਰਹੀ ਲੋਕ ਜਨਸ਼ਕਤੀ ਪਾਰਟੀ ਦਾ ਇਸ ਵਾਰ ਹਰਿਆਣਾ ਵਿੱਚ ਪੱਤਾ ਸਾਫ ਹੋ ਗਿਆ ਹੈ। ਭਾਰਤੀ ਜਨਤਾ ਪਾਰਟੀ ਭਾਵੇਂ ਜਾਟ ਵੋਟ ਵਿੱਚ ਵੀ ਕੁਝ ਸੰਨ੍ਹ ਲਾਉਣ ਵਿੱਚ ਸਫਲ ਹੋਈ ਹੈ, ਪਰ ਮੁੱਖ ਰੂਪ ਵਿੱਚ ਉਸ ਦੀ ਜਿੱਤ ਨੂੰ ਗੈਰ ਜਾਟ ਵੋਟਾਂ ਨੇ ਹੀ ਯਕੀਨੀ ਬਣਾਇਆ।

ਜੰਮੂ-ਕਸ਼ਮੀਰ ਵਿੱਚ ਇੰਡੀਆ ਗੱਠਜੋੜ ਦੀ ਜਿੱਤ ਵਿੱਚ ਵੱਡਾ ਹਿੱਸਾ ਨੈਸ਼ਨਲ ਕਾਨਫਰੰਸ ਨੇ ਪਾਇਆ, ਉਸ ਨੇ ਕੁੱਲ 42 ਅਸੈਂਬਲੀ ਹਲਕਿਆਂ ਵਿੱਚ ਜਿੱਤ ਪ੍ਰਾਪਤ ਕੀਤੀ। ਕਸ਼ਮੀਰ ਵਾਦੀ ਵਿੱਚੋਂ ਉਸ ਨੇ 35 ਸੀਟਾਂ ਜਿੱਤੀਆਂ, ਜਦੋਂਕਿ ਕਾਂਗਰਸ ਪਾਰਟੀ ਨੂੰ ਸਿਰਫ 6 ਸੀਟਾਂ ਮਿਲੀਆਂ ਹਨ। ਇੰਡੀਆ ਗੱਠਜੋੜ ਲਈ 1 ਸੀਟ ਮਾਰਕਸਵਾਦੀ ਪਰਟੀ ਨੇ ਜਿੱਤੀ ਹੈ। ਇਸ ਰਾਜ ਦੀਆਂ ਅਸੈਂਬਲੀ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ ਨੇ ਜੰਮੂ ਖੇਤਰ ਵਿੱਚੋਂ 29 ਸੀਟਾਂ ਜਿੱਤੀਆਂ ਹਨ। ਮਹਿਬੂਬਾ ਮੁਫਤੀ ਦੀ ਅਗਵਾਈ ਵਾਲੀ ਪੀ.ਡੀ.ਪੀ. 3 ਸੀਟਾਂ 'ਤੇ ਸਿਮਟ ਗਈ ਹੈ। 9 ਅਸੈਂਬਲੀ ਹਲਕਿਆਂ ਉਪਰ ਆਜ਼ਾਦ ਉਮੀਦਵਾਰਾਂ ਅਤੇ ਹੋਰਨਾਂ ਪਾਰਟੀਆਂ ਨੇ ਜਿੱਤ ਪ੍ਰਾਪਤ ਕੀਤੀ ਹੈ।

ਜਿੱਥੋਂ ਤੱਕ ਵੋਟ ਪ੍ਰਤੀਸ਼ਤ ਦਾ ਸਵਾਲ ਹੈ, ਨੈਸ਼ਨਲ ਕਾਨਫਰੰਸ ਨੇ 37.2 ਫੀਸਦੀ ਵੋਟਾਂ ਪ੍ਰਾਪਤ ਕੀਤੀਆਂ ਹਨ, ਭਾਜਪਾ ਨੂੰ 25.6 ਫੀਸਦੀ ਵੋਟਾਂ ਮਿਲੀਆਂ ਹਨ। ਇਸ ਤੋਂ ਇਲਾਵਾ ਆਜ਼ਾਦ ਅਤੇ ਹੋਰ ਛੋਟੀਆਂ ਪਾਰਟੀਆਂ ਦੇ ਉਮੀਦਵਾਰ 28.3 ਫੀਸਦੀ ਵੋਟ ਹਾਸਲ ਕਰ ਗਏ ਹਨ। ਪੀ.ਡੀ.ਪੀ. ਨੂੰ ਸਭ ਤੋਂ ਘੱਟ 8.9 ਫੀਸਦੀ ਵੋਟਾਂ ਪ੍ਰਾਪਤ ਹੋਈਆਂ ਹਨ। ਤਕਰੀਬਨ 75 ਫੀਸਦੀ ਵੋਟਾਂ ਗੈਰ ਭਾਜਪਾ ਉਮੀਦਵਾਰ ਲੈ ਗਏ ਹਨ। ਅਜਿਹਾ ਇਸ ਦੇ ਬਾਵਜੂਦ ਹੋਇਆ ਕਿ ਭਾਜਪਾ ਨੇ ਚੋਣ ਸਥਿਤੀ ਨੂੰ ਆਪਣੇ ਪੱਖ ਵਿੱਚ ਕਰਨ ਲਈ ਹਰ ਹਰਬਾ ਵਰਤਿਆ।

ਛੇ ਸਾਲ ਪਹਿਲਾਂ ਰਾਜ ਵਿੱਚ ਭਾਜਪਾ ਦੀ ਸਾਂਝੀ ਸਰਕਾਰ ਟੁੱਟਣ ਤੋਂ ਬਾਅਦ ਜੰਮੂ-ਕਸ਼ਮੀਰ ਨੂੰ ਵਿਸ਼ੇਸ਼

⇒ ਬਾਕੀ ਸਫਾ 13 ਉਤੇ ਪੜ੍ਹੋ

ਮੱਧ ਪੂਰਬ ਦਾ ਕਲੇਸ਼

# ਜੰਗ ਖਿਲਾਫ ਕੌਮਾਂਤਰੀ ਆਮ ਰਾਏ ਮਜਬੂਤ ਹੋਣ ਲੱਗੀ

*ਇਰਾਨ ਦੇ ਮਿਜ਼ਾਈਲ ਹਮਲੇ ਨੇ ਹਿਲਾਇਆ ਇਜ਼ਰਾਇਲ

ਪੰਜਾਬੀ ਪਰਵਾਜ਼ ਬਿਊਰੋ

ਇਜ਼ਰਾਇਲ ਦੇ ਗਾਜਾ ਅਤੇ ਦੱਖਣੀ ਲੈਬਨਾਨ, ਖ਼ਾਸ ਕਰਕੇ ਦੱਖਣੀ ਬੈਰੂਤ 'ਤੇ ਹਵਾਈ ਹਮਲੇ ਜਾਰੀ ਹਨ। ਇਨ੍ਹਾਂ ਹਮਲਿਆਂ ਕਾਰਨ ਭਾਵੇਂ ਹਿਜ਼ਬੁੱਲਾ ਦਾ ਵੱਡਾ ਨੁਕਸਾਨ ਹੋਇਆ ਹੈ ਅਤੇ ਉਸ ਦੇ ਮੁਖੀ ਅਤੇ ਉਪ ਮੁਖੀ ਸਮੇਤ ਕਈ ਵੱਡੇ ਆਗੂ ਮਾਰੇ ਗਏ ਹਨ; ਪਰ ਇਜ਼ਰਾਇਲ ਵੱਲੋਂ ਲੈਬਨਾਨ ਵਾਲੇ ਪਾਸੇ ਹੱਲਾ ਬੋਲਣ ਨਾਲ ਕਈ ਯੂਰਪੀਅਨ ਦੇਸ਼ ਇਸ ਫੌਜੀ ਕਲੇਸ਼ ਤੋਂ ਪਾਸੇ ਹਟਦੇ ਨਜ਼ਰ ਆ ਰਹੇ ਹਨ। ਅਮਰੀਕਾ ਨੇ ਇਜ਼ਰਾਇਲ ਨੂੰ ਇਰਾਨ ਦੇ ਤੇਲ ਅਤੇ ਪ੍ਰਮਾਣੂ ਕੇਂਦਰਾਂ 'ਤੇ ਹਮਲਾ ਕਰਨ ਤੋਂ ਮਨ੍ਹਾਂ ਕੀਤਾ ਹੈ, ਜਦਕਿ ਫਰਾਂਸ ਨੇ ਇਜ਼ਰਾਇਲ ਨੂੰ ਫੌਜੀ ਸਹਾਇਤਾ ਬੰਦ ਕਰਨ ਦਾ ਐਲਾਨ ਕਰ ਦਿੱਤਾ ਹੈ। ਫਰਾਂਸ ਦੇ ਆਗੂ ਮੈਕਰੋਨ ਅਤੇ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਕਿਹਾ ਕਿ ਇਜ਼ਰਾਇਲ ਦੇ ਹਮਲਿਆਂ ਵਿੱਚ ਲੋੜੋਂ ਵੱਧ ਆਮ ਨਾਗਰਿਕ ਮਾਰੇ ਜਾ ਰਹੇ ਹਨ। ਇਸ ਤਰ੍ਹਾਂ ਕੁੱਲ ਮਿਲਾ ਕਿ ਮਾਹੌਲ ਜੰਗ ਦੇ ਵਿਰੋਧ ਵਿੱਚ ਬਣਦਾ ਨਜ਼ਰ ਆ ਰਿਹਾ ਹੈ; ਭਾਵੇਂ ਕਿ ਇਜ਼ਰਾਇਲ ਇਸ ਲੜਾਈ ਨੂੰ ਵਸੀਹ ਕਰਨ ਦਾ ਯਤਨ ਕਰ ਰਿਹਾ ਹੈ।

ਇਸ ਤੋਂ ਇਲਾਵਾ ਆਇਰਲੈਂਡ ਨੇ ਲੈਬਨਾਨ ਵਿੱਚ ਮੌਜੂਦ ਆਪਣੇ ਸੁਰੱਖਿਆ ਦਸਤੇ ਵਾਪਸ ਬੁਲਾਉਣ ਤੋਂ ਇਨਕਾਰ ਕਰ ਦਿੱਤਾ ਹੈ। ਇਸ ਤੋਂ ਪਹਿਲਾਂ, ਹਾਲ ਹੀ ਵਿੱਚ ਯੂਨਾਈਟਿਡ ਨੇਸ਼ਨ ਨਾਲ ਸੰਬੰਧਤ 124 ਮੁਲਕ ਇਜ਼ਰਾਇਲ ਦਾ ਵਿਰੋਧ ਕਰ ਚੁੱਕੇ ਹਨ। ਦੱਖਣੀ ਅਫਰੀਕਾ ਦੀ ਪਹਿਲ ਕਦਮੀ ਨਾਲ ਕੌਮਾਂਤਰੀ ਅਦਾਲਤ ਵਿੱਚ ਇਜ਼ਰਾਇਲ ਵਿਰੁਧ ਨਸਲਕੁਸ਼ੀ ਦਾ ਦੋਸ਼ ਸੁਣਵਾਈ ਅਧੀਨ ਹੈ। ਉਧਰ ਰੂਸ, ਚੀਨ, ਬ੍ਰਾਜ਼ੀਲ ਅਤੇ ਤੁਰਕੀ ਵੀ ਖੁੱਲ੍ਹ ਕੇ ਇਜ਼ਰਾਇਲ ਦੇ ਵਿਰੋਧ ਵਿੱਚ ਖਲੋ ਗਏ ਹਨ। ਚੇਤੇ ਰਹੇ, ਪਿਛਲੇ ਮਹੀਨੇ ਇਜ਼ਰਾਇਲ ਨੇ ਦੱਖਣੀ ਲੈਬਨਾਨ ਦੇ ਕੁਝ ਇਲਾਕਿਆਂ ਵਿੱਚ ਪੇਜ਼ਰ ਬੰਬ ਧਮਾਕੇ ਕਰਵਾ ਕੇ ਹਿਜ਼ਬੁੱਲਾ ਦੇ ਕਾਰਕੁੰਨਾਂ ਅਤੇ ਲੈਬਨਾਨ ਦੇ ਆਮ ਲੋਕਾਂ ਵਿੱਚ ਅਫਰਾ-ਤਫਰੀ ਮਚਾ ਦਿੱਤੀ ਸੀ ਅਤੇ ਸਾਰੀ ਦੁਨੀਆਂ ਨੂੰ ਹੈਰਾਨੀ ਵਿੱਚ ਪਾ ਦਿੱਤਾ ਸੀ। ਇਹ ਮੁਲਕਾਂ ਵਿਚਕਾਰ ਜੰਗ ਦੀਆਂ ਨਵੀਂਆਂ ਦਿਸ਼ਾਵਾਂ ਖੋਲ੍ਹਣ ਵਾਲੀ ਘਟਨਾ ਸੀ। ਜਿਸ ਵਿੱਚ ਆਈ.ਟੀ., ਇਲੈਕਟਰੋਨਿਕਸ ਅਤੇ ਜੀ.ਪੀ.ਐਸ. ਜਿਹੀਆਂ ਤਕਨੀਕਾਂ ਦੀ ਵਰਤੋਂ ਕੀਤੀ ਗਈ। ਪੇਜ਼ਰ ਧਮਾਕਿਆਂ ਦੇ ਨਾਲ ਹੀ ਹਿਜ਼ਬੁੱਲਾ ਦੇ ਟਿਕਾਣਿਆ ਉਤੇ ਹਵਾਈ ਹਮਲਾ ਸ਼ੁਰੂ ਕੀਤਾ ਗਿਆ।

ਇਜ਼ਰਾਇਲ ਨੂੰ ਆਸ ਸੀ ਕਿ ਇਨ੍ਹਾਂ ਅਚਨਚੇਤ ਹਮਲਿਆਂ ਨਾਲ ਹਿਜ਼ਬੁੱਲਾ ਦੇ ਕੈਡਰ ਵਿੱਚ ਭਗਦੜ ਮੱਚ ਗਈ ਹੋਵੇਗੀ, ਪਰ ਜਦੋਂ ਯਹੂਦੀ ਇਨਫੈਂਟਰੀ ਵੱਲੋਂ ਜ਼ਮੀਨੀ ਹਮਲਾ ਕਰਨ ਦਾ ਯਤਨ ਕੀਤਾ ਗਿਆ ਤਾਂ ਉਸ ਦਾ ਵੱਡਾ ਨੁਕਸਾਨ ਹੋਇਆ। ਭਾਰੀ ਗਿਣਤੀ ਵਿੱਚ ਫੌਜੀ ਮੌਤਾਂ ਹੋਣ ਲੱਗੀਆਂ। ਇਸ ਨੇ ਸਪਸ਼ਟ ਕੀਤਾ ਕਿ ਜ਼ਮੀਨੀ ਲੜਾਈ ਵਿੱਚ ਹਿਜ਼ਬੁੱਲਾ ਹਾਲੇ ਵੀ ਇਜ਼ਰਾਇਲ ਨੂੰ ਵੱਡੀ ਟੱਕਰ ਦੇਣ ਦੇ ਸਮਰੱਥ ਹੈ। ਇਸ ਸਥਿਤੀ ਵਿੱਚ ਇਜ਼ਰਾਇਲ ਗਾਜ਼ਾ ਅਤੇ ਲੈਬਨਾਨ ਉਪਰ ਹੁਣ ਮੁੱਖ ਤੌਰ 'ਤੇ ਹਵਾਈ

⇒ ਬਾਕੀ ਸਫਾ 11 ਉਤੇ ਪੜ੍ਹੋ










# ਪੰਜਾਬ ਦੀ ਰਾਜਨੀਤਿਕ ਰਹਿਨੁਮਾਈ ਲਈ ਲੀਡਰਸ਼ਿੱਪ ਦਾ ਸੰਕਟ

**ਜਸਵੀਰ ਸਿੰਘ ਮਾਂਗਟ**

***ਤਿੰਨੇ ਕੌਮੀ ਪਾਰਟੀਆਂ ਪੰਜਾਬ ਦੇ ਅਸਲ ਮੁੱਦਿਆਂ ਤੋਂ ਬੇਮੁੱਖ***
***ਸ਼੍ਰੋਮਣੀ ਅਕਾਲੀ ਦਲ ਦਾ ਖਿਲਾਰਾ ਜਾਰੀ***

ਪੰਜਾਬ ਵਿੱਚ ਰਾਜਨੀਤਿਕ ਲੀਡਰਸ਼ਿੱਪ ਦਾ ਸੰਕਟ ਬੇਹੱਦ ਗਹਿਰਾ ਹੋ ਗਿਆ ਹੈ। ਇਸ ਖਿੱਤੇ ਵਿੱਚ ਵਿਚਰ ਰਹੀਆਂ ਤਿੰਨੋ ਕੇਂਦਰੀ ਕਰੂਰੇ ਵਾਲੀਆਂ ਪਾਰਟੀਆਂ ਵੀ ਆਪਣੀ ਇਸ ਕਿਸਮ ਦੀ ਲੀਡਰਸ਼ਿੱਪ ਉਭਾਰਨ ਤੋਂ ਅਸਮਰੱਥ ਹਨ, ਜਿਹੜੀ ਰਾਜ ਦੇ ਭਖਦੇ ਅਤੇ ਅਸਲ ਰਾਜਨੀਤਿਕ-ਆਰਥਕ ਮਸਲਿਆਂ ਨੂੰ ਸੰਬੋਧਿਤ ਹੋ ਸਕੇ। ਦੂਜੇ ਸ਼ਬਦਾਂ ਵਿੱਚ ਕੌਮੀ ਤਰਜ਼ ਦੀਆਂ ਤਿੰਨੋ ਪਾਰਟੀਆਂ-ਭਾਜਪਾ, ਕਾਂਗਰਸ ਅਤੇ ਆਮ ਆਦਮੀ ਪਾਰਟੀ, ਆਪਣੀ ਪੰਜਾਬ ਦੀ ਲੀਡਰਸ਼ਿੱਪ ਦਾ ਸਥਾਨੀਕਰਨ ਕਰਨ ਵਿੱਚ ਅਸਫਲ ਰਹਿ ਰਹੀਆਂ ਹਨ। ਹਾਈਕਮਾਂਡ ਕਲਚਰ ਤਿੰਨਾਂ ਵਿੱਚ ਜਿਉਂ ਦਾ ਤਿਉਂ ਹੈ। ਜੇ ਤਿੰਨਾਂ ਦਾ ਇੱਕ ਦੂਜੇ ਨਾਲ ਮੁਕਾਬਲਾ ਕਰੀਏ ਤਾਂ ਕਾਂਗਰਸ ਪਾਰਟੀ ਦੀ ਮੌਜੂਦਾ ਲੀਡਰਸ਼ਿਪ ਦੇਸ਼ ਦੀਆਂ ਬੇਓੜਕ ਵਿਲੱਖਣਤਾਵਾਂ ਪ੍ਰਤੀ ਬਾਕੀਆਂ ਨਾਲੋਂ ਮੁਕਾਬਲਤਨ ਵਧੇਰੇ ਸੰਵੇਦਨਸ਼ੀਲ ਨਜ਼ਰ ਆਉਂਦੀ ਹੈ; ਪਰ ਇਹ ਵੇਖਣ ਵਾਲੀ ਗੱਲ ਹੋਏਗੀ ਕਿ ਕਾਂਗਰਸ ਪਾਰਟੀ ਆਪਣੀਆਂ ਇਨ੍ਹਾਂ ਬਦਲੀਆਂ ਨੀਤੀਆਂ ਨੂੰ ਸੱਤਾ ਵਿੱਚ ਆਉਣ 'ਤੇ ਲਾਗੂ ਵੀ ਕਰ ਪਾਉਂਦੀ ਹੈ ਜਾਂ ਨਹੀਂ! ਆਰਥਕ ਸਮਾਜਕ ਬਰਾਬਰੀ ਨੂੰ ਉਲੰਘਦੀ ਅਸਲ ਜਮਹੂਰੀ ਅਤੇ ਫੈਡਰਲ ਪਹੁੰਚ ਹੀ ਹਿੰਦੁਸਤਾਨ ਨੂੰ ਵਿਕਸਤ ਆਰਥਕ ਰਾਜਨੀਤਿਕ ਦਿਸ਼ਾ ਵੱਲ ਤੋਰ ਸਕਦੀ ਹੈ। ਇਸ ਦੇ ਉਲਟ ਤੁਰਿਆਂ ਵਿਵਾਦ ਅਤੇ ਬਖੇੜੇ ਵਧਣ ਦੀ ਹੀ ਸੰਭਾਵਨਾ ਬਣੇਗੀ।

ਵਿਲੱਖਣਤਾਵਾਂ ਦੀ ਮਾਨਤਾ ਅਤੇ ਇਨ੍ਹਾਂ ਦੀ ਸੁਰੱਖਿਆ ਦੀ ਗਾਰੰਟੀ ਹੀ ਹੈ, ਜੋ ਪਰਸਪਰ ਇਕਸੁਰਤਾ (ਹਾਰਮਨੀ) ਅਤੇ ਸਰਬਸੰਮਤ ਏਕਤਾ (ਕੌਨਸੈਂਸਸ) ਦੀ ਜਾਮਨ ਬਣ ਸਕਦੀ ਹੈ। ਇਸ ਦੇ ਉਲਟ ਕੇਂਦਰੀ ਪਾਰਟੀਆਂ ਦੇਸ਼ ਦੇ ਸਭਿਆਚਾਰਕ, ਧਾਰਮਿਕ ਅਤੇ ਨਸਲੀ ਵਖਰੇਵਿਆਂ ਦਾ ਜਬਰੀ ਕੌਮੀਕਰਨ (ਏਕੀਕਰਨ) ਕਰਨ ਦੇ ਰਾਹ ਪਈਆਂ ਹੋਈਆਂ ਹਨ। ਦੂਜੇ ਪਾਸੇ ਪੰਜਾਬ/ਸਿੱਖ ਇਤਿਹਾਸਕ ਅਮਲ ਵਿੱਚੋਂ ਉਪਜੀ ਰਾਜਨੀਤਿਕ ਲੀਡਰਸ਼ਿੱਪ ਵਿੱਚ ਹਾਲ ਦੀ ਘੜੀ ਵੱਡਾ ਖਿਲਾਰਾ ਪਿਆ ਹੋਇਆ ਹੈ। ਮਨਪ੍ਰੀਤ ਬਾਦਲ ਵੱਲੋਂ ਪੰਜਾਬ ਨੂੰ ਸੰਬੋਧਿਤ ਇੱਕ ਸੈਕੂਲਰ ਖੇਤਰੀ ਪਾਰਟੀ ਬਣਾਉਣ ਦਾ ਅਮਲ ਵੀ ਦਮ ਤੋੜ ਗਿਆ ਸੀ। ਇਸ ਉਪਰਾਲੇ ਵਿੱਚੋਂ ਨਿਕਲਿਆ ਸਿਆਸੀ ਲੀਡਰ, ਭਗਵੰਤ ਮਾਨ ਅੱਜ ਪੰਜਾਬ ਦਾ ਮੁੱਖ ਮੰਤਰੀ ਹੈ, ਜਿਸ ਦੀ ਆਪਣੀ ਹਾਈਕਮਾਂਡ ਨਾਲ ਤਾਕਤ ਹਥਿਆਉਣ ਦੀ ਖਿੱਚੋਤਾਣ ਦਾ ਤਮਾਸ਼ਾ ਅੱਜ ਕੱਲ੍ਹ ਅਸੀਂ ਪ੍ਰਤੱਖ ਵੇਖ ਰਹੇ ਹਾਂ। ਦਿਲਚਸਪ ਤੱਥ ਇਹ ਹੈ ਕਿ ਬੀਤੇ ਦਿਨੀਂ ਜਦੋਂ ਭਗਵੰਤ ਮਾਨ ਬਿਮਾਰ ਹੋਣ ਕਾਰਨ ਚੰਡੀਗੜ੍ਹ ਦੇ ਇੱਕ ਨਿੱਜੀ ਹਸਪਤਾਲ ਵਿੱਚ ਦਾਖਲ ਸਨ, ਬਹੁਤ ਸਾਰੇ ਹੋਰ ਸੀਨੀਅਰ 'ਆਪ' ਆਗੂ ਉਨ੍ਹਾਂ ਦੀ ਖਬ਼ਰ ਲੈਣ ਦੀ ਬਜਾਏ ਮੁੱਖ ਮੰਤਰੀ ਦੀ ਕੁਰਸੀ ਵਾਸਤੇ ਮੁੱਛਾਂ ਨੂੰ ਤਾਅ ਦਈ ਫਿਰਦੇ ਸਨ। ਅਰਵਿੰਦ ਕੇਜਰੀਵਾਲ ਵੀ ਜੇਲ੍ਹ ਤੋਂ ਬਾਹਰ ਆਉਣ ਤੋਂ ਬਾਅਦ ਭਗਵੰਤ ਮਾਨ ਨਾਲ ਘੁੱਟੇ-ਵੱਟੇ ਵਿਖਾਈ ਦਿੱਤੇ। ਮੁੱਖ ਮੰਤਰੀ ਦੇ ਓ.ਐਸ.ਡੀ. ਦੀ ਛੁੱਟੀ ਕੀਤੀ ਗਈ। ਇੱਕ ਕੇਜਰੀਵਾਲ ਦੇ ਨੇੜਲੇ ਵਿਅਕਤੀ ਨੂੰ ਮੁੱਖ ਮੰਤਰੀ ਦਾ ਸਲਾਹਕਾਰ ਨਿਯੁਕਤ ਕਰ ਦਿੱਤਾ ਗਿਆ। ਹਾਈਕਮਾਂਡ ਦੇ ਇਨ੍ਹਾਂ ਕਦਮਾਂ ਕਾਰਨ ਪੰਜਾਬ ਵਿੱਚ ਬੀਤੇ ਦਿਨਾਂ 'ਚ ਕਈ ਅਫਵਾਹਾਂ ਦਾ ਬਾਜ਼ਾਰ ਗਰਮ ਰਿਹਾ।

ਖੇਤਰੀ ਦ੍ਰਿਸ਼ਟੀ ਤੋਂ, ਬਾਦਲ ਵਿਰੋਧੀ ਪੰਥਕ ਧੜਿਆਂ ਵੱਲੋਂ ਰਾਜਨੀਤਿਕ ਬਦਲ ਉਸਾਰਨ ਦਾ ਕੋਈ ਯਤਨ ਵੀ ਸਫਲ ਨਹੀਂ ਹੋ ਸਕਿਆ। ਅਕਾਲੀ ਦਲ (ਬਾਦਲ) ਦੇ ਆਗੂ ਸੁਖਬੀਰ ਸਿੰਘ ਬਾਦਲ ਨੂੰ ਅਕਾਲ ਤਖਤ ਸਾਹਿਬ ਵੱਲੋਂ ਤਨਖਾਹੀਆ ਕਰਾਰ ਦਿੱਤਾ ਹੋਇਆ ਹੈ, ਇਸ ਲਈ ਉਹ ਸਿੱਖ ਹਲਕਿਆਂ ਵਿੱਚ ਖੁੱਲ੍ਹ ਕੇ ਨਹੀਂ ਵਿਚਰ ਸਕਦੇ। ਉਨ੍ਹਾਂ ਨੇ ਭਾਵੇਂ ਆਪਣੇ ਅਹੁਦੇ ਤੋਂ ਅਸਤੀਫਾ ਤਾਂ ਨਹੀਂ ਦਿੱਤਾ, ਪਰ ਆਪਣੇ ਥਾਂ 'ਤੇ ਸੀਨੀਅਰ ਅਕਾਲੀ ਆਗੂ ਬਲਵਿੰਦਰ ਸਿੰਘ ਭੂੰਦੜ ਨੂੰ ਕਾਰਜਕਾਰੀ ਪ੍ਰਧਾਨ ਬਣਾ ਦਿੱਤਾ ਹੈ। ਉਹ ਅਕਾਲੀ ਸਫਾਂ ਵਿੱਚ ਕੁਝ ਨਾ ਕੁਝ ਸਰਗਰਮ ਤਾਂ ਦਿਸਦੇ ਹਨ, ਪਰ ਗਹਿਗੱਚ ਸਮਾਜਕ ਰਾਜਨੀਤਿਕ ਚਲਣ ਤੋਂ ਕਿਨਾਰੇ 'ਤੇ ਖੜ੍ਹੇ ਵਿਖਾਈ ਦਿੰਦੇ ਹਨ। ਸ. ਭੂੰਦੜ ਨੇ ਇਸ ਰੌਲੇ-ਗੌਲੇ ਵਾਲੀ ਸਥਿਤੀ ਵਿੱਚ, ਕੁਝ ਨਿੱਜੀ/ਇਖਲਾਕੀ ਕਾਰਨਾਂ ਕਰਕੇ ਪਾਰਟੀ ਵਿੱਚੋਂ ਛੇਕੇ ਗਏ ਸੁੱਚਾ ਸਿੰਘ ਲੰਗਾਹ ਨੂੰ ਪਾਰਟੀ ਵਿੱਚ ਮੁੜ ਸ਼ਾਮਲ ਕਰ ਲਿਆ ਹੈ। ਇਸ ਦਾ ਪਾਰਟੀ ਦੀ ਛਵੀ ਉਪਰ ਕੀ ਅਸਰ ਪਏਗਾ, ਇਸਦੀ ਉਡੀਕ ਕਰਨੀ ਹੋਏਗੀ। ਅਕਾਲੀ ਦਲ ਦੀ ਲੀਡਰਸ਼ਿੱਪ ਨਾਲ ਨੇੜਤਾ ਰੱਖਣ ਵਾਲੇ ਕੁਝ ਸੂਤਰਾਂ ਦਾ ਆਖਣਾ ਹੈ ਕਿ ਇਹ ਕਦਮ ਸੁਖਬੀਰ ਸਿੰਘ ਬਾਦਲ ਦੀ ਸਲਾਹ ਨਾਲ ਹੀ ਚੁੱਕਿਆ ਗਿਆ ਹੈ। ਲੀਡਰਸ਼ਿੱਪ ਵਿੱਚ ਆਈ ਸੁਸਤੀ ਕਾਰਨ ਅਕਾਲੀ ਸਫਾਂ ਅਤੇ ਵਰਕਰ ਵੀ ਢਿੱਲੇ-ਮੱਠੇ ਹੋ ਗਏ ਹਨ। ਪੰਚਾਇਤੀ ਚੋਣਾਂ ਵਿੱਚ ਅਕਾਲੀ ਦਲ ਦੀ ਮਾਮੂਲੀ ਸ਼ਮੂਲੀਅਤ ਇਹੋ ਜਿਹੇ ਹਾਲਾਤ ਦੀ ਹੀ ਦੱਸ ਪਾਉਂਦੀ ਹੈ।

ਅਕਾਲੀ ਦਲ ਦੀ ਲੰਮਾ ਸਮਾਂ ਜੋਟੀਦਾਰ ਰਹੀ ਅਤੇ ਕੇਂਦਰ ਵਿੱਚ ਸੱਤਾ ਦੀ ਮਾਲਕ ਭਾਰਤੀ ਜਨਤਾ ਪਾਰਟੀ, ਪੰਜਾਬ ਵਿੱਚ ਸੱਤਾਸ਼ੀਲ 'ਆਪ' ਅਤੇ ਕਾਂਗਰਸ ਪਾਰਟੀ ਦੇ ਵਰਕਰ ਤੇ ਸਥਾਨਕ ਆਗੂ ਪੰਚਾਇਤੀ ਚੋਣਾਂ ਵਿੱਚ ਵੱਡੀ ਪੱਧਰ 'ਤੇ ਹਰਕਤ ਵਿੱਚ ਹਨ। ਉਹ ਅਕਾਲੀ ਦਲ ਨੂੰ ਪੰਜਾਬ ਦੇ ਸਿਆਸੀ ਪਿੜ ਵਿੱਚੋਂ ਸਮੇਟਣ ਦੇ ਯਤਨ ਵਿੱਚ ਜਾਪਦੇ ਹਨ; ਪਰ ਇਸ ਦਰਮਿਆਨ ਭਾਰਤੀ ਜਨਤਾ ਪਾਰਟੀ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਸਾਰੇ ਰਾਜਨੀਤਿਕ ਅਮਲ ਵਿੱਚੋਂ ਗੈਰ-ਹਾਜ਼ਰ ਵਿਖਾਈ ਦੇ ਰਹੇ ਹਨ। ਉਨ੍ਹਾਂ ਨੇ ਪੰਜਾਬ ਵਿੱਚ ਪੰਚਾਇਤ ਅਤੇ ਚਾਰ ਜ਼ਿਮਨੀ ਚੋਣਾਂ ਲਈ ਹੋਈਆਂ ਮੀਟਿੰਗਾਂ ਵਿੱਚ ਵੀ ਹਿੱਸਾ ਨਹੀਂ ਲਿਆ। ਗਿੱਦੜਬਾਹਾ, ਡੇਰਾ ਬਾਬਾ ਨਾਨਕ, ਚੱਬੇਵਾਲ ਅਤੇ ਬਰਨਾਲਾ ਦੀਆਂ ਵਿਧਾਨ ਸਭਾ ਸੀਟਾਂ ਲਈ ਹੋਣ ਵਾਲੀ ਜ਼ਿਮਨੀ ਚੋਣ ਲਈ ਭਾਜਪਾ ਲੀਡਰਸ਼ਿੱਪ ਨੇ ਅਵਿਨਾਸ਼ ਰਾਏ ਖੰਨਾ ਨੂੰ ਗਿੱਦੜਬਾਹਾ, ਸਾਬਕਾ ਮੰਤਰੀ ਅਤੇ ਪੂਰਬ ਐਮ.ਐਲ.ਏ. ਮਨੋਰੰਜਨ ਕਾਲੀਆ ਨੂੰ ਬਰਨਾਲਾ, ਪੰਜਾਬ ਦੇ ਸਾਬਕਾ ਭਾਜਪਾ ਮੁਖੀ ਸ਼ਵੇਤ ਮਲਿਕ ਨੂੰ ਚੱਬੇਵਾਲ ਰਿਜ਼ਰਵ ਅਤੇ ਡੇਰਾ ਬਾਬਾ ਨਾਨਕ ਅਸੈਂਬਲੀ ਹਲਕੇ ਲਈ ਪੰਜਾਬ ਭਾਜਪਾ ਦੇ ਸਾਬਕਾ ਮੁਖੀ ਅਸ਼ਵਨੀ ਸ਼ਰਮਾ ਨੂੰ ਡੇਰਾ ਬਾਬਾ ਨਾਨਕ ਹਲਕੇ ਦਾ ਚੋਣ ਇੰਚਾਰਜ ਥਾਪਿਆ ਹੈ। ਇਨ੍ਹਾਂ ਦੇ ਸਹਾਇਕ ਇੰਚਾਰਜ ਵੀ ਲਗਾਏ ਗਏ ਹਨ। ਇਸੇ ਤਰ੍ਹਾਂ ਬਲਾਕ ਪੱਧਰ 'ਤੇ ਵੀ ਚੋਣ ਇੰਚਾਰਜ ਅਤੇ ਸਹਾਇਕ ਇੰਚਾਰਜ ਲਗਾਏ ਗਏ ਹਨ। ਇਨ੍ਹਾਂ ਦੀਆਂ ਨਿਯੁਕਤੀਆਂ ਸੰਬੰਧੀ ਹੋਈਆਂ ਮੀਟਿੰਗਾਂ ਤੋਂ ਸੁਨੀਲ ਜਾਖੜ ਪਾਸੇ ਰਹੇ ਹਨ।

ਇਸ ਦਰਮਿਆਨ ਸੁਨੀਲ ਜਾਖੜ ਭਾਜਪਾ ਕੌਮੀ ਪ੍ਰਧਾਨ ਜੇ.ਪੀ. ਨੱਢਾ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲ ਆਪਣਾ ਪੱਖ ਸਪਸ਼ਟ ਕਰ ਆਏ ਹਨ। ਜਾਖੜ ਦੇ ਨੇੜਲੇ ਸੂਤਰਾਂ ਅਨੁਸਾਰ ਉਨ੍ਹਾਂ ਨੂੰ ਮੁੱਖ ਇਤਰਾਜ਼ ਇਹ ਹੈ ਕਿ ਰਾਜ ਵਿੱਚ ਕਿਸੇ ਵੀ ਸਿਆਸੀ ਰੱਦੋ-ਬਦਲ ਜਾਂ ਨੀਤੀ ਸਰਗਰਮੀ ਲਈ ਰਾਜ ਦੇ ਆਗੂਆਂ ਨੂੰ ਵਿਸ਼ਵਾਸ ਵਿੱਚ ਲਿਆ ਜਾਣਾ ਚਾਹੀਦਾ ਹੈ। ਯਾਦ ਰਹੇ, ਸੀਨੀਅਰ ਭਾਜਪਾ ਨੇਤਾ ਰੇਖਾ ਸ਼ਰਮਾ ਅਤੇ ਵਿਜੇ ਰੁਪਾਨੀ ਦੀ ਅਗਵਾਈ ਵਿੱਚ ਜ਼ਿਮਨੀ ਚੋਣਾਂ ਵਾਸਤੇ ਬੀਤੇ ਦਿਨਾਂ ਵਿੱਚ ਵੱਖ-ਵੱਖ ਆਗੂਆਂ ਨੂੰ ਜ਼ਿੰਮੇਵਾਰੀਆਂ ਸੌਂਪਣ 'ਤੇ ਵਿਚਾਰ ਚਰਚਾ ਕੀਤੀ ਗਈ ਸੀ। ਸੱਦਾ ਦੇਣ ਦੇ ਬਾਵਜੂਦ ਸੁਨੀਲ ਜਾਖੜ ਇਨ੍ਹਾਂ ਮੀਟਿੰਗਾਂ ਵਿੱਚ ਨਹੀਂ ਗਏ। ਉਨ੍ਹਾਂ ਨੇ ਪ੍ਰਧਾਨ ਮੰਤਰੀ ਨੂੰ ਮਿਲ ਕੇ ਇਹ ਵੀ ਕਿਹਾ ਕਿ ਭਾਰਤੀ ਜਨਤਾ ਪਾਰਟੀ ਨੂੰ ਪੰਜਾਬ ਦੇ ਲੋਕਾਂ ਅਤੇ ਕਿਸਾਨਾਂ ਪ੍ਰਤੀ ਆਪਣੀ ਨੀਤੀ ਵਿੱਚ ਤਬਦੀਲੀ ਲਿਆਉਣ ਦੀ ਲੋੜ ਹੈ, ਨਹੀਂ ਤਾਂ ਹੇਠਲੇ ਪੱਧਰ 'ਤੇ, ਖਾਸ ਕਰਕੇ ਪੇਂਡੂ ਹਲਕਿਆਂ ਵਿੱਚ ਪਾਰਟੀ ਦੇ ਪੈਰ ਨਹੀਂ ਲੱਗਣਗੇ।

ਯਾਦ ਰਹੇ, ਸੁਨੀਲ ਜਾਖੜ ਤਿੰਨ ਵਾਰ ਦੇ ਵਿਧਾਇਕ ਅਤੇ ਇੱਕ ਵਾਰ ਪਠਾਨਕੋਟ ਤੋਂ ਮੈਂਬਰ ਪਾਰਲੀਮੈਂਟ ਰਹਿ ਚੁਕੇ ਹਨ। ਉਹ ਪੰਜਾਬੀ ਸਮਾਜ ਪ੍ਰਤੀ ਸੰਵੇਦਨ, ਸੌਬਰ ਅਤੇ ਸਿਰੇ ਦੇ ਸੈਕੂਲਰ ਨੇਤਾ ਵਜੋਂ ਜਾਣੇ ਜਾਂਦੇ ਰਹੇ ਹਨ। ਕਾਂਗਰਸ ਪਾਰਟੀ ਦੀ ਸਥਾਨਕ ਲੀਡਰਸ਼ਿਪ ਲਈ ਚੱਲੇ ਇੱਕ ਵਿਵਾਦ ਤੋਂ ਬਾਅਦ ਉਹ ਕਾਂਗਰਸ ਪਾਰਟੀ ਤੋਂ ਵੱਖ ਹੋ ਗਏ ਸਨ ਅਤੇ ਬਾਅਦ ਵਿੱਚ ਭਾਰਤੀ ਜਨਤਾ ਪਾਰਟੀ ਨੇ ਉਨ੍ਹਾਂ ਨੂੰ ਆਪਣੇ ਪੰਜਾਬ ਯੂਨਿਟ ਦਾ ਪ੍ਰਧਾਨ ਬਣਾ ਦਿੱਤਾ ਸੀ। ਉਨ੍ਹਾਂ ਦੀ ਅਗਵਾਈ ਵਿੱਚ ਪੰਜਾਬ ਭਾਜਪਾ ਨੇ ਬੀਤੀਆਂ ਵਿਧਾਨ ਸਭਾ ਚੋਣਾਂ ਲੜੀਆਂ ਅਤੇ ਅਕਾਲੀ ਦਲ ਨਾਲੋਂ ਵੱਧ (18 ਫੀਸਦ) ਵੋਟ ਸ਼ੇਅਰ ਪ੍ਰਾਪਤ ਕੀਤਾ। ਭਾਜਪਾ ਦੇ ਪੰਜਾਬ ਪ੍ਰਧਾਨ ਵਜੋਂ ਨਿਯੁਕਤੀ ਵੀ ਭਾਜਪਾ ਦੇ ਪੁਰਾਣੇ ਆਗੂਆਂ ਅਤੇ ਵਰਕਰਾਂ ਨਾਲ ਕੋਈ ਸੰਜੀਦਾ ਤਾਲਮੇਲ ਨਹੀਂ ਬਿਠਾ ਸਕੀ। ਇਹ ਵੀ ਕਿਹਾ ਜਾ ਰਿਹਾ ਹੈ ਕਿ ਉਨ੍ਹਾਂ ਨਾਲ ਭਾਜਪਾ ਵੱਲੋਂ ਰਾਜ ਸਭਾ ਸੀਟ ਦੇਣ ਦਾ ਵਾਅਦਾ ਕੀਤਾ ਗਿਆ ਸੀ, ਪਰ ਉਨ੍ਹਾਂ ਦੀ ਥਾਂ ਰਵਨੀਤ ਸਿੰਘ ਬਿੱਟੂ ਰਾਜ ਸਭਾ ਮੈਂਬਰ ਬਣ ਗਏ ਤੇ ਕੇਂਦਰੀ ਰਾਜ ਮੰਤਰੀ ਦਾ ਅਹੁਦਾ ਵੀ ਹਥਿਆ ਗਏ। ਉਂਝ ਉਹ ਜਿਸ ਮਿਜਾਜ਼ ਦੇ ਰਾਜਨੀਤੀਵਾਨ ਹਨ, ਉਸ ਦਾ ਭਾਜਪਾ ਦੀ ਵਿਚਾਰਧਾਰਾ ਨਾਲ ਤਾਲਮੇਲ ਬਿਠਾਉਣਾ ਸੌਖਾ ਨਹੀਂ ਹੈ।

ਪੰਚਾਇਤੀ ਚੋਣਾਂ ਦੇ ਬਣ ਰਹੇ ਮਾਹੌਲ ਤੋਂ ਇੰਝ ਲਗਦਾ ਹੈ ਕਿ ਇਨ੍ਹਾਂ ਚੋਣਾਂ ਵਿੱਚ ਪੰਜਾਬ ਦੇ ਲੋਕ ਵਿਧਾਨ ਸਭਾ ਅਤੇ ਲੋਕ ਸਭਾ ਦੀਆਂ ਚੋਣਾਂ ਨਾਲੋਂ ਵੀ ਵਧੇਰੇ ਸਰਗਰਮੀ ਵਿਖਾ ਰਹੇ ਹਨ। ਪਿੰਡਾਂ ਦੀਆਂ ਪੰਚਾਇਤ ਚੋਣਾਂ ਵਿੱਚ ਰਾਜਨੀਤਿਕ ਪਾਰਟੀਆਂ ਦੀ ਵਧਵੀਂ ਦਖਲਅੰਦਾਜ਼ੀ ਪਿੰਡਾਂ ਦੇ ਲੋਕਾਂ ਨੂੰ ਪੱਕੇ-ਠੱਕੇ ਧੜਿਆਂ ਵਿੱਚ ਵੰਡਣ, ਆਪੋ ਆਪਣੇ ਰੰਗ ਵਿੱਚ ਰੰਗਣ ਦਾ ਵੀ ਯਤਨ ਕਰਦੀ ਹੈ। ਇਸ ਨਾਲ ਬਹੁਤੀ ਵਾਰ ਪੇਂਡੂ ਲੋਕਾਂ ਦੇ ਧੜਿਆਂ ਵਿੱਚ ਹਿੰਸਕ ਟਕਰਾਅ ਵੀ ਹੁੰਦੇ ਹਨ ਤੇ ਇਸ ਵਾਰ ਵੀ ਹੋ ਰਹੇ ਹਨ।

ਰਾਜਨੀਤਿਕ ਲੀਡਰਸ਼ਿੱਪ ਦੀ ਦ੍ਰਿਸ਼ਟੀ ਤੋਂ ਪੰਜਾਬ ਗਹਿਰੇ ਸੰਕਟ ਵਿੱਚ ਹੈ। ਕਿਸੇ ਵੀ ਰਾਜਨੀਤਿਕ ਪਾਰਟੀ ਕੋਲ ਇਹੋ ਜਿਹੀ ਲੀਡਰਸ਼ਿੱਪ ਮੌਜੂਦ ਨਹੀਂ, ਜਿਹੜੀ ਇਸ ਖਿੱਤੇ ਦੇ ਲੋਕਾਂ ਦੀਆਂ ਸੁੱਤੀਆਂ ਕਲਾਵਾਂ ਜਗਾ ਸਕੇ। ਇਹ ਉਹ ਸਮਾਂ ਹੈ, ਜਦੋਂ ਪੰਜਾਬ ਦੇ ਲੋਕ ਇਸ ਕਿਸਮ ਦੀ ਲੀਡਰਸ਼ਿੱਪ ਦੀ ਤਾਲਾਸ਼ ਵਿੱਚ ਹਨ, ਜਿਹੜੀ ਨਾ ਸਿਰਫ ਰਾਜਨੀਤਿਕ ਦਿਬਦ੍ਰਿਸ਼ਟੀ ਦੀ ਮਾਲਕ ਹੋਵੇ ਸਗੋਂ ਇਹ ਵੀ ਕਿ ਉਸ ਕੋਲ ਇਸ ਸਭਿਆਚਾਰਕ ਕੌਮੀਅਤ ਦੀਆਂ ਦਿਮਾਗੀ/ਸਰੀਰਕ, ਰੂਹਾਨੀ ਅਤੇ ਜਜ਼ਬਾਤੀ ਤਰਬਾਂ ਨੂੰ ਛੇੜਨ ਦੀ ਜਾਚ ਹੋਵੇ। ਇਸ ਕਿਸਮ ਦੀ ਬਹੁਪੱਖੀ ਅਗਵਾਈ ਤੋਂ ਬਿਨਾ ਕੋਈ ਵੀ ਸਿਆਸੀ ਲੀਡਰਸ਼ਿੱਪ ਪੰਜਾਬ ਦੀ ਬੇੜੀ ਨੂੰ ਪਾਰ ਨਹੀਂ ਲਾ ਸਕੇਗੀ। ਸਿੱਖ ਧਰਮ ਦੀ, ਵਿਸ਼ੇਸ਼ ਕਰਕੇ ਬੀਤੀਆਂ ਤਿੰਨ-ਚਾਰ ਸਦੀਆਂ ਵਿੱਚ ਪੰਜਾਬੀ ਸਮਾਜ, ਸਭਿਆਚਾਰ ਅਤੇ ਜੀਵਨ ਜਾਚ ਨੂੰ ਵਿਉਂਤਣ ਵਿੱਚ ਕੇਂਦਰੀ ਭੂਮਿਕਾ ਰਹੀ ਹੈ; ਪਰ ਇਸ ਦੇ ਨਾਲ-ਨਾਲ ਪੰਜਾਬ ਦੇ ਸੰਗੀਤਕ ਖੇਤਰ ਵਿੱਚ ਸੂਫੀਵਾਦ ਦੇ ਵਿਆਪਕ ਪ੍ਰਭਾਵ ਨੂੰ ਵੀ ਖਾਰਜ ਨਹੀਂ ਕੀਤਾ ਜਾ ਸਕਦਾ। ਗੁਰੂ ਗ੍ਰੰਥ ਸਾਹਿਬ ਦੀ ਸਰੰਚਨਾ, ਸੰਪਾਦਨਾ ਅਤੇ ਗੁਰੂ ਸਦਾਹਿਬਾਨ ਦਾ ਆਪਣਾ ਧਾਰਮਿਕ ਸਮਾਜੀ ਅਮਲ ਵੀ ਸਾਨੂੰ ਸਮਾਨੰਤਰ ਵਿਚਾਰਾਂ, ਸਭਿਆਚਾਰਕ ਧਾਰਾਵਾਂ ਨੂੰ ਥਾਂ ਦੇਣ ਦਾ ਹੀ ਸੁਨੇਹਾ ਦਿੰਦਾ ਹੈ। ਮੌਜੂਦਾ ਹਿੰਦੂਤਵੀ ਵਿਚਾਰਧਾਰਾ, ਇਸਲਾਮਿਕ ਇਕਸਾਰਤਾ ਅਤੇ ਅਜੋਕੇ ਧਰਮ ਦੇ ਚੋਗੇ ਵਿੱਚ ਲਪੇਟੇ ਵਿੱਤੀ ਫਾਸਿਜ਼ਮ ਦਾ ਮੁਕਾਬਲਾ ਕਰਨ ਲਈ, ਇਹੋ ਸਾਡੇ ਕੋਲ ਸਭ ਤੋਂ ਨਿਵੇਕਲਾ ਜੀਵਨ ਦ੍ਰਿਸ਼ਟੀਕੋਣ ਹੈ।

DJ RJB Entertainment Inc.
One of Chicagoland's leading Mobile DJ Companies.
We do all types of parties
*Weddings
*Private Parties
*Birthdays, Sweet 16's
*Engagements
*Retirement Parties
*Nightclubs
*Corporate Parties & much more!
Social: Instagram
Facebook
Youtube: djrjbmusic
Website: djrjbmusic.com
Ph: 630-770-0007
Our company is located in Naperville, IL, but we travel nationwide.
We offer industry standard equipment, state of the art sound and lighting, and digital turntables. We will do all we can to make sure your party is one of the most memorable nights of your life

Hiring Local & Midwest Drivers and Dedicated Lanes & Owner Operators

NT corp
4800 Vernon Ave, Ste. C, McCook, IL 60525
Ph: 847-562-5860 ext. 1003
Fax: 847-897-2660

Premium Truck & Trailer Tires
We also provide installation services
ਅਸੀਂ ਇੰਸਟਾਲੇਸ਼ਨ ਸੇਵਾਵਾਂ ਵੀ ਪ੍ਰਦਾਨ ਕਰਦੇ ਹਾਂ
HAMPSHIRE TIRES
ਟਰੱਕਾਂ ਅਤੇ ਟਰਾਲਿਆਂ ਲਈ ਵਧੀਆ ਕਿਸਮ ਦੇ ਟਾਇਰ ਲੈਣ ਲਈ ਸੰਪਰਕ ਕਰੋ

*ਹੈਂਪਸ਼ਾਇਰ ਟਾਇਰਜ਼* *ਭਰੋਸੇਮੰਦ ਅਤੇ ਹੰਢਣਸਾਰ*
Hampshire Tires
235 Industrial Dr., Hampshire, IL 60140
Ph: 847-556-9996
Email: info@hampshiretires.com www.hampshiretires.com

**ਪੰਜਾਬ ਦਾ ਪ੍ਰਸ਼ਾਸਨਿਕ ਸੰਕਟ**

# ਪੰਜਾਬ ਦੇ ਅਵੱਲੇ ਸੁਭਾਅ ਨਾਲ ਖੇਡ ਰਹੀ ਹੈ ਆਮ ਆਦਮੀ ਪਾਰਟੀ

**ਪੰਜਾਬੀ ਪਰਵਾਜ਼ ਬਿਊਰੋ**

ਭਾਰਤੀ ਪੰਜਾਬ ਇੱਕ ਪ੍ਰਸ਼ਾਸਨਿਕ ਯੂਨਿਟ ਵਜੋਂ ਅਤੇ ਇੱਕ ਸਮਾਜਕ-ਸਭਿਆਚਾਰਕ ਹੋਂਦ ਦੇ ਤੌਰ 'ਤੇ ਬਹੁਤ ਸਾਰੇ ਸੰਕਟਾਂ ਵਿੱਚੋਂ ਲੰਘ ਰਿਹਾ ਹੈ। ਪੰਜਾਬ ਨਾਲ 1947 ਤੋਂ ਬਾਅਦ ਹੀ ਇੱਕ ਰਾਜ ਵਜੋਂ ਵਿਤਕਰੇ ਦੀ ਕਹਾਣੀ ਸ਼ੂਰੂ ਹੋ ਗਈ ਸੀ। ਇਹ ਵਿਤਕਰੇ ਸਹੀ ਮਾਅਨਿਆਂ ਵਿੱਚ ਪੰਜਾਬ ਅੰਦਰ ਇੱਕ ਧਾਰਮਿਕ ਘੱਟਗਿਣਤੀ ਦੀ ਬਹੁਲਤਾ ਵਿੱਚ ਹੋਣ ਕਾਰਨ ਹੀ ਪੈਦਾ ਹੋਏ ਹਨ। ਪੰਜਾਬ ਵਿੱਚ ਸਿੱਖ ਭਾਈਚਾਰੇ ਨੂੰ ਬਾਹਰ ਕਰ ਦੇਈਏ ਤਾਂ ਬਾਕੀ ਸਾਰੇ ਤਬਕੇ ਵੱਡੀ ਭਾਰਤੀ ਸਮਾਜਿਕ-ਸਭਿਆਚਾਰਕ ਹੋਂਦ ਦਾ ਹਿੱਸਾ ਹੀ ਹਨ। ਫਿਰ ਨਾ ਬੋਲੀ ਦਾ ਰੱਟਾ ਰਹੇਗਾ, ਨਾ ਰਾਜਧਾਨੀ ਦਾ ਅਤੇ ਨਾ ਹੀ ਬਿਜਲੀ ਪਾਣੀ ਦਾ। ਸਿੱਖ ਧਰਮ ਕਿਉਂਕਿ ਆਪਣੀ ਵੱਖਰੀ ਜੀਵਨ ਜਾਚ ਅਪਣਾਉਂਦਾ ਹੈ ਅਤੇ ਇਹ ਜੀਵਨ ਜਾਚ ਪੰਜਾਬ ਦੇ ਹੋਰ ਤਬਕਿਆਂ ਨੂੰ ਵੀ ਪ੍ਰਭਾਵਤ ਕਰਦੀ ਹੈ, ਇਸੇ ਪ੍ਰਭਾਵ ਨੂੰ ਡੱਕਣ ਲਈ ਅਤੇ ਸਿੱਖ ਜੀਵਨ ਜਾਚ ਨੂੰ ਵਡੇਰੀ ਹਿੰਦੂ ਜੀਵਨ ਜਾਚ ਹਿੱਸਾ ਬਣਾਉਣ ਦੇ ਮਕਸਦ ਨਾਲ ਹੀ ਇਸ ਨੂੰ ਆਪਣੀ ਰਾਜਧਾਨੀ ਤੋਂ ਮਹਿਰੂਮ ਰੱਖਿਆ ਗਿਆ ਹੈ। ਚੰਡੀਗੜ੍ਹ ਲਈ ਪਿੰਡ ਉਜਾੜੇ ਪੰਜਾਬ ਦੇ। ਬਣਗੀ ਯੂ.ਟੀ.? ਇਸੇ ਕਰਕੇ ਪੰਜਾਬੀ ਭਾਸ਼ਾ ਨੂੰ ਪੰਜਾਬ ਦੇ ਸਮੁੱਚੇ ਪ੍ਰਾਈਵੇਟ ਸਕੂਲਾਂ ਤੋਂ ਬਾਹਰ ਕੱਢਣ ਲਈ ਅੱਡੀ ਚੋਟੀ ਦਾ ਜ਼ੋਰ ਲੱਗ ਰਿਹਾ ਹੈ। ਇਸੇ ਕਰਕੇ ਪੰਜਾਬ ਦੇ ਲੋਕਾਂ ਨੂੰ ਆਪਣੇ ਡੈਮਾਂ ਦੇ (ਬੀ.ਬੀ.ਐਮ.ਬੀ.) ਮੈਨੇਜਮੈਂਟ ਤੋਂ ਪਾਸੇ ਕੀਤਾ ਗਿਆ ਹੈ। ਇੱਕ ਰਾਜਧਾਨੀ ਤੋਂ ਬਿਨਾ ਕੋਈ ਰਾਜ, ਜਿਸ ਦੀ ਆਪਣੀ ਨਵੇਕਲੀ ਸਭਿਆਚਾਰਕ ਹਸਤੀ ਹੋਵੇ, ਆਪਣੇ ਸਿਰ ਤੋਂ ਬਗੈਰ ਧੜ ਵਾਂਗ ਹੁੰਦਾ ਹੈ। ਇਹ ਸਾਡੀ ਅੱਜ ਅਸਲ ਹਾਲਤ ਹੈ।

ਪੰਜਾਬ ਵਿੱਚ ਜਿੰਨੇ ਸੰਕਟ ਉਪਜਦੇ ਹਨ, ਉਹ ਇਸ ਧੜ ਵਿਹੂਣੇ ਸਰੀਰ ਵਿੱਚੋਂ ਹੀ ਉਪਜਦੇ ਹਨ। ਇਹ ਰਾਜਧਾਨੀ ਨੁਮਾ ਸ਼ਹਿਰ ਹੀ ਹੁੰਦੇ ਹਨ, ਜਿਥੇ ਤੁਹਾਡੇ ਸਭਿਆਚਾਰ ਅਤੇ ਸਮਾਜ ਦੀ ਚੋਟੀ ਦੀ ਬੌਧਿਕ ਸਰਗਰਮੀ ਚਲਦੀ ਹੈ। ਕਦੇ ਸਾਡੇ ਕੋਲ ਲਾਹੌਰ ਹੁੰਦਾ ਸੀ। ਇਹੋ ਜਿਹੇ ਸ਼ਹਿਰਾਂ ਵਿੱਚ ਬੈਠ ਕੇ ਹੀ ਕਿਸੇ ਕੌਮ ਜਾਂ ਕੌਮੀਅਤ ਦਾ ਜ਼ਹੀਨ ਤਬਕਾ ਆਪਣੀ ਬੌਧਿਕ, ਸਭਿਆਚਾਰਕ ਅਤੇ ਸਮਾਜਕ ਹਸਤੀ ਨੂੰ ਵਿਗਸਦੇ ਸੰਸਾਰ ਨਾਲ ਇੱਕ ਸੁਰ ਕਰਦਾ ਹੈ। ਪੰਜਾਬ ਦੇ ਪੁਰਾਣੇ ਮੁੱਦੇ ਹਾਲੇ ਹੱਲ ਨਹੀਂ ਹੋਏ, ਪਰ ਬਹੁਤ ਸਾਰੇ ਨਵੇਂ ਖੜ੍ਹੇ ਹੋ ਗਏ ਹਨ।




ਇਨ੍ਹਾਂ ਵਿੱਚ ਪੰਜਾਬ ਦੇ ਜ਼ਮੀਨਦੋਜ਼ ਪਾਣੀ ਦਾ ਸੰਕਟ, ਸਨਅਤੀ ਅਤੇ ਸ਼ਹਿਰੀ ਮਵਾਦ ਨਾਲ ਦਰਿਆਵਾਂ ਦੇ ਪਲੀਤ ਹੋ ਜਾਣ ਦਾ ਸੰਕਟ, ਪੰਜਾਬ ਦੇ ਨੌਜਵਾਨਾਂ ਦੀ ਸਿਹਤ ਅਤੇ ਨਸ਼ਿਆਂ ਆਦਿ ਦਾ ਸੰਕਟ ਵੀ ਸਾਹਮਣੇ ਆ ਗਏ ਹਨ। ਇਸ ਸਾਰੇ ਕੁਝ ਤੋਂ ਇਲਾਵਾ ਜਿਹੜਾ ਨਵਾਂ ਸੰਕਟ ਪੰਜਾਬ ਖੜ੍ਹਾ ਹੋ ਰਿਹਾ ਹੈ, ਉਹ ਪ੍ਰਸ਼ਾਸਨਿਕ ਸੰਕਟ ਹੈ।

ਇਹ ਠੀਕ ਹੈ ਕਿ ਪੰਜਾਬ ਵਿੱਚ ਰਹੀਆਂ ਪਹਿਲੀਆਂ ਸਰਕਾਰਾਂ ਵਿੱਚ ਵੀ ਹਾਈਕਮਾਂਡ/ਕੇਂਦਰ ਦੀ ਦਖਲਅੰਦਾਜ਼ੀ ਰਹੀ ਹੈ, ਪਰ ਹੁਣ ਇਸ ਨੇ ਜਿਹੜਾ ਰੂਪ-ਸਰੂਪ ਅਖਤਿਆਰ ਕਰ ਲਿਆ ਹੈ, ਇਹ ਸਾਲਮ ਗੁਲਾਮੀ ਵੱਲ ਜਾਂਦਾ ਹੈ। ਆਮ ਆਦਮੀ ਪਾਰਟੀ ਦਿੱਲੀ ਵਿੱਚ ਦੂਜੀ ਵਾਰ ਸੱਤਾ ਵਿੱਚ ਹੈ ਅਤੇ ਦਿੱਲੀ ਲਈ ਪੂਰਨ ਰਾਜ ਦਾ ਦਰਜਾ ਵੀ ਮੰਗਦੀ ਰਹੀ ਹੈ। ਇਨ੍ਹਾਂ ਤੋਂ ਪਹਿਲਾਂ ਰਹੇ ਮੁੱਖ ਮੰਤਰੀ ਵੀ ਦਿੱਲੀ ਲਈ ਪੂਰਨ (ਅਟੌਨੌਮਸ) ਰਾਜ ਦਾ ਦਰਜਾ ਮੰਗਦੇ ਰਹੇ ਹਨ; ਪਰ ਜਦੋਂ ਇੱਕ ਆਰਡੀਨੈਂਸ ਰਾਹੀਂ ਕੇਂਦਰ ਸਰਕਾਰ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਦੀਆਂ ਮੁੱਖ ਸ਼ਕਤੀਆਂ ਐਲ.ਜੀ. ਦੇ ਹਵਾਲੇ ਕੀਤੀਆਂ ਤਾਂ ਇਸ ਦੇ ਖਿਲਾਫ 'ਆਪ' ਦੇ ਲੀਡਰਾਂ ਨੇ ਚੂੰ ਤੱਕ ਨਹੀਂ ਕੀਤੀ। ਜੇ ਤੁਹਾਡੇ ਵਿੱਚ ਰਾਜਨੀਤੀਵਾਨਾਂ ਵਾਲਾ ਕੋਈ ਕਣ ਹੈ, ਤੁਸੀਂ ਕੇਂਦਰ ਸਰਕਾਰ ਨਾਲ ਦਿੱਲੀ ਨੂੰ ਖੁਦਮੁਖਤਾਰ ਰਾਜ ਐਲਾਨਣ ਲਈ ਲੜੇ ਕਿਉਂ ਨਹੀਂ? ਇਸ ਸੰਘਰਸ਼ ਨੇ ਤੁਹਾਨੂੰ ਕਮਜ਼ੋਰ ਨਹੀਂ ਸੀ ਕਰਨਾ, ਸਗੋਂ ਤੁਹਾਨੂੰ ਇਖਲਾਕੀ ਅਤੇ ਰਾਜਨੀਤਿਕ ਤੌਰ 'ਤੇ ਮਜਬੂਤ ਕਰਨਾ ਸੀ। ਇਸ ਨਾਲ ਆਮ ਆਦਮੀ ਪਾਰਟੀ ਨੂੰ ਸਾਰੇ ਦੇਸ਼ ਵਿੱਚ ਫੈਡਰਲਿਜ਼ਮ ਦੀ ਮੰਗ ਕਰ ਰਹੀਆਂ ਪਾਰਟੀਆਂ ਦੀ ਹਮਾਇਤ ਵੀ ਮਿਲਣੀ ਸੀ।

ਦੁਨੀਆਂ ਦੇ ਘਾਗ ਬੁੱਧੀਮਾਨ ਇਹ ਮੰਨਦੇ ਹਨ ਕਿ ਇਸ ਸੰਸਾਰ ਦਾ ਵਿਕਾਸ ਵੱਡੇ-ਵੱਡੇ ਰਾਜਾਂ ਤੋਂ ਛੋਟੇ ਰਾਜਾਂ ਵੱਲ ਅਤੇ ਉਸ ਤੋਂ ਅੱਗੇ ਵੱਡੇ ਸ਼ਹਿਰਾਂ (ਮੈਟਰੋਪੋਲਿਟਿਨ), ਕਸਬਿਆਂ, ਪਿੰਡਾਂ ਅਤੇ ਫਿਰ ਵਿਅਕਤੀਗਤ ਆਜ਼ਾਦੀ ਵੱਲ ਸੇਧਤ ਹੈ। ਪੂਰੀ ਮਨੁੱਖਤਾ ਦਾ ਵਿਕਾਸ/ਵਿਗਸ ਇਸੇ ਪਾਸੇ ਵੱਲ ਵਧ ਰਿਹਾ ਹੈ। ਇੰਟਰਨੈਟ ਦੇ ਸਾਰੀ ਦੁਨੀਆਂ ਵਿੱਚ ਫੈਲ ਜਾਣ ਦੇ ਬਾਵਜੂਦ ਨਵੇਂ-ਨਵੇਂ ਮਨੁੱਖੀ ਭਾਈਚਾਰੇ, ਕੌਮਾਂ, ਕਬੀਲੇ ਅਤੇ ਮਨੁੱਖੀ ਨਸਲਾਂ ਸਾਹਮਣੇ ਆ ਰਹੀਆਂ ਹਨ। ਇਸੇ ਤਰ੍ਹਾਂ ਵਿਚਾਰਾਂ/ਵਿਚਾਰਧਾਰਾਵਾਂ ਦੀ ਵੰਨ-ਸੁਵੰਨਤਾ ਵੀ ਵਧ ਰਹੀ ਹੈ; ਪਰ ਸਾਡੀ ਗੰਗਾ ਉਲਟੀ ਵਹਿ ਰਹੀ ਹੈ। ਅਸੀਂ ਇੱਕ ਜਮਹੂਰੀਅਤ ਤੋਂ ਇੱਕ ਪੁਰਖੀ (ਕਲਟਿਸ਼) ਰਾਜ ਵੱਲ ਵਧ ਰਹੇ ਹਾਂ। ਭਾਜਪਾ ਵਿੱਚ ਤਾਂ ਨਰਿੰਦਰ ਮੋਦੀ ਦੇ ਭਾਰੂ ਹੋਣ ਨਾਲ ਇਹ ਵਰਤਾਰਾ ਚੱਲਿਆ ਹੈ, ਆਮ ਆਦਮੀ ਪਾਰਟੀ ਅੱਲ੍ਹੜ ਉਮਰ ਵਿੱਚ ਹਿਟਲਰਸ਼ਾਹੀ ਵਾਲੇ ਰਾਹ ਤੁਰਦੀ ਵਿਖਾਈ ਦੇ ਰਹੀ ਹੈ।

ਪੰਜਾਬ ਦੇ ਲੋਕਾਂ ਨੇ ਆਮ ਆਦਮੀ ਪਾਰਟੀ ਨੂੰ ਸਭ ਤੋਂ ਪਹਿਲਾਂ ਚਾਰ ਮੈਂਬਰ ਪਾਰਲੀਮੈਂਟ ਦਿੱਤੇ। ਪਿਛਲੀਆਂ ਅਸੈਂਬਲੀ ਚੋਣਾਂ ਵਿੱਚ 92 ਮੈਂਬਰ ਜਿਤਾ ਦਿੱਤੇ। ਇਹੋ ਜਿਹੇ ਰਾਜ ਦੇ ਲੋਕਾਂ 'ਤੇ ਤਾਂ ਤੁਹਾਡੀ ਨਜ਼ਰ ਵੈਸੇ ਹੀ ਸਵੱਲੀ ਰਹਿਣੀ ਚਾਹੀਦੀ ਹੈ, ਜਿਨ੍ਹਾਂ ਨੇ ਤੁਹਾਨੂੰ ਇੱਡੀ ਵੱਡੀ ਬਹੁਸੰਮਤੀ ਦਿੱਤੀ। ਪਾਰਟੀ ਦੀ ਜੜ੍ਹ ਲਾਈ। ਲੋਕਾਂ ਦੇ ਨਾਲ-ਨਾਲ 'ਆਪ' ਦੀ ਕੇਂਦਰੀ ਲੀਡਰਸ਼ਿਪ ਨੂੰ ਪੰਜਾਬ ਦੇ ਲੀਡਰਾਂ ਨੂੰ ਵੀ ਆਜ਼ਾਦੀ ਨਾਲ ਕੰਮ ਕਰਨ ਦੇਣਾ ਚਾਹੀਦਾ ਹੈ; ਪਰ ਉਲਟੇ ਬਾਂਸ ਬਰੇਲੀ ਨੂੰ ਤੁਰ ਪਏ ਹਨ। ਹਰਿਆਣਾ ਅਰਵਿੰਦ ਕੇਜਰੀਵਾਲ ਦੀ ਜਨਮ ਭੂਮੀ ਹੈ, ਧਰਤੀ ਪੁੱਤਰ ਨੂੰ ਇੱਕ ਵੀ ਸੀਟ ਨਹੀਂ ਲੱਭੀ। ਬਹੁਤਿਆਂ ਦੀਆਂ ਜ਼ਮਾਨਤਾਂ ਜਬਤ ਹੋ ਗਈਆਂ। ਜਦੋਂ ਹੋਰ ਕਿਧਰੇ ਢੋਈ ਨਹੀਂ ਮਿਲਦੀ ਤਾਂ ਪੰਜਾਬ 'ਤੇ ਚੜ੍ਹਾਈ ਕਰ ਲਈ? ਤੁਸੀਂ ਸ਼ੁਕਰ ਕਰੋ ਕਿ ਕਿਸਾਨ ਸੰਘਰਸ਼ ਦੀ ਉਠਾਣ ਦਾ ਹੁਲਾਸ ਤੁਹਾਡੇ ਲਈ ਵੋਟਾਂ ਵਿੱਚ ਬਦਲ ਗਿਆ। ਉਹ ਵੀ ਇਸ ਕਰਕੇ ਕਿ ਭਗਵੰਤ ਮਾਨ ਦੇ ਮੂੰਹ 'ਤੇ ਦਾਹੜੀ ਸੀ ਅਤੇ ਸਿਰ 'ਤੇ ਪੱਗ, ਤੇ ਲੋਕ ਸਾਰੇ ਰਾਜਨੀਤਿਕ ਕੋੜਮੇ ਤੋਂ ਅੱਕੇ ਪਏ ਸਨ। ਪੰਜਾਬ ਦੇ ਮੁੱਖ ਮੰਤਰੀ ਦਾ ਵੀ ਮੁਖੀ ਲਾ ਦਿੱਤਾ? ਪਿਆਰੇ ਸੰਵਿਧਾਨ ਤੋਂ ਬਿਨਾ ਪੁੱਛੇ ਹੀ? ਪੰਜਾਬ ਦੇ ਮੰਤਰੀਆਂ ਦੀਆਂ ਮੀਟਿੰਗਾਂ, ਪਰ ਮੁੱਖ ਮੰਤਰੀ ਤੋਂ ਬਿਨਾ। ਹੁਕਮ ਸਿੱਧੇ ਦਿੱਲੀ ਤੋਂ ਹੋਣ ਲੱਗੇ ਤੇ ਭਗਵੰਤ ਭਰਾ ਡੰਮੀ ਮੁੱਖ ਮੰਤਰੀ? ਕੀਹਦਾ ਹੁਕਮ ਮੰਨੇ ਅਫਸਰਸ਼ਾਹੀ? ਪਾਰਟੀ ਪ੍ਰਧਾਨ ਕਿ ਪੰਜਾਬ ਦੇ ਮੁੱਖ ਮੰਤਰੀ ਦਾ? ਦਿੱਲੀਉਂ ਵਿਹਲੇ ਹੋਏ 'ਆਪ' ਦੇ ਕਥਿਤ ਲੀਡਰਾਂ ਦੇ ਵੱਗ ਪੰਜਾਬ ਵੱਲ ਚੜ੍ਹ ਆਏ ਹਨ।

ਤੁਸੀਂ ਵੇਖਿਆ ਤਾਂ ਹੋਣਾ, ਸਾਰੇ ਦੇਸ਼ ਦਾ ਮੂੰਹ ਇੱਕ ਪਾਸੇ ਨੂੰ ਹੁੰਦਾ, ਪੰਜਾਬ ਦਾ ਦੂਜੇ ਪਾਸੇ ਨੂੰ। ਇਹ ਬੇਹੱਦ ਅਵੱਲੇ ਲੋਕ ਨੇ। ਚਾਣਕਿਆ ਨੂੰ ਜਦੋਂ ਨੰਦ ਵੰਸ਼ ਨੇ ਛਿੱਤਰ ਮਾਰ ਕੇ ਕੱਢਿਆ ਤਾਂ ਉਸ ਨੇ ਪੰਜਾਬ ਵਿੱਚ ਆਣ ਕੇ ਸ਼ਰਨ ਲਈ। ਚੰਦਰ ਗੁਪਤ ਮੋਰੀਆ ਨੂੰ ਲੈ ਕੇ ਮੋਰੀਆ ਰਾਜ ਦਾ ਪੜੁੱਲ ਬੰਨ੍ਹਿਆ, ਪਰ ਜਦੋਂ ਮੋਰੀਆ ਰਾਜ ਆਟੋਕਰੇਟ ਹੋਣ ਲੱਗਾ ਤਾਂ ਪੰਜਾਬ ਵਿੱਚ ਹੀ ਸਭ ਤੋਂ ਪਹਿਲੀ ਬਗਾਵਤ ਹੋਈ। ਰਾਜਕੁਮਾਰ ਅਸ਼ੋਕ ਨੂੰ ਉਹਦੇ ਪਿਉ ਨੇ ਇਸ ਬਗਾਵਤ ਨੂੰ ਦਬਾਉਣ ਲਈ ਪੰਜਾਬ ਭੇਜਿਆ ਸੀ। ਇਤਿਹਾਸ ਦੁਬਾਰਾ ਪੜ੍ਹਿਓ। ਮੌਜੂਦਾ ਹਿੰਦੋਸਤਾਨ ਦੀ 'ਪੂਰਨ ਆਜ਼ਾਦੀ' ਦੀ ਨੀਂਹ ਵੀ ਪੰਜਾਬ ਵਿੱਚ ਰਾਵੀ ਦਰਿਆ ਦੇ ਕੰਢੇ ਰੱਖੀ ਗਈ ਸੀ। ਸਭ ਤੋਂ ਪਹਿਲਾ ਰੱਟਾ ਵੀ ਇਨ੍ਹਾਂ ਨਾਲ ਹੀ ਖੜ੍ਹਾ ਹੋਇਆ। ਜਿਸ ਦੀ ਸਿਖਰ 1984 ਸੀ। ਇਸ ਕਰਕੇ ਦਿੱਲੀ ਵਾਲਿਓ ਸੰਭਲ ਕੇ, ਕਿਧਰੇ ਦਹੀਂ ਦੇ ਭੁਲੇਖੇ ਕਪਾਹ ਨੂੰ ਬੁਰਕ ਨਾ ਮਾਰ ਲਿਓ।





17115 W. Bluemound Rd, Suite D1, Brookfield, WI 53005

We Do Catering

ਅਸੀਂ ਕੇਟਰਿੰਗ ਵੀ ਕਰਦੇ ਹਾਂ

ਟੇਸਟ ਆਫ ਇੰਡੀਆ

ਮਸ਼ਹੂਰ ਨਾਮ ਅਤੇ ਮਸ਼ਹੂਰ ਖਾਣਾ

ਵਧੀਆ ਖਾਣਾ ਤੇ ਵਧੀਆ ਸਰਵਿਸ ਹੀ ਸਾਡੀ ਪਹਿਲ ਹੈ

ਵਿਆਹ ਸਮਾਗਮਾਂ, ਜਨਮ ਦਿਨ ਪਾਰਟੀਆਂ ਅਤੇ ਹੋਰ ਸਮਾਜਿਕ ਤੇ ਭਾਈਚਾਰਕ ਸਮਾਗਮਾਂ ਸਮੇਤ ਨਿੱਕੀਆਂ-ਵੱਡੀਆਂ ਪਾਰਟੀਆਂ ਮੌਕੇ ਸਵਾਦਿਸ਼ਟ ਤੇ ਤਾਜ਼ਾ ਖਾਣੇ ਲਈ ਸਾਨੂੰ ਸੇਵਾ ਦਾ ਮੌਕਾ ਦਿਓ



BOLLYWOOD Grill

Restaurant - Bar - Banquet

1038 N. Jackson St,
Milwaukee, WI 53202

We Also Provide

Onsite Tandoor Service For
Fresh Naan & KABABS and
Onsite Fresh DOSA Service.

ਫੋਨ: 262-894-0913

ਜਾਂ 414-588-3325

# ਪੰਜਾਬ ਦੀ ਬਿਹਤਰੀ ਲਈ ਖੇਤਰੀ ਪਾਰਟੀ ਦੀ ਬਹਾਲੀ ਜ਼ਰੂਰੀ

## ਅਕਾਲੀ ਦਲ ਦੀ ਸਥਿਤੀ ਲਈ ਲੀਡਰਸ਼ਿੱਪ ਜ਼ਿੰਮੇਵਾਰ: ਭਾਈ ਬਲਜੀਤ ਸਿੰਘ ਦਾਦੂਵਾਲ

ਕੁਲਜੀਤ ਦਿਆਲਪੁਰੀ

**ਸ਼ਿਕਾਗੋ:** ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਹਿਲੇ ਪ੍ਰਧਾਨ ਅਤੇ ਇਸ ਦੀ ਧਰਮ ਪ੍ਰਚਾਰ ਕਮੇਟੀ ਦੇ ਮੌਜੂਦਾ ਚੇਅਰਮੈਨ ਭਾਈ ਬਲਜੀਤ ਸਿੰਘ ਦਾਦੂਵਾਲ ਨੇ ਕਿਹਾ ਹੈ ਕਿ ਇਸ ਵੇਲੇ ਪੰਜਾਬ ਖੇਤਰੀ ਪਾਰਟੀ ਤੋਂ ਇੱਕ ਤਰ੍ਹਾਂ ਮਹਿਰੂਮ ਹੋ ਗਿਆ ਹੈ, ਜਦਕਿ ਪੰਜਾਬ ਦੀ ਬਿਹਤਰੀ ਲਈ ਖੇਤਰੀ ਪਾਰਟੀ ਯਾਨਿ ਸ਼੍ਰੋਮਣੀ ਅਕਾਲੀ ਦਲ ਦੀ ਮੁੜ ਬਹਾਲੀ ਅਤੀ ਜ਼ਰੂਰੀ ਹੈ; ਪਰ ਨਾਲ ਹੀ ਭਾਈ ਦਾਦੂਵਾਲ ਨੇ ਕਿਹਾ ਕਿ ਇਹ ਸਭ ਤਾਂ ਹੀ ਸੰਭਵ ਹੈ, ਜੇ ਸ਼੍ਰੋਮਣੀ ਅਕਾਲੀ ਦਲ ਤੋਂ ਬਾਦਲ ਪਰਿਵਾਰ ਨੂੰ ਪਾਸੇ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਹੁਣ ਜੋ ਸਥਿਤੀ ਬਣੀ ਹੋਈ ਹੈ, ਉਸ ਲਈ ਅਕਾਲੀ ਦਲ ਖੁਦ ਹੀ ਜ਼ਿੰਮੇਵਾਰ ਹੈ; ਕਿਉਂਕਿ ਸੱਤਾ ਦੌਰਾਨ ਦਲ ਦੀ ਲੀਡਰਸ਼ਿੱਪ ਨੇ ਉਨ੍ਹਾਂ ਸਿਧਾਂਤਾਂ ਨੂੰ ਹੀ ਭੁਲਾ ਦਿੱਤਾ, ਜੋ ਸਿੱਖ ਕੌਮ ਤੇ ਪੰਜਾਬ ਲਈ ਅਹਿਮ ਹਨ।

ਉਂਜ ਉਨ੍ਹਾਂ ਇਹ ਟਿੱਪਣੀ ਵੀ ਕੀਤੀ ਕਿ ਪੰਥ ਵਿੱਚ ਆਪਸੀ ਇਤਫਾਕ ਦੀ ਘਾਟ ਕਰਕੇ ਅਸੀਂ ਖਿੰਡੇ ਹੋਏ ਹਾਂ, ਜਿਸ ਦਾ ਪੰਥ ਵਿਰੋਧੀ ਤਾਕਤਾਂ ਅਕਸਰ ਫਾਇਦਾ ਲੈ ਜਾਂਦੀਆਂ ਹਨ। ਅਕਾਲੀ ਦਲ ਵਿੱਚ ਵੀ ਜੋ ਘਮਾਸਾਣ ਮੱਚਿਆ ਹੋਇਆ ਹੈ, ਉਸ ਸਬੰਧੀ ਵੀ 'ਨਾਈਆਂ ਦੀ ਬਰਾਤ 'ਚ ਸਾਰੇ ਰਾਜੇ' ਵਾਲੀ ਗੱਲ ਬਣੀ ਹੋਈ ਹੈ। ਜ਼ਿਕਰਯੋਗ ਹੈ ਕਿ ਦੋਹਾਂ ਅਕਾਲੀ ਧੜਿਆਂ ਦਰਮਿਆਨ ਪੰਥਕ ਵਿਰਾਸਤ ਸਬੰਧੀ ਕਸ਼ਮਕਸ਼ ਵਾਲਾ ਮਾਹੌਲ ਬਣਿਆ ਹੋਇਆ ਹੈ। ਮਸਲੇ ਪੰਥ ਨਾਲ ਜੁੜੇ ਹੋਣ ਕਾਰਨ ਅਕਾਲ ਤਖ਼ਤ ਦੀ ਹਮਾਇਤ ਕਿਸ ਧਿਰ ਨੂੰ ਪ੍ਰਾਪਤ ਹੁੰਦੀ ਹੈ, ਇਹ ਪੰਥਕ ਸਫਾਂ ਲਈ ਬਹੁਤ ਦਿਲਚਸਪ ਅਤੇ ਚਰਚਾਮਈ ਹੋਵੇਗਾ। ਅਕਾਲੀ ਧੜਿਆਂ ਬਾਬਤ ਇੱਕ ਹੋਰ ਸਵਾਲ ਦੇ ਜਵਾਬ ਵਿੱਚ ਭਾਈ ਦਾਦੂਵਾਲ ਨੇ ਕਿਹਾ, ਲੱਗਦਾ ਹੈ ਕਿ ਅਕਾਲ ਤਖਤ ਸਾਹਿਬ ਦੇ ਜਥੇਦਾਰ ਭਾਈ ਰਘਬੀਰ ਸਿੰਘ ਅਸਤੀਫਾ ਦੇ ਦੇਣਗੇ ਤੇ ਉਹ ਸਿਰਫ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਦੀ ਸੇਵਾ ਹੀ ਨਿਭਾਉਣਗੇ ਅਤੇ ਫੈਸਲਾ ਕਿਸੇ ਨਵੇਂ ਜਥੇਦਾਰ ਤੋਂ ਲਿਆ ਜਾਵੇਗਾ।




ਸ਼ਿਕਾਗੋ ਵਿੱਚ ਭਾਈ ਬਲਜੀਤ ਸਿੰਘ ਦਾਦੂਵਾਲ ਨਾਲ ਵੱਖ-ਵੱਖ ਸੰਸਥਾਵਾਂ ਦੇ ਨੁਮਾਇੰਦੇ ਅਤੇ ਪਤਵੰਤੇ ਸੱਜਣ



ਭਾਈ ਦਾਦੂਵਾਲ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਦਾ ਹੋਇਆ ਸਹੋਤਾ ਪਰਿਵਾਰ ਅਤੇ (ਹੇਠਾਂ) ਘੁਮਾਣ ਭਰਾ ਭਾਈ ਦਾਦੂਵਾਲ ਤੇ ਉਨ੍ਹਾਂ ਦੇ ਪਰਿਵਾਰ ਦਾ ਸਵਾਗਤ ਕਰਦੇ ਹੋਏ। ਨਾਲ ਖੜ੍ਹੇ ਹਨ ਲੱਕੀ ਸਹੋਤਾ



ਭਾਈ ਦਾਦੂਵਾਲ ਇਨ੍ਹੀਂ ਦਿਨੀਂ ਪਰਿਵਾਰ ਸਮੇਤ ਅਮਰੀਕਾ ਦੀ ਫੇਰੀ 'ਤੇ ਹਨ। ਉਹ ਪਹਿਲੀ ਵਾਰ ਅਮਰੀਕਾ ਆਏ ਹਨ ਅਤੇ ਨਿਊ ਯਾਰਕ ਦੇ ਵੱਖ ਵੱਖ ਗੁਰਦੁਆਰਾ ਸਾਹਿਬਾਨ ਵਿੱਚ ਉਨ੍ਹਾਂ ਦੇ ਧਾਰਮਿਕ ਸਮਾਗਮ ਹਨ। ਉਹ ਪਿਛਲੇ ਦਿਨੀਂ ਸ਼ਿਕਾਗੋ ਪਹੁੰਚੇ ਹੋਏ ਸਨ ਅਤੇ ਵੱਖ-ਵੱਖ ਥਾਵਾਂ 'ਤੇ ਭਾਈਚਾਰਕ ਸ਼ਖਸੀਅਤਾਂ ਵੱਲੋਂ ਉਨ੍ਹਾਂ ਦਾ ਸਵਾਗਤ ਕੀਤਾ ਗਿਆ। ਉਨ੍ਹਾਂ ਦੇ ਮਾਣ ਵਿੱਚ ਇੱਕ ਇਕੱਤਰਤਾ ਸਥਾਨਕ ਬਿਜਨਸਮੈਨ ਤੇ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਦੇ ਸਾਬਕਾ ਪ੍ਰਧਾਨ ਲਖਵੀਰ ਸਿੰਘ (ਲੱਕੀ) ਸਹੋਤਾ ਦੇ ਗ੍ਰਹਿ ਵਿਖੇ ਕੀਤੀ ਗਈ। ਇਸ ਮੌਕੇ ਵੱਖ-ਵੱਖ ਸੰਸਥਾਵਾਂ ਦੇ ਨੁਮਾਇੰਦਿਆਂ ਤੋਂ ਇਲਾਵਾ ਵਿਸਕਾਨਸਿਨ ਤੋਂ ਵੀ ਪਤਵੰਤੇ ਪਹੁੰਚੇ ਹੋਏ ਸਨ।

ਹਾਜ਼ਰੀਨ ਨੇ ਭਾਈ ਦਾਦੂਵਾਲ ਨਾਲ ਪੰਥਕ ਮਸਲਿਆਂ ਅਤੇ ਪੰਜਾਬ ਤੇ ਹਰਿਆਣਾ ਸਿਆਸਤ ਨਾਲ ਸਬੰਧਤ ਵਿਚਾਰਾਂ ਦਾ ਵਟਾਂਦਰਾ ਕੀਤਾ। ਇਸ ਮੌਕੇ ਸਵਾਲ-ਜਵਾਬ ਦੌਰਾਨ ਭਾਈ ਦਾਦੂਵਾਲ ਨੇ ਕਿਹਾ ਕਿ ਜੇ ਸ਼੍ਰੋਮਣੀ ਅਕਾਲੀ ਦਲ ਆਪਣੇ ਸਿਧਾਂਤਾਂ 'ਤੇ ਪਹਿਰਾ ਦਿੰਦਾ ਅਤੇ ਪੰਥਕ ਤੇ ਪੰਜਾਬ ਸੂਬੇ ਬਾਰੇ ਮਸਲਿਆਂ ਪ੍ਰਤੀ ਸੁਹਿਰਦ ਰਹਿੰਦਾ ਤਾਂ ਅੱਜ ਇਹੋ ਜਿਹੇ ਹਾਲਾਤ ਨਹੀਂ ਸਨ ਬਣਨੇ। ਉਨ੍ਹਾਂ ਵਿਅੰਗਮਈ ਲਹਿਜ਼ੇ 'ਚ ਕਿਹਾ ਕਿ ਅਕਾਲੀ ਲੀਡਰਸ਼ਿੱਪ ਵੱਲੋਂ ਹੁਣ ਵੀ ਤਾਂ ਸਿੱਖ ਪੰਥ ਨਾਲ ਜੁੜੇ ਅਤੇ ਬੰਦੀ ਸਿੰਘਾਂ ਦੀ ਰਿਹਾਈ ਆਦਿ ਮੁੱਦਿਆਂ ਨੂੰ ਉਭਾਰਿਆ ਜਾ ਰਿਹਾ ਹੈ, ਜਦਕਿ ਸੱਤਾ 'ਚ ਹੁੰਦਿਆਂ ਇਨ੍ਹਾਂ ਮਸਲਿਆਂ ਤੋਂ ਕਿਨਾਰਾ ਕਰੀ ਰੱਖਿਆ!

ਇੱਥੇ ਜ਼ਿਕਰਯੋਗ ਹੈ ਕਿ ਪੰਥਕ ਮਸਲਿਆਂ ਅਤੇ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਵੱਲੋਂ ਗੁਰੂ ਗੋਬਿੰਦ ਸਿੰਘ ਦਾ ਸਵਾਂਗ ਰਚਾਏ ਜਾਣ ਦੇ ਮਾਮਲੇ ਵਿੱਚ ਕਥਿਤ ਸਾਜਿਸ਼ ਤਹਿਤ ਮੁਆਫੀ ਦਿਵਾਏ ਜਾਣ ਤੋਂ ਇਲਾਵਾ ਪੰਥਕ ਅਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਆਦਿ ਸਬੰਧੀ ਮਾਮਲਿਆਂ ਦੇ ਮੱਦੇਨਜ਼ਰ ਭਾਈ ਬਲਜੀਤ ਸਿੰਘ ਦਾਦੂਵਾਲ ਬਾਦਲ ਪਰਿਵਾਰ ਦੇ ਖਿਲਾਫ ਆਵਾਜ਼ ਉਠਾਉਂਦੇ ਰਹੇ ਹਨ। ਭਾਈ ਦਾਦੂਵਾਲ ਨੂੰ ਸਰਬੱਤ ਖਾਲਸਾ ਵੱਲੋਂ ਸਾਲ 2015 ਵਿੱਚ ਤਖ਼ਤ ਕੇਸਗੜ੍ਹ ਸਾਹਿਬ ਦਾ ਜਥੇਦਾਰ ਵੀ ਥਾਪਿਆ ਗਿਆ ਸੀ। ਮੁੱਖ ਮੰਤਰੀ (ਮਰਹੂਮ) ਪ੍ਰਕਾਸ਼ ਸਿੰਘ ਬਾਦਲ ਨੂੰ ਸਾਲ 2011 ਵਿੱਚ ਦਿੱਤਾ ਗਿਆ 'ਪੰਥ ਰਤਨ ਫਖ਼ਰ-ਏ-ਕੌਮ' ਵੀ ਉਦੋਂ ਸਰਬੱਤ ਖਾਲਸਾ ਵੱਲੋਂ ਥਾਪੇ ਗਏ ਜਥੇਦਾਰਾਂ ਨੇ ਰੱਦ ਕਰ ਦਿੱਤਾ ਸੀ।

ਇਸ ਤੋਂ ਇਲਾਵਾ ਭਾਈ ਦਾਦੂਵਾਲ ਨੇ ਹਰਿਆਣਾ ਸੂਬੇ ਵਿੱਚ ਇਤਿਹਾਸਕ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ-ਅੰਮ੍ਰਿਤਸਰ ਦੀ ਥਾਂ ਵੱਖਰੀ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੱਥਾਂ ਵਿੱਚ ਲੈਣ ਲਈ ਕਾਫੀ ਜੱਦੋ-ਜਹਿਦ ਵੀ ਕੀਤੀ ਅਤੇ ਅਦਾਲਤੀ ਪ੍ਰਕਿਰਿਆ ਉਪਰੰਤ ਹੁਣ ਪ੍ਰਬੰਧ ਹਰਿਆਣਾ ਕਮੇਟੀ ਅਧੀਨ ਹੈ। ਉਨ੍ਹਾਂ ਦੱਸਿਆ ਕਿ ਹਰਿਆਣਾ ਕਮੇਟੀ ਬਵੰਜਾ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਸੰਭਾਲਦੀ ਹੈ ਅਤੇ ਇਸ ਦਾ ਆਪਣਾ ਬਜਟ ਹੈ ਤੇ ਉਸ ਦਾ ਹਿਸਾਬ-ਕਿਤਾਬ ਰੱਖਣ ਦਾ ਅਖਤਿਆਰ ਵੀ ਹਰਿਆਣਾ ਕਮੇਟੀ ਕੋਲ ਹੀ ਹੈ। ਹਰਿਆਣਾ ਵਿਚਲੇ ਗੁਰੂ ਘਰਾਂ ਦੇ ਖਰਚੇ ਕੱਢਣ ਉਪਰੰਤ ਬਾਕੀ ਬਚਦੇ ਸੰਗਤ ਦੇ ਚੜ੍ਹਾਵੇ ਵਿੱਚੋਂ ਗੁਰੂ ਘਰਾਂ ਦੇ ਨਿਰਮਾਣ ਕਾਰਜਾਂ, ਸਾਂਭ-ਸੰਭਾਲ ਅਤੇ ਵਿਦਿਆ ਦੇ ਖੇਤਰ ਵਿੱਚ ਬਣਦਾ ਯੋਗਦਾਨ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜਦੋਂ ਹਰਿਆਣਾ ਦੇ ਗੁਰਦੁਆਰੇ ਸ਼੍ਰੋਮਣੀ ਪ੍ਰਬੰਧਕ ਕਮੇਟੀ ਅਧੀਨ ਸਨ ਤਾਂ ਇਨ੍ਹਾਂ ਦੀ ਬਿਹਤਰੀ ਅਤੇ ਹਰਿਆਣਾ 'ਚ ਸਿੱਖੀ ਪ੍ਰਚਾਰ ਲਈ ਕੋਈ ਖਾਸ ਤਰੱਦਦ ਨਹੀਂ ਹੋਇਆ।

ਬਤੌਰ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਭਾਈ ਦਾਦੂਵਾਲ ਨੇ ਦੱਸਿਆ ਕਿ ਪੰਥਕ ਪ੍ਰਚਾਰ ਹਿੱਤ ਹਰਿਆਣਾ ਕਮੇਟੀ ਵੱਲੋਂ ਕਈ ਸਕੂਲ ਅਤੇ ਕਾਲਜ ਚਲਾਏ ਜਾ ਰਹੇ ਹਨ। ਪ੍ਰਚਾਰ ਕਮੇਟੀ ਸਿਰਫ ਹਰਿਆਣਾ ਵਿੱਚ ਹੀ ਨਹੀਂ, ਸਗੋਂ ਪੰਜਾਬ ਦੇ ਕਰੀਬ ਕਰੀਬ ਸਾਰੇ ਪਿੰਡਾਂ-ਕਸਬਿਆਂ ਵਿੱਚ ਧਾਰਮਿਕ ਪ੍ਰਚਾਰ ਹਿੱਤ ਉਪਰਾਲੇ ਕਰਦੀ ਹੈ। ਭਾਈ ਦਾਦੂਵਾਲ ਹਰਿਆਣਾ ਦੇ ਸਿਰਸਾ ਸਥਿਤ ਗੁਰਦੁਆਰਾ ਸ੍ਰੀ ਗੁਰੂ ਗ੍ਰੰਥਸਰ ਦਾਦੂ ਸਾਹਿਬ ਵਿਖੇ ਨਿਵਾਸ ਅਸਥਾਨ ਤੋਂ ਸਿੱਖੀ ਪ੍ਰਚਾਰ ਵਿੱਚ ਜੁਟੇ ਹੋਏ ਹਨ। ਹਰਿਆਣਾ ਸਿੱਖ ਕਮੇਟੀ ਵੱਲੋਂ ਮੁੱਖ ਤੌਰ 'ਤੇ ਗੁਰਦੁਆਰਾ ਨਾਢਾ ਸਾਹਿਬ (ਪੰਚਕੂਲਾ), ਗੁਰਦੁਆਰਾ ਪਾਤਿਸ਼ਾਹੀ ਦਸਵੀਂ (ਸਿਰਸਾ) ਅਤੇ ਗੁਰਦੁਆਰਾ ਪਾਤਿਸ਼ਾਹੀ ਨੌਵੀਂ (ਜੀਂਦ) ਵਿਖੇ ਸੈਂਟਰਾਂ ਅਧੀਨ ਧਰਮ ਪ੍ਰਚਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਨਾਲ ਹੀ ਆਪਣੇ ਪੁਰਖਿਆਂ ਵੱਲੋਂ ਪੰਥਕ ਮੋਰਚਿਆਂ ਵਿੱਚ ਕੀਤੀ ਸ਼ਮੂਲੀਅਤ ਬਾਰੇ ਵੀ ਦੱਸਿਆ। ਉਨ੍ਹਾਂ ਕਿਹਾ ਕਿ ਹਰਿਆਣਾ ਵਿੱਚ ਪੰਜਾਬੀ ਤੇ ਹਰਿਆਣਵੀ ਕਿਸਾਨ ਭਾਜਪਾ ਦੇ ਵਿਰੁੱਧ ਹਨ। ਧਾਰਮਿਕ ਕੱਟੜਤਾ ਭਰਪੂਰ ਭਾਜਪਾ ਦੇ ਰਵੱਈਏ ਤੋਂ ਗੈਰ-ਹਿੰਦੂ ਭਾਈਚਾਰਾ ਹੀ ਨਹੀਂ, ਸਗੋਂ ਬਹੁ-ਗਿਣਤੀ ਹਿੰਦੂ ਭਾਈਚਾਰਾ ਵੀ ਇਸ ਸਬੰਧੀ ਗੰਭੀਰ ਹੈ ਅਤੇ ਇਸ ਨੂੰ ਭਾਈਚਾਰਕ ਸਾਂਝ ਵਿੱਚ ਤਰੇੜ ਪਾਉਣ ਵਾਲੀ ਸਿਆਸਤ ਦਾ ਨਾਂ ਦਿੰਦਾ ਹੈ।

ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਸਬੰਧੀ ਭਾਈ ਦਾਦੂਵਾਲ ਨੇ ਕਿਹਾ ਕਿ ਇਹ ਹੁਣ ਨਵੀਂ ਸਰਕਾਰ 'ਤੇ ਮੁਨੱਸਰ ਕਰਦਾ ਹੈ, ਚੋਣਾਂ ਕਦੋਂ ਕਰਵਾਉਣੀਆਂ ਹਨ, ਜਦਕਿ ਪਿਛਲੀ ਭਾਜਪਾ ਦੀ ਖੱਟਰ ਸਰਕਾਰ ਨੇ ਗੁਰਦੁਆਰਾ ਚੋਣਾਂ ਸਬੰਧੀ ਕੋਈ ਦਿਲਚਸਪੀ ਨਹੀਂ ਦਿਖਾਈ। ਅਜਿਹੇ ਹਾਲਾਤ ਵਿੱਚ ਬਹੁਤਾ ਸਿੱਖ ਭਾਈਚਾਰਾ ਭਾਜਪਾ ਤੋਂ ਨਾਰਾਜ਼ ਹੈ। ਇਸ ਤੋਂ ਇਲਾਵਾ ਭਾਈ ਦਾਦੂਵਾਲ ਨੇ ਹੋਰ ਵੀ ਮੁੱਦਿਆਂ 'ਤੇ ਆਪਣੇ ਵਿਚਾਰ ਪੇਸ਼ ਕੀਤੇ। ਸਹੋਤਾ ਪਰਿਵਾਰ ਵੱਲੋਂ ਭਾਈ ਦਾਦੂਵਾਲ ਨੂੰ ਯਾਦਗਾਰੀ ਚਿੰਨ੍ਹ ਭੇਟ ਕੀਤਾ ਗਿਆ।



ਭਾਈ ਦਾਦੂਵਾਲ ਦਾ ਸਵਾਗਤ ਕਰਦੇ ਹੋਏ ਪਾਲ ਸਿੰਘ ਖਲੀਲ। ਨਾਲ ਖੜ੍ਹੇ ਹਨ ਹੈਪੀ ਹੀਰ, ਜਿੰਦੀ ਦਿਆਲ, ਬਾਬਾ ਦਲਜੀਤ ਸਿੰਘ, ਲੱਕੀ ਸਹੋਤਾ ਤੇ ਤਰਸੇਮ ਸਿੰਘ

ਇਸ ਮੌਕੇ ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ (ਪੀ.ਏ.ਓ.) ਸ਼ਿਕਾਗੋ ਦੇ ਮੈਨੇਜਿੰਗ ਡਾਇਰੈਕਟਰ ਗੁਲਜ਼ਾਰ ਸਿੰਘ ਮੁਲਤਾਨੀ ਤੇ ਬੋਰਡ ਮੈਂਬਰ ਜਗਮੀਤ (ਜੈਸੀ) ਸਿੰਘ; ਬਿਜਨਸਮੈਨ ਯੋਗੀ ਭਾਰਦਵਾਜ ਤੇ ਸਤੀਸ਼ ਭਾਰਦਵਾਜ; ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਦੇ ਪ੍ਰਧਾਨ ਸੰਤੋਖ ਸਿੰਘ ਡੀ.ਸੀ., ਸਾਬਕਾ ਪ੍ਰਧਾਨ ਨਰਿੰਦਰ ਸਿੰਘ ਸਰਾਂ, ਡਾ. ਹਰਜਿੰਦਰ ਸਿੰਘ ਖਹਿਰਾ ਤੇ ਮਿੱਢਾ ਮਾਹਿਲਪੁਰੀਆ; ਪੰਜਾਬੀ ਕਲਚਰਲ ਸੁਸਾਇਟੀ (ਪੀ.ਸੀ.ਐਸ.) ਸ਼ਿਕਾਗੋ ਦੇ ਸਾਬਕਾ ਪ੍ਰਧਾਨ ਭੁਪਿੰਦਰ ਸਿੰਘ ਧਾਲੀਵਾਲ, 'ਟੇਸਟ



ਲੱਕੀ ਸਹੋਤਾ, ਭਾਈ ਦਾਦੂਵਾਲ ਤੇ ਭੁਪਿੰਦਰ ਭੰਗੂ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

# ਇੰਡੀਅਨ ਅਮੈਰਿਕਨ ਵੈਟਰਨਰੀ ਮੈਡੀਕਲ ਐਸੋਸੀਏਸ਼ਨ (ਮਿਡਵੈਸਟ ਚੈਪਟਰ) ਦੀ ਸਾਲਾਨਾ ਇਕੱਤਰਤਾ

**ਸ਼ਿਕਾਗੋ (ਪੰਜਾਬੀ ਪਰਵਾਜ਼ ਬਿਊਰੋ):** ਪਿਛਲੇ ਦਿਨੀਂ ਡਰੇਕ ਹੋਟਲ ਸ਼ਿਕਾਗੋ ਡਾਊਨਟਾਊਨ ਵਿਖੇ ਇੰਡੀਅਨ ਅਮੈਰਿਕਨ ਵੈਟਰਨਰੀ ਮੈਡੀਕਲ ਐਸੋਸੀਏਸ਼ਨ (ਮਿਡਵੈਸਟ ਚੈਪਟਰ) ਦੀ ਸਾਲਾਨਾ ਇਕੱਤਰਤਾ ਹੋਈ, ਜਿਸ ਵਿਚ ਇਲੀਨਾਏ ਅਤੇ ਵਿਸਕਾਨਸਿਨ ਦੇ ਡਾਕਟਰਾਂ ਨੇ ਸ਼ਿਰਕਤ ਕੀਤੀ। ਇਸ ਦੌਰਾਨ ਉਨ੍ਹਾਂ ਆਪਣੇ ਖੇਤਰ ਦੇ ਤਜਰਬੇ ਸਾਂਝੇ ਕੀਤੇ ਅਤੇ ਐਸੋਸੀਏਸ਼ਨ ਦੇ ਮਿਡਵੈਸਟ ਚੈਪਟਰ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ। ਇਹ ਇਕੱਤਰਤਾ ਇੱਕ ਤਰ੍ਹਾਂ ਨਾਲ 'ਪੇਸ਼ੇ ਦੀਆਂ ਜ਼ਿੰਮੇਵਾਰੀਆਂ ਅਤੇ ਮਨੋਰੰਜਨ' ਦਾ ਸੁਮੇਲ ਹੋ ਨਿਬੜੀ।



ਸੈਮੀਨਾਰ ਦੌਰਾਨ ਸੰਬੋਧਨ ਕਰਦੇ ਹੋਏ ਡਾ. ਗੁਰਦਿਆਲ ਸਿੰਘ ਬਸਰਾਨ



ਡਾਊਨਟਾਊਨ ਸ਼ਿਕਾਗੋ ਰਿਵਰ ਦੀ ਗੇੜੀ ਦੌਰਾਨ ਡਾਕਟਰ ਸਾਹਿਬਾਨ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰ

ਜ਼ਿਕਰਯੋਗ ਹੈ ਕਿ ਪਿਛੋਕੜ ਤੋਂ ਇਹ ਵੈਟਰਨਰੀ ਡਾਕਟਰ ਭਾਰਤ ਅਤੇ ਪਾਕਿਸਤਾਨ ਤੋਂ ਪੜ੍ਹਾਈ ਕਰਨ ਤੋਂ ਬਾਅਦ ਇੱਥੇ ਬਹੁਤ ਸਾਲਾਂ ਤੋਂ ਇਸ ਕਿੱਤੇ ਵਿਚ ਸਫਲਤਾ ਸਹਿਤ ਕੰਮ ਕਰ ਰਹੇ ਹਨ। ਇਹ ਗੱਲ ਵੀ ਧਿਆਨ ਦੇਣ ਯੋਗ ਹੈ ਕਿ ਕਈ ਡਾਕਟਰਾਂ ਨੂੰ ਤਾਂ ਇਸ ਖਿੱਤੇ ਵਿੱਚ ਚਾਲੀ ਸਾਲ ਤੋਂ ਵੀ ਉਪਰ ਹੋ ਚੁਕੇ ਹਨ। ਇਨ੍ਹਾਂ ਵਿੱਚੋਂ ਸਿਰ ਕੱਢਵੇਂ ਨਾਂ ਹਨ- ਡਾ. ਗੁਰਦਿਆਲ ਸਿੰਘ ਬਸਰਾਨ, ਡਾ. ਰਛਪਾਲ ਸਿੰਘ ਬਾਜਵਾ, ਡਾ. ਜਗਜੀਤ ਸਿੰਘ ਕਾਲੇਕਾ, ਡਾ. ਇਜਾਜ਼ ਅਲਵੀ, ਡਾ. ਜਗਜੀਤ ਸਿੰਘ ਬਰਾੜ ਅਤੇ ਹੋਰ। ਬਾਕੀ ਬਹੁਤੇ ਡਾਕਟਰ ਸਾਹਿਬਾਨ ਅੱਸੀਵੇਂ ਦਹਾਕੇ ਤੋਂ ਬਾਅਦ ਅਮਰੀਕਾ ਵਿੱਚ ਸਫਲ ਜੀਵਨ ਅਤੇ ਕਲੀਨੀਸ਼ੀਅਨ ਦਾ ਕੰਮ ਆਪੋ-ਆਪਣੀਆਂ ਪ੍ਰੈਕਟਿਸਾਂ ਵਿੱਚ ਕਰ ਰਹੇ ਹਨ।

ਇੰਡੀਅਨ ਅਮੈਰਿਕਨ ਵੈਟਰਨਰੀ ਮੈਡੀਕਲ ਐਸੋਸੀਏਸ਼ਨ (ਮਿਡਵੈਸਟ ਚੈਪਟਰ) ਦੀ ਪਿਛਲੇ ਦਿਨੀਂ ਹੋਈ ਇਸ ਸਾਲ ਦੀ ਮੀਟਿੰਗ ਵਿੱਚ ਤਕਰੀਬਨ ਪੱਚੀ ਡਾਕਟਰ ਸਾਹਿਬਾਨ ਨੇ ਹਾਜ਼ਰੀ ਭਰੀ। ਉਨ੍ਹਾਂ ਦੇ ਪਰਿਵਾਰਕ ਮੈਂਬਰ ਵੀ ਸ਼ਾਮਿਲ ਹੋਏ। ਸ਼ਾਮ ਨੂੰ ਕਰੂਜ਼ ਰਾਹੀਂ ਸ਼ਿਕਾਗੋ ਰਿਵਰ ਦੀ ਗੇੜੀ ਲਾਉਂਦਿਆਂ ਸ਼ਹਿਰ ਦਾ ਨਜ਼ਾਰਾ ਲਿਆ ਗਿਆ, ਜਿਸ ਵਿੱਚ ਸ਼ਿਕਾਗੋ ਦਾ ਆਰਕੀਟੈਕਚਰ ਟੂਰ ਵੀ ਸ਼ਾਮਿਲ ਸੀ। ਇਹ ਕਰੂਜ਼ ਤਕਰੀਬਨ ਤਿੰਨ ਘੰਟੇ ਚੱਲਿਆ, ਜਿਸ ਵਿਚ ਪੰਜਾਬੀ ਗੀਤ-ਸੰਗੀਤ ਤੇ ਭੰਗੜੇ ਵੀ ਪਾਏ ਗਏ। ਅਗਲੇ ਦਿਨ ਮਰਕ ਫਾਰਮਾਸਿਉਟਿਕਲ ਦੇ ਉਦਮ ਨਾਲ ਇੱਕ ਸੈਮੀਨਾਰ ਵੀ ਕਰਵਾਇਆ ਗਿਆ, ਜਿਸ ਦੌਰਾਨ ਡਾ. ਗੁਰਦਿਆਲ ਸਿੰਘ ਬਸਰਾਨ ਸਮੇਤ ਹੋਰਨਾਂ ਡਾਕਟਰਾਂ ਨੇ ਸੰਬੋਧਨ ਕੀਤਾ। ਇਸ ਉਪਰੰਤ ਐਸੋਸੀਏਸ਼ਨ ਦੇ ਪ੍ਰਧਾਨ ਮਿਲਵਾਕੀ ਤੋਂ ਡਾ. ਰਾਜਿੰਦਰ ਸਿੰਘ ਸੰਧੂ ਨੇ ਆਏ ਡਾਕਟਰ ਸਾਹਿਬਾਨ ਦਾ ਧੰਨਵਾਦ ਕੀਤਾ ਅਤੇ ਇਸ ਸਫਲ ਮੀਟਿੰਗ 'ਤੇ ਸਾਰਿਆਂ ਨੂੰ ਵਧਾਈਆਂ ਦੇ ਕੇ ਅਲਵਿਦਾ ਕਿਹਾ।

ਮੀਟਿੰਗ ਵਿੱਚ ਡਾ. ਇੰਦਰਬੀਰ ਸਿੰਘ ਗਿੱਲ, ਡਾ. ਭੁਪਿੰਦਰ ਬੇਰੀ, ਡਾ. ਅਮਰਦੀਪ ਸਿੰਘ ਸੰਘਾ, ਡਾ. ਮਨਦੀਪ ਸਿੰਘ ਸੋਖੀ, ਡਾ. ਉਮੇਸ਼ ਸ਼ਰਮਾ, ਡਾ. ਵਿਕਰਮਜੀਤ ਸਿੰਘ ਢਿੱਲੋਂ, ਡਾ. ਰਮਿੰਦਰ ਕੌਰ ਨੱਤ, ਡਾ. ਸੁਖਵਿੰਦਰ ਸਿੰਘ, ਡਾ. ਗੁਰਸ਼ਰਨ ਸਿੰਘ ਸੰਧੂ, ਡਾ. ਲਿਆਕਤ ਅਲੀ, ਡਾ. ਮੁਹੰਮਦ ਰਹਿਮਾਨ, ਡਾ. ਜਸਕਰਨ ਸਿੰਘ ਸੰਘਾ, ਡਾ. ਅਭੀਸ਼ੇਕ ਤ੍ਰਿਪਾਠੀ ਅਤੇ ਹੋਰ ਡਾਕਟਰ ਸਾਹਿਬਾਨ ਸ਼ਾਮਲ ਸਨ।

ਜ਼ਿਕਰਯੋਗ ਹੈ ਕਿ ਇਹ ਐਸੋਸੀਏਸ਼ਨ 2016 ਵਿੱਚ ਬਣੀ ਸੀ। ਪੱਛਮੀ ਕੋਸਟ 'ਤੇ ਪਹਿਲਾਂ ਹੀ ਕੁਝ ਸਾਲਾਂ ਤੋਂ ਉਥੋਂ ਦੇ ਵੈਟਰਨਰੀ ਡਾਕਟਰਾਂ ਨੇ ਇਹ ਐਸੋਸੀਏਸ਼ਨ ਬਣਾਈ ਹੋਈ ਸੀ, ਜਿਸ ਤੋਂ ਸੇਧ ਲੈ ਕੇ ਮਿਡਵੈਸਟ ਚੈਪਟਰ ਬਣਾਇਆ ਗਿਆ। ਇਸ ਵਿੱਚ ਇਲੀਨਾਏ, ਵਿਸਕਾਨਸਿਨ, ਮਿਸ਼ੀਗਨ, ਓਹਾਇਓ ਅਤੇ ਟੈਕਸਸ ਤੋਂ ਮੈਂਬਰ ਸ਼ਾਮਿਲ ਕੀਤੇ ਗਏ; ਪਰ ਪਿਛਲੇ ਸਾਲ ਤੋਂ ਮਿਸ਼ੀਗਨ ਦੇ ਮੈਬਰਾਂ ਨੇ ਆਪਣੀ ਐਸੋਸੀਏਸ਼ਨ ਵੱਖ ਕਰਨ ਦਾ ਫ਼ੈਸਲਾ ਕਰ ਲਿਆ ਸੀ।

ਮਿਡਵੈਸਟ ਚੈਪਟਰ ਦੇ ਪਹਿਲੇ ਪ੍ਰਧਾਨ ਡਾ. ਪਰਦੀਪ ਸਿੰਘ ਨੂੰ ਨਿਯੁਕਤ ਕੀਤਾ ਗਿਆ ਸੀ, ਉਪਰੰਤ ਡਾ. ਸਰਬਜੀਤ ਸਿੰਘ ਭੰਡਾਲ ਨੇ ਇਸਦੀ ਕਮਾਨ ਸੰਭਾਲੀ ਅਤੇ ਮਿਲਵਾਕੀ ਤੋਂ ਡਾ. ਗੁਰਚਰਨ ਸਿੰਘ ਗਰੇਵਾਲ ਇਸਦੇ ਤੀਜੇ ਪ੍ਰਧਾਨ ਸਨ। ਹਾਲ ਹੀ ਵਿੱਚ ਪ੍ਰਧਾਨਗੀ ਦੀ ਜ਼ਿੰਮੇਵਾਰੀ ਮਿਲਵਾਕੀ ਤੋਂ ਡਾ. ਰਾਜਿੰਦਰ ਸਿੰਘ ਸੰਧੂ ਕੋਲ ਹੈ। ਡਾ. ਗੁਰਦਿਆਲ ਸਿੰਘ ਬਸਰਾਨ, ਡਾ. ਸਰਬਜੀਤ ਸਿੰਘ ਭੰਡਾਲ, ਡਾ. ਲਖਵਿੰਦਰ ਸਿੰਘ ਢਿੱਲੋਂ ਅਤੇ ਡਾ. ਗੁਰਚਰਨ ਸਿੰਘ ਗਰੇਵਾਲ ਇਸਦੇ ਬੋਰਡ ਆਫ ਡਾਇਰੈਕਟਰ ਵਜੋਂ ਸੇਵਾ ਨਿਭਾਅ ਰਹੇ ਹਨ। ਅਗਜੈਕਟਿਵ ਬੋਰਡ ਵਿੱਚ ਪ੍ਰਧਾਨ ਡਾ. ਸੰਧੂ ਤੋਂ ਇਲਾਵਾ ਡਾ. ਹਰਜੀਤ ਸਿੰਘ ਲੈਹਲ, ਡਾ. ਗੁਰਪ੍ਰੀਤ ਸਿੰਘ ਬਾਜਵਾ ਅਤੇ ਡਾ. ਜਾਵੇਦ ਇਕਬਾਲ ਸ਼ਾਮਲ ਹਨ।

ਇਹ ਦੱਸਣਾ ਵੀ ਜ਼ਰੂਰੀ ਹੈ ਕਿ ਅਮਰੀਕਾ ਵਿੱਚ ਭਾਰਤੀ ਮੂਲ ਦੇ ਵੈਟਰਨਰੀ ਡਾਕਟਰ, ਜੋ ਆਪਣੀਆਂ ਪ੍ਰੈਕਟਿਸਾਂ ਚਲਾ ਰਹੇ ਹਨ, ਦੀ ਗਿਣਤੀ ਤਕਰੀਬਨ ਸਾਢੇ ਚਾਰ ਸੌ ਹੈ। ਐਨੇ ਕੁ ਹੀ ਗਿਣਤੀ ਵਿੱਚ ਕੈਨੇਡਾ ਵਿੱਚ ਵੀ ਹੋਣ ਦੀ ਸੰਭਾਵਨਾ ਹੈ।

## ਪੰਜਾਬ ਦੀ ਬਿਹਤਰੀ ਲਈ ਖੇਤਰੀ ਪਾਰਟੀ ਦੀ ਬਹਾਲੀ ਜ਼ਰੂਰੀ

ਆਫ ਇੰਡੀਆ' ਮਿਲਵਾਕੀ ਦੇ ਮਨਜੀਤ ਸਿੰਘ; ਗੁਰਦੁਆਰਾ ਓਕ ਕਰੀਕ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੁਖਵਿੰਦਰ ਸਿੰਘ ਘੱਗਰ, ਗੁਰੂ ਲਾਧੋ ਰੇ ਸੇਵਾ ਸੁਸਾਇਟੀ ਵਿਸਕਾਨਸਿਨ ਤੋਂ ਪਰਮਿੰਦਰ ਸਿੰਘ ਗੋਲਡੀ; ਸਿੱਖ ਟੀ.ਵੀ. ਦੇ ਸੰਚਾਲਕ ਤੇ ਫਿਲਮਸਾਜ਼ ਇੰਦਰਮੋਹਨ ਸਿੰਘ ਛਾਬੜਾ, ਭੁਪਿੰਦਰ ਸਿੰਘ ਭੰਗੂ, ਤਰਸੇਮ ਸਿੰਘ, ਅਵਤਾਰ ਸਿੰਘ ਔਲਖ, ਅਮਰੀਕ ਪਾਲ ਸਿੰਘ, ਸੋਨੂੰ ਖਹਿਰਾ, ਰਵੀ ਹੰਜਰਾ, ਬਲਜੀਤ ਸਿੰਘ ਚਾਨਾ, ਗੁਰਸਿਮਰਨ (ਸੈਮ) ਸਿੰਘ ਤੇ ਹੋਰ ਪਤਵੰਤੇ ਹਾਜ਼ਰ ਸਨ।

ਇਸ ਤੋਂ ਇਲਾਵਾ ਸ਼ਿਕਾਗੋ ਵਿੱਚ ਹੋਟਲ ਕਾਰੋਬਾਰ ਨਾਲ ਜੁੜੇ ਹਰਸ਼ਰਨ ਸਿੰਘ (ਹੈਰੀ) ਘੁਮਾਣ ਤੇ ਅਮਰਬੀਰ ਸਿੰਘ ਘੁਮਾਣ ਅਤੇ ਪੰਜਾਬ ਸਪੋਰਟਸ ਕਲੱਬ ਦੇ ਸਾਬਕਾ ਪ੍ਰਧਾਨ ਮੁਖਤਿਆਰ ਸਿੰਘ (ਹੈਪੀ) ਹੀਰ, ਜਿੰਦੀ ਦਿਆਲ, ਪਾਲ ਸਿੰਘ ਖਲੀਲ, ਬਾਬਾ ਦਲਜੀਤ ਸਿੰਘ ਸ਼ਿਕਾਗੋ ਸਮੇਤ ਹੋਰਨਾਂ ਪਤਵੰਤਿਆਂ ਵੱਲੋਂ ਵੀ ਭਾਈ ਦਾਦੂਵਾਲ ਦਾ ਸਵਾਗਤ ਕਰਦਿਆਂ ਸਨਮਾਨ ਕੀਤਾ ਗਿਆ। ਉਨ੍ਹਾਂ ਦੀ ਪਤਨੀ ਬੀਬੀ ਸੁਖਮੀਤ ਕੌਰ ਅਤੇ ਪੁੱਤਰ- ਕੁਰਬਾਨ ਸਿੰਘ ਤੇ ਕਿਆਮਤ ਸਿੰਘ ਉਨ੍ਹਾਂ ਨਾਲ ਸਨ।

ਨਿਊ ਯਾਰਕ ਪਹੁੰਚਣ 'ਤੇ ਵੀ ਵੱਖ-ਵੱਖ ਥਾਈਂ ਸਿੱਖ ਸੰਸਥਾਵਾਂ ਵੱਲੋਂ ਭਾਈ ਦਾਦੂਵਾਲ ਦਾ ਭਰਵਾਂ ਸਵਾਗਤ ਕਰਦਿਆਂ ਸਿਰੋਪਾਓ ਭੇਟ ਕਰ ਕੇ ਸਨਮਾਨ ਕੀਤਾ ਗਿਆ। ਹਰਿਆਣਾ ਕਮੇਟੀ ਦੇ ਐਨ.ਆਰ.ਆਈ. ਵਿੰਗ ਦੇ ਪ੍ਰਧਾਨ ਚਰਨ ਸਿੰਘ ਪ੍ਰੇਮਪੁਰਾ, ਹਰਪ੍ਰੀਤ ਸਿੰਘ ਤੂਰ, ਅਮਰੀਕ ਸਿੰਘ ਪਿਹੋਵਾ, ਸੁਖਦੇਵ ਸਿੰਘ ਗੁਰਦਾਸਪੁਰ, ਰਣਜੀਤ ਸਿੰਘ ਸੰਗੋਜਲਾ, ਗੁਰਦੁਆਰਾ ਸੱਚਖੰਡ ਗੁਰੂ ਨਾਨਕ ਦਰਬਾਰ ਦੇ ਹੈਡ ਗ੍ਰੰਥੀ ਭਾਈ ਦਰਸ਼ਨ ਸਿੰਘ, ਗੁਰਰਾਜ ਸਿੰਘ ਭੰਗੂ ਕੈਨੇਡਾ ਸਮੇਤ ਹੋਰ ਬਹੁਤ ਸਾਰੇ ਪਤਵੰਤੇ ਸੱਜਣਾਂ ਨੇ ਉਨ੍ਹਾਂ ਦਾ ਸਵਾਗਤ ਕੀਤਾ। ਨਿਊ ਯਾਰਕ ਵਿੱਚ ਹੋਈ ਇੱਕ ਇਕੱਤਰਤਾ ਵਿੱਚ ਬੋਲਦਿਆਂ ਐਡਵੋਕੇਟ ਸੁਬੇਗ ਸਿੰਘ ਮੁਲਤਾਨੀ ਨੇ ਸਮਾਜ ਅੰਦਰ ਸਿੱਖੀ ਪ੍ਰਚਾਰ ਕਰਨ, ਅਧਿਆਤਮਕ ਵਿਕਾਸ ਅਤੇ ਏਕਤਾ ਨੂੰ ਉਤਸ਼ਾਹਿਤ ਕਰਨ ਵਿੱਚ ਭਾਈ ਦਾਦੂਵਾਲ ਵੱਲੋਂ ਨਿਭਾਈ ਜਾ ਰਹੀ ਭੂਮਿਕਾ ਬਾਰੇ ਦੱਸਿਆ। ਇਸ ਤੋਂ ਇਲਾਵਾ ਨਿਊ ਯਾਰਕ ਦੇ ਸਿੱਖ ਪਤਵੰਤਿਆਂ ਨੇ ਉਨ੍ਹਾਂ ਨਾਲ ਵਿਸ਼ੇਸ਼ ਮੁਲਾਕਾਤ ਕੀਤੀ ਅਤੇ ਵਿਦੇਸ਼ਾਂ ਵਿੱਚ ਸਿੱਖ ਭਾਈਚਾਰੇ ਨੂੰ ਆਉਂਦੀਆਂ ਮੁਸ਼ਕਿਲਾਂ ਬਾਰੇ ਵਿਚਾਰ-ਵਟਾਂਦਰਾ ਕੀਤਾ। ਇਸ ਮੌਕੇ ਭਾਈ ਦਾਦੂਵਾਲ ਨੇ ਕਿਹਾ ਕਿ ਸਿੱਖ ਪੰਥ ਦੀਆਂ ਨੁਮਾਇੰਦਾ ਜਥੇਬੰਦੀਆਂ ਸਬੰਧਤ ਸਰਕਾਰਾਂ ਨਾਲ ਗੱਲਬਾਤ ਕਰਨ, ਕਿਉਂਕਿ ਗੱਲਬਾਤ ਜ਼ਰੀਏ ਅਕਸਰ ਸਮੱਸਿਆਵਾਂ ਦਾ ਹੱਲ ਕੱਢ ਲਿਆ ਜਾਂਦਾ ਹੈ। ਮੁਲਾਕਾਤ ਕਰਨ ਵਾਲਿਆਂ ਵਿੱਚ ਸੰਤ ਪ੍ਰੇਮ ਸਿੰਘ ਸੁਸਾਇਟੀ, ਸਿੱਖ ਕਲਚਰਲ ਸੁਸਾਇਟੀ, ਸਿੱਖ ਕਮਿਊਨਿਟੀ ਕੌਂਸਲ ਅਮਰੀਕਾ ਅਤੇ ਗੁਰਦੁਆਰਾ ਸਿੱਖ ਸੈਂਟਰ ਦੇ ਨੁਮਾਇੰਦੇ ਸ਼ਾਮਲ ਸਨ।

ਇਸੇ ਦੌਰਾਨ ਭਾਈ ਦਾਦੂਵਾਲ ਗੁਰਦੁਆਰਾ ਸੱਚਖੰਡ ਗੁਰੂ ਨਾਨਕ ਦਰਬਾਰ ਅਤੇ ਗੁਰਦੁਆਰਾ ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਨਿਊ ਯਾਰਕ ਵਿਖੇ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ। ਇਸ ਮੌਕੇ ਬੋਲਦਿਆਂ ਉਨ੍ਹਾਂ ਸੰਗਤ ਨੂੰ ਆਪਣੇ ਧਰਮ ਵਿੱਚ ਪਰਪੱਕ ਰਹਿਣ ਅਤੇ ਦੂਜੇ ਧਰਮਾਂ ਦਾ ਵੀ ਸਤਿਕਾਰ ਕਰਨ ਦੀ ਪ੍ਰੇਰਨਾ ਦਿੱਤੀ। ਉਨ੍ਹਾਂ ਕਿਹਾ ਕਿ ਸਾਨੂੰ ਹਮੇਸ਼ਾ ਮਨੁੱਖਾ ਜਨਮ ਦੀਆਂ ਕਦਰਾਂ-ਕੀਮਤਾਂ ਨੂੰ ਸਮਝਦਿਆਂ ਆਪਣੇ ਫਰਜ਼ਾਂ ਪ੍ਰਤੀ ਸੁਚੇਤ ਹੋਣਾ ਚਾਹੀਦਾ ਹੈ।






ਨਿਊ ਯਾਰਕ ਵਿੱਚ ਭਾਈ ਬਲਜੀਤ ਸਿੰਘ ਦਾਦੂਵਾਲ ਵੱਖ-ਵੱਖ ਸੰਸਥਾਵਾਂ ਦੇ ਨੁਮਾਇੰਦਿਆਂ ਅਤੇ ਭਾਈਚਾਰਕ ਸ਼ਖਸੀਅਤਾਂ ਨਾਲ

# ਰੂਸ ਨੂੰ ਘਟਦੀ ਆਬਾਦੀ ਅਤੇ ਕੈਨੇਡਾ ਨੂੰ ਗ੍ਰਹਿ ਯੁੱਧ ਦੀ ਚਿੰਤਾ

## ਹਾਲਾਤ

**ਦਿਲਜੀਤ ਸਿੰਘ ਬੇਦੀ**
**ਫੋਨ: +91-7657968570**



ਇਸ ਸਮੇਂ ਜਿੱਥੇ ਵਧਦੀ ਆਬਾਦੀ ਨਾਲ ਜੂਝ ਰਹੇ ਦੁਨੀਆਂ ਦੇ ਕਈ ਦੇਸ਼ਾਂ 'ਚ ਆਬਾਦੀ ਨੂੰ ਕਾਬੂ ਕਰਨ ਲਈ ਉਪਾਅ ਕੀਤੇ ਜਾ ਰਹੇ ਹਨ, ਉਥੇ ਦੂਜੇ ਪਾਸੇ ਆਪਣੀ ਘਟਦੀ ਆਬਾਦੀ ਤੋਂ ਪ੍ਰੇਸ਼ਾਨ ਦੇਸ਼ ਆਬਾਦੀ ਵਧਾਉਣ ਲਈ ਯਤਨ ਕਰ ਰਹੇ ਹਨ। ਇਟਲੀ, ਜਾਪਾਨ, ਈਰਾਨ, ਬ੍ਰਾਜ਼ੀਲ ਆਦਿ ਦੇਸ਼ਾਂ 'ਚ ਘਟਦੀ ਆਬਾਦੀ ਕਾਰਨ ਬੱਚੇ ਪੈਦਾ ਕਰਨ ਨੂੰ ਉਤਸ਼ਾਹਿਤ ਕਰਨ ਲਈ ਜੋੜਿਆਂ ਨੂੰ ਆਰਥਿਕ ਸਹਾਇਤਾ ਦਿੱਤੀ ਜਾ ਰਹੀ ਹੈ। ਕਿਤੇ-ਕਿਤੇ ਨਸਬੰਦੀ 'ਤੇ ਵੀ ਰੋਕ ਲਾ ਦਿੱਤੀ ਗਈ ਹੈ। ਚੀਨ 'ਚ ਵਧਦੀ ਆਬਾਦੀ 'ਤੇ ਰੋਕ ਲਾਉਣ ਲਈ 1979 ਵਿੱਚ 'ਇੱਕ ਬੱਚਾ ਨੀਤੀ' ਲਾਗੂ ਕਰ ਕੇ ਇਸ ਨੂੰ ਸਖਤੀ ਨਾਲ ਲਾਗੂ ਕੀਤਾ ਗਿਆ ਸੀ ਅਤੇ ਇਸ ਦੀ ਉਲੰਘਣਾ ਕਰਨ 'ਤੇ ਜੋੜੇ ਨੂੰ ਜੇਲ੍ਹ ਤਕ ਭੇਜਣ ਦੀ ਵਿਵਸਥਾ ਕੀਤੀ ਗਈ ਸੀ। ਹੁਣ 'ਇੱਕ ਬੱਚਾ ਨੀਤੀ' ਕਾਰਨ ਚੀਨ ਸਰਕਾਰ ਨੂੰ ਜਨਮ ਦਰ ਦੀ ਕਮੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਸ ਨੇ 2016 'ਚ ਢਿੱਲ ਦੇ ਕੇ 2 ਬੱਚੇ ਪੈਦਾ ਕਰਨ ਦੀ ਆਗਿਆ ਦਿੱਤੀ ਅਤੇ ਫਿਰ 2021 'ਚ ਇਸ 'ਚ ਹੋਰ ਢਿੱਲ ਦੇ ਕੇ 3 ਬੱਚੇ ਪੈਦਾ ਕਰਨ ਦੀ ਛੋਟ ਦੇ ਦਿੱਤੀ ਗਈ। ਚੀਨ ਦੀ ਨੌਜਵਾਨ ਪੀੜ੍ਹੀ ਵਿਆਹ ਅਤੇ ਬੱਚੇ ਪੈਦਾ ਕਰਨ 'ਚ ਦਿਲਚਸਪੀ ਨਹੀਂ ਲੈ ਰਹੀ ਹੈ, ਇਸ ਲਈ ਚੀਨ ਸਰਕਾਰ ਨੇ ਨੌਜਵਾਨਾਂ ਨੂੰ ਆਰਥਿਕ ਸਹਾਇਤਾ ਅਤੇ ਟੈਕਸ ਛੋਟ ਵਰਗੀ ਯੋਜਨਾ ਵੀ ਸ਼ੁਰੂ ਕਰ ਦਿੱਤੀ ਹੈ।

ਜਿੱਥੋਂ ਤਕ ਚੀਨ ਦੇ ਗੁਆਂਢੀ ਦੇਸ਼ ਰੂਸ ਦਾ ਸਬੰਧ ਹੈ, ਯੂਕਰੇਨ ਨਾਲ ਜੰਗ 'ਚ ਉਲਝੀ ਰੂਸ ਸਰਕਾਰ ਵੀ ਆਬਾਦੀ 'ਚ ਕਮੀ 'ਤੇ ਚਿੰਤਿਤ ਹੈ। ਇਸ ਸਮੇਂ ਰੂਸ 'ਚ ਜਨਮ ਦਰ 1999 ਪਿੱਛੋਂ ਹੁਣ ਤਕ ਦੇ ਸਭ ਤੋਂ ਹੇਠਲੇ ਪੱਧਰ 'ਤੇ ਪਹੁੰਚ ਗਈ ਹੈ। ਇੱਕ ਤਾਂ ਉੱਥੇ ਜੋੜੇ ਘੱਟ ਬੱਚੇ ਪੈਦਾ ਕਰ ਰਹੇ ਹਨ ਅਤੇ ਦੂਜਾ ਯੂਕਰੇਨ ਨਾਲ ਜੰਗ ਕਾਰਨ ਵੀ ਵੱਡੀ ਗਿਣਤੀ 'ਚ ਰੂਸੀ ਨੌਜਵਾਨਾਂ ਵੱਲੋਂ ਵਿਦੇਸ਼ ਜਾਣ ਕਾਰਨ ਇਹ ਸੰਕਟ ਹੋਰ ਵੀ ਵਧ ਗਿਆ ਹੈ। ਉੱਥੇ ਜਨਮ ਦਰ ਘਟ ਕੇ ਪ੍ਰਤੀ ਔਰਤ 1.5 ਦੇ ਚਿੰਤਾਜਨਕ ਪੱਧਰ 'ਤੇ ਪਹੁੰਚ ਗਈ ਹੈ, ਜਦ ਕਿ ਕਿਸੇ ਦੇਸ਼ ਦੀ ਆਬਾਦੀ ਨੂੰ ਸਥਿਰ ਰੱਖਣ ਲਈ ਉੱਥੇ ਪ੍ਰਜਨਣ ਦਰ ਘੱਟੋ-ਘੱਟ 2.1 ਹੋਣੀ ਚਾਹੀਦੀ ਹੈ। ਰੂਸ ਨੇ 2024 ਦੀ ਪਹਿਲੀ ਛਿਮਾਹੀ ਲਈ 25 ਸਾਲਾਂ 'ਚ ਆਪਣੀ ਸਭ ਤੋਂ ਘੱਟ ਜਨਮ ਦਰ ਦਰਜ ਕੀਤੀ ਹੈ। ਅੰਕੜਿਆਂ ਤੋਂ ਇਹ ਵੀ ਪਤਾ ਲੱਗਾ ਹੈ ਕਿ ਜੂਨ 'ਚ ਜਨਮ ਦਰ ਪਹਿਲੀ ਵਾਰ 1 ਲੱਖ ਤੋਂ ਹੇਠਾਂ ਆ ਗਈ, ਜੋ ਇੱਕ ਵੱਡੀ ਗਿਰਾਵਟ ਦਰਸਾਉਂਦੀ ਹੈ। ਰੂਸ ਦੇ ਸਿਹਤ ਮੰਤਰਾਲਾ ਵੱਲੋਂ 18 ਤੋਂ 40 ਸਾਲ ਦੀ ਉਮਰ ਦੀਆਂ ਔਰਤਾਂ ਨੂੰ ਉਨ੍ਹਾਂ ਦੀ ਪ੍ਰਜਨਣ ਸਿਹਤ ਅਤੇ ਸਮਰੱਥਾ ਦਾ ਮੁਲੰਕਣ ਕਰਨ ਲਈ ਮੁਫਤ ਪ੍ਰਜਨਣ ਜਾਂਚ 'ਚ ਹਿੱਸਾ ਲੈਣ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਏਨਾ ਹੀ ਨਹੀਂ, ਰੂਸ ਦੇ 'ਚੇਲਯਾਬਿੰਸਕ' ਇਲਾਕੇ 'ਚ ਅਧਿਕਾਰੀਆਂ ਨੇ ਜਨਮ ਦਰ ਵਧਾਉਣ ਲਈ ਲੋਕਾਂ ਦੀ ਆਰਥਿਕ ਮਦਦ ਕਰਨੀ ਵੀ ਸ਼ੁਰੂ ਕਰ ਦਿੱਤੀ ਹੈ। ਉੱਥੇ 24 ਸਾਲ ਤੋਂ ਘੱਟ ਉਮਰ ਦੀਆਂ ਔਰਤਾਂ ਨੂੰ ਉਨ੍ਹਾਂ ਦੇ ਪਹਿਲੇ ਬੱਚੇ ਦੇ ਜਨਮ 'ਤੇ 1.02 ਲੱਖ ਰੂਬਲ (9.40 ਲੱਖ ਰੁਪਏ) ਦਿੱਤੇ ਜਾ ਰਹੇ ਹਨ। ਰੂਸ 'ਚ ਗਰਭਪਾਤ ਕਰਵਾਉਣ ਦੇ ਰੁਝਾਨ 'ਤੇ ਲਗਾਤਾਰ ਪਾਬੰਦੀ ਲਾਈ ਜਾ ਰਹੀ ਹੈ। ਜਨਤਕ ਹਸਤੀਆਂ ਅਤੇ ਧਾਰਮਿਕ ਆਗੂਆਂ ਵੱਲੋਂ ਜੋੜਿਆਂ ਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਔਰਤਾਂ ਦੀ ਪਹਿਲੀ ਜ਼ਿੰਮੇਵਾਰੀ ਬੱਚਿਆਂ ਨੂੰ ਜਨਮ ਦੇਣਾ ਤੇ ਉਨ੍ਹਾਂ ਦਾ ਪਾਲਣ-ਪੋਸ਼ਣ ਕਰਨਾ ਹੈ। ਇਸ ਲਈ ਰੂਸ 'ਚ ਤਲਾਕ ਨੂੰ ਨਿਰਉਤਸ਼ਾਹਿਤ ਕਰਨ ਲਈ ਅਦਾਲਤ ਦੀ ਫੀਸ ਵੀ ਵਧਾ ਦਿੱਤੀ ਗਈ ਹੈ। ਘਟਦੀ ਜਨਮ ਦਰ ਦੀ ਸਮੱਸਿਆ ਨਾਲ ਨਜਿੱਠਣ ਲਈ ਰੂਸੀ ਰਾਸ਼ਟਰਪਤੀ ਪੁਤਿਨ ਨੇ ਇੱਕ ਅਨੋਖੀ ਤਰਕੀਬ ਕੱਢੀ ਹੈ ਅਤੇ ਰੂਸ ਦੇ ਨਾਗਰਿਕਾਂ ਨੂੰ ਆਫਿਸ 'ਚ ਲੰਚ ਅਤੇ ਕੌਫੀ ਬ੍ਰੇਕ ਦੌਰਾਨ ਸੈਕਸ ਕਰਨ ਦੀ ਸਲਾਹ ਤਕ ਦੇ ਦਿੱਤੀ ਹੈ। ਸਿਹਤ ਮੰਤਰੀ ਡਾ. ਯੇਵਗੇਨੀ ਸਟੋਪਾਲੋਵ ਨੇ ਵੀ ਰੂਸ ਦੇ ਲੋਕਾਂ ਨੂੰ ਪਰਿਵਾਰ ਵਧਾਉਣ ਲਈ ਲੰਚ ਅਤੇ ਕੌਫੀ ਬ੍ਰੇਕ ਦੇ ਸਮੇਂ ਦਾ ਲਾਭ ਉਠਾਉਣ ਦੀ ਅਪੀਲ ਕੀਤੀ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਬੱਚੇ ਪੈਦਾ ਕਰਨ ਦੀ ਇਸ ਪ੍ਰਕਿਰਿਆ 'ਚ ਦਫਤਰ ਦਾ ਕੰਮ ਰੁਕਾਵਟ ਨਹੀਂ ਬਣਨਾ ਚਾਹੀਦਾ। ਉਨ੍ਹਾਂ ਨੇ ਕਿਹਾ, "ਕੰਮ 'ਚ ਜ਼ਿਆਦਾ ਰੁੱਝਾ ਹੋਣਾ ਸੈਕਸ ਨਾ ਕਰਨ ਦਾ ਕੋਈ ਜਾਇਜ਼ ਕਾਰਨ ਨਹੀਂ ਹੈ। ਇਹ ਇੱਕ ਬੇਕਾਰ ਬਹਾਨਾ ਹੈ, ਤੁਸੀਂ ਬਰੇਕ ਦਰਮਿਆਨ ਸੈਕਸ ਕਰ ਸਕਦੇ ਹੋ, ਕਿਉਂਕਿ ਜੀਵਨ ਬਹੁਤ ਤੇਜ਼ੀ ਨਾਲ ਬੀਤਦਾ ਹੈ।" ਜ਼ਿਕਰਯੋਗ ਹੈ ਕਿ ਰਾਸ਼ਟਰਪਤੀ ਪੁਤਿਨ ਆਪਣੇ ਦੇਸ਼ 'ਚ ਘਟਦੀ ਜਨਮ ਦਰ 'ਤੇ ਕਈ ਵਾਰ ਚਿੰਤਾ ਜਤਾ ਚੁੱਕੇ ਹਨ ਅਤੇ ਰੂਸੀ ਔਰਤਾਂ ਨੂੰ ਘੱਟੋ-ਘੱਟ 8 ਬੱਚਿਆਂ ਨੂੰ ਜਨਮ ਦੇਣ ਤੇ ਵੱਡੇ ਪਰਿਵਾਰ ਬਣਾਉਣ ਦੀ ਅਪੀਲ ਕਰ ਚੁੱਕੇ ਹਨ।



■ ਰੂਸੀ ਰਾਸ਼ਟਰਪਤੀ ਪੁਤਿਨ ਇੱਕ ਬੱਚੇ ਨੂੰ ਖਿਡਾਉਂਦਾ ਹੋਇਆ

***ਘਟਦੀ ਜਨਮ ਦਰ ਦੀ ਸਮੱਸਿਆ ਨਾਲ ਨਜਿੱਠਣ ਲਈ ਰੂਸੀ ਰਾਸ਼ਟਰਪਤੀ ਪੁਤਿਨ ਨੇ ਇੱਕ ਅਨੋਖੀ ਤਰਕੀਬ ਕੱਢੀ ਹੈ ਅਤੇ ਰੂਸ ਦੇ ਨਾਗਰਿਕਾਂ ਨੂੰ ਆਫਿਸ 'ਚ ਲੰਚ ਅਤੇ ਕੌਫੀ ਬ੍ਰੇਕ ਦੌਰਾਨ ਸੈਕਸ ਕਰਨ ਦੀ ਸਲਾਹ ਤਕ ਦੇ ਦਿੱਤੀ ਹੈ। ਸਿਹਤ ਮੰਤਰੀ ਡਾ. ਯੇਵਗੇਨੀ ਸਟੋਪਾਲੋਵ ਨੇ ਵੀ ਰੂਸ ਦੇ ਲੋਕਾਂ ਨੂੰ ਪਰਿਵਾਰ ਵਧਾਉਣ ਲਈ ਲੰਚ ਅਤੇ ਕੌਫੀ ਬ੍ਰੇਕ ਦੇ ਸਮੇਂ ਦਾ ਲਾਭ ਉਠਾਉਣ ਦੀ ਅਪੀਲ ਕੀਤੀ ਹੈ।***

**ਵਿਦਿਆਰਥੀ ਅਤੇ ਕੈਨੇਡਾ ਨੀਤੀ:** ਘਰੇਲੂ ਸੰਕਟ ਕਾਰਨ ਵਿਦੇਸ਼ੀਆਂ ਦੀ ਗਿਣਤੀ 'ਤੇ ਰੋਕ ਲਾਉਣ ਦੀ ਜਸਟਿਨ ਟਰੂਡੋ ਸਰਕਾਰ ਦੀ ਨੀਤੀ ਸਿਆਸੀ ਮੁੱਦਾ ਬਣ ਚੁੱਕੀ ਹੈ। ਦੇਸ਼ ਵਿੱਚ ਅਗਲੇ ਸਾਲ ਯਾਨਿ 2025 ਦੇ ਅਖੀਰ 'ਚ ਆਮ ਚੋਣਾਂ ਹੋਣੀਆਂ ਹਨ ਅਤੇ ਸਰਵੇਖਣ ਘਬਰਾਹਟ ਵਾਲੇ ਹਨ। ਅੰਦਰੂਨੀ ਸੰਕਟ ਤੋਂ ਪ੍ਰੇਸ਼ਾਨ ਟਰੂਡੋ ਦੀ ਅਗਵਾਈ ਵਾਲੀ ਸਰਕਾਰ ਨੇ ਇੱਕ ਵਾਰ ਫਿਰ ਵਿਦੇਸ਼ੀ ਵਿਦਿਆਰਥੀਆਂ ਲਈ ਸਟੱਡੀ ਪਰਮਿਟ ਦੀ ਗਿਣਤੀ ਨੂੰ 35 ਫੀਸਦੀ ਤੱਕ ਘੱਟ ਕਰ ਦਿੱਤਾ ਹੈ। ਨਾਲ ਹੀ ਵਿਦੇਸ਼ੀਆਂ ਲਈ ਵਰਕ ਪਰਮਿਟ ਵੀ ਘੱਟ ਕਰਨ ਅਤੇ ਇਸ ਦੇ ਲਈ ਯੋਗਤਾ ਦੇ ਨਿਯਮਾਂ ਨੂੰ ਸਖਤ ਕਰਨ ਦਾ ਫੈਸਲਾ ਲਿਆ ਹੈ। ਟਰੂਡੋ ਨੂੰ ਉਮੀਦ ਹੈ ਕਿ ਉਨ੍ਹਾਂ ਦੇ ਇਸ ਕਦਮ ਨਾਲ ਦੇਸ਼ 'ਚ ਘਰੇਲੂ ਸੰਕਟ ਘੱਟ ਹੋਵੇਗਾ ਅਤੇ ਆਮ ਚੋਣਾਂ 'ਚ ਇਸ ਦਾ ਉਨ੍ਹਾਂ ਨੂੰ ਫਾਇਦਾ ਮਿਲੇਗਾ।

ਕੈਨੇਡਾ ਸਰਕਾਰ ਦਾ ਇਹ ਕਦਮ ਵੱਡੀ ਗਿਣਤੀ 'ਚ ਉਨ੍ਹਾਂ ਭਾਰਤੀਆਂ ਨੂੰ ਸਿੱਧੇ ਤੌਰ 'ਤੇ ਪ੍ਰਭਾਵਿਤ ਕਰੇਗਾ, ਜੋ ਪੜ੍ਹਨ ਅਤੇ ਕੰਮ ਕਰਨ ਲਈ ਕੈਨੇਡਾ ਜਾਣ ਦਾ ਇਰਾਦਾ ਰੱਖਦੇ ਹਨ। ਕੈਨੇਡਾ 'ਚ ਵਿਦੇਸ਼ੀਆਂ ਦਾ ਸਭ ਤੋਂ ਵੱਡਾ ਹਿੱਸਾ ਭਾਰਤੀਆਂ ਦਾ ਹੈ। ਬਦਲੇ ਨਿਯਮਾਂ ਨਾਲ ਵਿਦਿਆਰਥੀਆਂ ਨੂੰ ਨਾ ਸਿਰਫ ਪੜ੍ਹਾਈ ਲਈ ਕੈਨੇਡਾ ਜਾਣ 'ਚ ਮੁਸ਼ਕਿਲ ਹੋਵੇਗੀ, ਬਲਕਿ ਕੰਮ ਲੱਭਣਾ ਵੀ ਆਸਾਨ ਨਹੀਂ ਹੋਵੇਗਾ। ਇਸ ਤਰ੍ਹਾਂ ਆਉਣ ਵਾਲੇ ਸਮੇਂ 'ਚ ਭਾਰਤੀ ਵਿਦਿਆਰਥੀ ਕੈਨੇਡਾ ਦੀ ਥਾਂ ਅਮਰੀਕਾ, ਬ੍ਰਿਟੇਨ, ਆਸਟ੍ਰੇਲੀਆ ਅਤੇ ਯੂਰਪੀ ਦੇਸ਼ਾਂ ਦੀ ਚੋਣ ਕਰਦੇ ਦਿਖ ਸਕਦੇ ਹਨ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਇਸ ਸਾਲ 35 ਫੀਸਦੀ ਘੱਟ ਅੰਤਰਰਾਸ਼ਟਰੀ ਵਰਕ ਪਰਮਿਟ ਜਾਰੀ ਹੋਣਗੇ ਅਤੇ ਅਗਲੇ ਸਾਲ ਇਸ 'ਚ 10 ਫੀਸਦੀ ਹੋਰ ਕਮੀ ਹੋਵੇਗੀ। ਹਾਲ ਹੀ 'ਚ ਕੀਤੇ ਗਏ ਬਦਲਾਵਾਂ ਦੇ ਐਲਾਨ ਤੋਂ ਬਾਅਦ 2025 'ਚ ਅੰਤਰਰਾਸ਼ਟਰੀ ਸਟੱਡੀ ਪਰਮਿਟ ਦੀ ਗਿਣਤੀ ਘੱਟ ਹੋ ਕੇ 4,37000 ਰਹਿ ਜਾਵੇਗੀ। ਸਾਲ ਪਹਿਲਾਂ 2023 'ਚ 5,09390 ਪਰਮਿਟ ਮਨਜ਼ੂਰ ਕੀਤੇ ਗਏ ਸਨ। ਇਸ ਸਾਲ ਦੀ ਗੱਲ ਕੀਤੀ ਜਾਵੇ ਤਾਂ 2024 ਦੇ ਪਹਿਲੇ 7 ਮਹੀਨਿਆਂ 'ਚ 1,75920 ਸਟੱਡੀ ਪਰਮਿਟ ਨੂੰ ਮਨਜ਼ੂਰੀ ਦਿੱਤੀ ਗਈ ਹੈ। ਨਿਯਮਾਂ 'ਚ ਬਦਲਾਅ ਨਾਲ ਵਿਦਿਆਰਥੀਆਂ ਦੇ ਪਾਰਟਨਰ ਅਤੇ ਅਸਥਾਈ ਵਿਦੇਸ਼ੀ ਕੰਮ ਕਰਨ ਆਉਣ ਵਾਲਿਆਂ ਲਈ ਵਰਕ ਪਰਮਿਟ ਦੀ ਯੋਗਤਾ ਵੀ ਸੀਮਤ ਹੋ ਜਾਵੇਗੀ।

ਭਾਰਤ ਸਰਕਾਰ ਦੇ ਅੰਕੜਿਆਂ ਮੁਤਾਬਕ ਦੇਸ਼ ਦੇ ਲਗਭਗ 4.27 ਲੱਖ ਵਿਦਿਆਰਥੀ ਕੈਨੇਡਾ 'ਚ ਪੜ੍ਹ ਰਹੇ ਹਨ। ਸਾਲ 2023 ਵਿੱਚ ਕੈਨੇਡਾ 'ਚ ਭਾਰਤੀ ਵਿਦਿਆਰਥੀਆਂ ਦੀ ਗਿਣਤੀ 50 ਫੀਸਦੀ ਸੀ। ਜ਼ਿਕਰਯੋਗ ਹੈ ਕਿ ਮੌਜੂਦਾ ਸਮੇਂ ਕੈਨੇਡਾ ਵਿੱਚ ਭਾਰਤੀ ਭਾਈਚਾਰੇ ਦੀ ਗਿਣਤੀ ਲਗਾਤਾਰ ਵਧੀ ਹੈ। ਕੈਨੇਡਾ ਵਿੱਚ ਅਧਿਕਾਰਿਤ ਤੌਰ 'ਤੇ ਰਜਿਸਟਰਡ ਭਾਰਤੀਆਂ ਦੀ ਗਿਣਤੀ 2000 ਵਿੱਚ 6,70000 ਸੀ, ਜੋ ਵਧ ਕੇ 2020 ਵਿੱਚ 10 ਲੱਖ ਤੋਂ ਜ਼ਿਆਦਾ ਹੋ ਗਈ। ਸਾਲ 2020 ਤੱਕ ਕੈਨੇਡਾ 'ਚ ਕੁੱਲ 1,021,356 ਭਾਰਤੀ ਰਜਿਸਟਰਡ ਸਨ।

ਕੈਨੇਡਾ ਇਮੀਗ੍ਰੇਸ਼ਨ 'ਚ ਸਭ ਤੋਂ ਵੱਡਾ ਵਾਧਾ ਅਸਥਾਈ ਨਿਵਾਸੀਆਂ, ਵਿਸ਼ੇਸ਼ ਤੌਰ 'ਤੇ ਮਜ਼ਦੂਰਾਂ ਅਤੇ ਵਿਦਿਆਰਥੀਆਂ ਕਾਰਨ ਹੋਇਆ ਹੈ। ਸਿਰਫ 2 ਸਾਲਾਂ 'ਚ ਇਹ ਗਿਣਤੀ ਦੁੱਗਣੀ ਹੋ ਗਈ ਹੈ। ਬੇਕਾਬੂ ਇਮੀਗ੍ਰੇਸ਼ਨ ਦੇਸ਼ ਦੀਆਂ ਰਿਹਾਇਸ਼ੀ, ਸਮਾਜਿਕ ਸੇਵਾਵਾਂ ਅਤੇ ਰਹਿਣ-ਸਹਿਣ ਦੀਆਂ ਵਧੀਆਂ ਕੀਮਤਾਂ 'ਤੇ ਵੀ ਬੋਝ ਪਾ ਰਹੀ ਹੈ। ਸਰਵੇਖਣ 'ਚ ਪਤਾ ਲੱਗਾ ਹੈ, ਜਨਤਾ ਦਾ ਇੱਕ ਵੱਡਾ ਹਿੱਸਾ ਇਹ ਸੋਚਦਾ ਹੈ ਕਿ ਕੈਨੇਡਾ ਬਹੁਤ ਜ਼ਿਆਦਾ ਪਰਵਾਸੀਆਂ ਨੂੰ ਲਿਆ ਰਿਹਾ ਹੈ। ਇਸ ਨਾਲ ਸਥਾਨਕ ਲੋਕਾਂ ਨੂੰ ਕੰਮ ਨਹੀਂ ਮਿਲ ਰਿਹਾ ਹੈ। ਇਸ ਨੂੰ ਦੇਖਦੇ ਹੋਏ ਵੀ ਸਰਕਾਰ ਨਿਯਮਾਂ ਨੂੰ ਸਖਤ ਕਰ ਰਹੀ ਹੈ। ਕੈਨੇਡੀਅਨ ਲੋਕ ਭਾਰਤੀਆਂ ਦੇ ਬੇਟੋਕ ਦਾਖਲੇ ਕਾਰਨ ਸਖ਼ਤ ਨਾਰਾਜ਼ ਹਨ। ਨਾਰਾਜ਼ਗੀ ਦੀਆਂ ਖਬਰਾਂ ਲਗਾਤਾਰ ਟਰੂਡੋ ਦੀ ਨੀਂਦ ਹਰਾਮ ਕਰਨ ਵਾਲੀਆਂ ਹਨ, ਅਜਿਹੇ ਫੈਸਲੇ ਵੀ ਇਸੇ ਨੀਤੀ ਦਾ ਹਿੱਸਾ ਹਨ।

**'ਇੱਕ ਰਾਸ਼ਟਰ ਇੱਕ ਚੋਣ' ਯੋਜਨਾ ਤਹਿਤ 3 ਬਿੱਲਾਂ 'ਤੇ ਵਿਚਾਰ:** ਜੋਸ਼ਲ ਕਾਫ਼ਮੈਨ ਕਹਿੰਦਾ ਹੈ ਕਿ ਭਵਿੱਖ ਨੂੰ ਸਾਕਾਰ ਕਰ ਦੇਣਾ ਹੀ ਸਭ ਤੋਂ ਵਧੀਆ ਪੇਸ਼ੀਨਗੋਈ ਹੈ। ਜਿੰਨੇ ਵੀ ਮਸਲੇ ਵਿਗੜਦੇ ਹਨ, ਉਹ ਗੱਲਬਾਤ ਦੀ ਘਾਟ ਕਾਰਨ ਹੀ ਵਿਵਾਦਤ ਹੁੰਦੇ ਹਨ। ਵਿਅਕਤੀ ਦੀ ਭਾਸ਼ਾ ਉਸ ਦੀ ਸ਼ਖ਼ਸੀਅਤ ਦਾ ਸਬੂਤ ਹੁੰਦੀ ਹੈ। ਸਾਡੀ ਹਰ ਕਾਰਵਾਈ ਹਰੇਕ ਕਿੱਤੇ ਤੇ ਹਰੇਕ ਵਿਅਕਤੀ ਦੀ ਭਲਾਈ ਵੱਲ ਸੇਧਤ ਹੋਣੀ ਚਾਹੀਦੀ ਹੈ। ਦੇਸ਼ 'ਚ ਇੱਕੋ ਸਮੇਂ ਚੋਣਾਂ ਕਰਵਾਉਣ ਦੀ ਆਪਣੀ ਯੋਜਨਾ ਨੂੰ ਲਾਗੂ ਕਰਨ ਲਈ ਭਾਰਤ ਸਰਕਾਰ ਵੱਲੋਂ 3 ਬਿੱਲ ਲਿਆਉਣ ਦੀ ਸੰਭਾਵਨਾ ਹੈ, ਜਿਨ੍ਹਾਂ 'ਚੋਂ 2 ਸੰਵਿਧਾਨਕ ਸੋਧ ਨਾਲ ਸਬੰਧਤ ਹੋਣਗੇ। ਪ੍ਰਸਤਾਵਿਤ ਸੰਵਿਧਾਨਕ ਸੋਧ ਬਿੱਲਾਂ 'ਚੋਂ ਇੱਕ ਲੋਕ ਸਭਾ, ਵਿਧਾਨ ਸਭਾਵਾਂ ਅਤੇ ਲੋਕਲ ਬਾਡੀ ਦੀਆਂ ਚੋਣਾਂ ਕਰਵਾਉਣ ਨਾਲ ਸਬੰਧਤ ਹੈ। ਇਸ ਦੇ ਲਈ ਘੱਟੋ-ਘੱਟ 50 ਫੀਸਦੀ ਸੂਬਿਆਂ ਦੀ ਪ੍ਰਵਾਨਗੀ ਦੀ ਲੋੜ ਹੈ। 'ਇੱਕ ਰਾਸ਼ਟਰ ਇੱਕ ਚੋਣ' ਯੋਜਨਾ ਨਾਲ ਅੱਗੇ ਵਧਦਿਆਂ ਸਰਕਾਰ ਨੇ ਦੇਸ਼ ਪੱਧਰੀ ਸਹਿਮਤੀ ਬਣਾਉਣ ਦੀ ਕਵਾਇਦ ਤੋਂ ਬਾਅਦ ਪੜਾਅਵਾਰ ਢੰਗ ਨਾਲ ਲੋਕ ਸਭਾ, ਵਿਧਾਨ ਸਭਾਵਾਂ ਅਤੇ ਲੋਕਲ ਬਾਡੀ ਦੀਆਂ ਚੋਣਾਂ ਇੱਕੋ ਸਮੇਂ ਕਰਵਾਉਣ ਲਈ ਉਚ-ਪੱਧਰੀ ਕਮੇਟੀ ਦੀਆਂ ਸਿਫ਼ਾਰਸ਼ਾਂ ਨੂੰ ਸਵੀਕਾਰ ਕਰ ਲਿਆ ਹੈ। ਪ੍ਰਸਤਾਵਿਤ ਪਹਿਲਾ ਸੰਵਿਧਾਨਕ ਸੋਧ ਬਿੱਲ ਲੋਕ ਸਭਾ ਅਤੇ ਵਿਧਾਨ ਸਭਾਵਾਂ ਲਈ ਇੱਕੋ ਸਮੇਂ ਚੋਣਾਂ ਕਰਵਾਉਣ ਦੀ ਵਿਵਸਥਾ ਨਾਲ ਸਬੰਧਤ ਹੋਵੇਗਾ।

ਉਚ ਪੱਧਰੀ ਕਮੇਟੀ ਦੀਆਂ ਸਿਫ਼ਾਰਸ਼ਾਂ ਵਾਲੇ ਪ੍ਰਸਤਾਵਿਤ ਬਿੱਲ 'ਚ 'ਤੈਅ ਮਿਤੀ' ਨਾਲ ਸਬੰਧਤ ਉਪ-ਧਾਰਾ (1) ਜੋੜ ਕੇ ਧਾਰਾ 82-ਏ 'ਚ ਸੋਧ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਇਸ 'ਚ ਲੋਕ ਸਭਾ ਅਤੇ ਸੂਬਾ ਵਿਧਾਨ ਸਭਾਵਾਂ ਦੇ ਕਾਰਜਕਾਲ ਦੀ ਇੱਕੋ ਸਮੇਂ ਸਮਾਪਤੀ ਨਾਲ ਸਬੰਧਤ ਧਾਰਾ 82-ਏ 'ਚ ਉਪ ਖੰਡ (2) ਸ਼ਾਮਲ ਕੀਤੀ ਜਾਵੇਗੀ। 50 ਫੀਸਦੀ ਸੂਬਾਈ ਵਿਧਾਨ ਸਭਾਵਾਂ ਦੇ ਸਮਰਥਨ ਦੀ ਲੋੜ ਪ੍ਰਸਤਾਵਿਤ ਦੂਜੇ ਸੰਵਿਧਾਨਕ ਸੋਧ ਬਿੱਲ ਨੂੰ ਘੱਟੋ-ਘੱਟ 50 ਫੀਸਦੀ ਸੂਬਾ ਵਿਧਾਨ ਸਭਾਵਾਂ ਦੇ ਸਮਰਥਨ ਦੀ ਲੋੜ ਹੋਵੇਗੀ, ਕਿਉਂਕਿ ਇਹ ਸੂਬੇ ਦੇ ਮਾਮਲਿਆਂ ਨਾਲ ਸਬੰਧਤ ਵਿਸ਼ਿਆਂ ਨਾਲ ਨਜਿੱਠੇਗਾ। ਇਹ ਸਥਾਨਕ ਲੋਕਲ ਬਾਡੀ ਦੀਆਂ ਚੋਣਾਂ ਲਈ ਸੂਬਾ ਚੋਣ ਕਮਿਸ਼ਨਾਂ ਨਾਲ ਸਲਾਹ-ਮਸ਼ਵਰਾ ਕਰ ਕੇ ਚੋਣ ਕਮਿਸ਼ਨ ਵੱਲੋਂ ਵੋਟਰ ਸੂਚੀ ਦੀ ਤਿਆਰੀ ਨਾਲ ਸਬੰਧਤ ਸੰਵਿਧਾਨਕ ਵਿਵਸਥਾਵਾਂ 'ਚ ਸੋਧ ਕਰਨ ਦਾ ਪ੍ਰਸਤਾਵ ਪੇਸ਼ ਕਰੇਗਾ। ਪ੍ਰਸਤਾਵਿਤ ਦੂਜਾ ਸੰਵਿਧਾਨਕ ਸੋਧ ਬਿੱਲ ਨਵੀਂ ਧਾਰਾ 324-ਏ ਜੋੜ ਕੇ ਲੋਕ ਸਭਾ ਅਤੇ ਸੂਬਾ ਵਿਧਾਨ ਸਭਾਵਾਂ ਦੇ ਨਾਲ-ਨਾਲ ਨਗਰ ਨਿਗਮਾਂ ਤੇ ਪੰਚਾਇਤਾਂ ਦੀਆਂ ਚੋਣਾਂ ਵੀ ਇੱਕੋ ਸਮੇਂ ਕਰਵਾਉਣ ਦੀ ਵਿਵਸਥਾ ਕਰੇਗਾ। ਤੀਜਾ ਬਿੱਲ ਕੇਂਦਰ ਸ਼ਾਸਿਤ ਪ੍ਰਦੇਸ਼ ਪੁੱਡੂਚੇਰੀ, ਦਿੱਲੀ, ਜੰਮੂ ਅਤੇ ਕਸ਼ਮੀਰ ਨਾਲ ਸਬੰਧਤ ਤਿੰਨ ਕਾਨੂੰਨਾਂ ਦੇ ਉਪਬੰਧਾਂ 'ਚ ਸੋਧ ਕਰਨ ਲਈ ਇੱਕ ਆਮ ਬਿੱਲ ਹੋਵੇਗਾ ਤਾਂ ਕਿ ਇਨ੍ਹਾਂ ਸਦਨਾਂ ਦੇ ਕਾਰਜਕਾਲ ਨੂੰ ਹੋਰ ਵਿਧਾਨ ਸਭਾਵਾਂ ਅਤੇ ਲੋਕ ਸਭਾ ਨਾਲ ਇਕੱਠਾ ਕੀਤਾ ਜਾ ਸਕੇ, ਜਿਵੇਂ ਕਿ ਪਹਿਲੀ ਸੰਵਿਧਾਨਕ ਸੋਧ 'ਚ ਪ੍ਰਸਤਾਵਿਤ ਹੈ।

**ਰਾਜਨੀਤੀ 'ਚ ਔਰਤਾਂ ਅਤੇ ਨਿਆਂ:** ਬਰਾਬਰੀ ਅਤੇ ਨਿਆਂ ਲਈ ਰਾਜਨੀਤੀ 'ਚ ਵੱਧ ਤੋਂ ਵੱਧ ਔਰਤਾਂ ਦੀ ਹਿੱਸੇਦਾਰੀ 'ਤੇ ਜ਼ੋਰ ਦਿੰਦਿਆਂ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਅਸਲ ਤਬਦੀਲੀ ਲਿਆਉਣ ਲਈ ਉਤਸ਼ਾਹਿਤ ਅੱਧੀ ਆਬਾਦੀ ਨੂੰ 'ਸ਼ਕਤੀ ਅਭਿਆਨ' 'ਚ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ, ਜਿਸ ਦਾ ਮੰਤਵ ਰਾਜਨੀਤੀ 'ਚ 'ਔਰਤਾਂ ਦੇ ਹਿੱਤਾਂ ਲਈ ਬਰਾਬਰ ਮੌਕੇ ਪ੍ਰਦਾਨ ਕਰਾਉਣਾ' ਹੈ। ਰਾਹੁਲ ਨੇ ਕਿਹਾ, 'ਸਿਆਸਤ 'ਚ ਔਰਤਾਂ ਦੀ ਹਿੱਸੇਦਾਰੀ ਨੂੰ ਵਧਾਏ ਬਿਨਾ ਸਮਾਜ 'ਚ ਬਰਾਬਰੀ ਅਤੇ ਨਿਆਂ ਸੰਭਵ ਨਹੀਂ ਹੈ।' 'ਸ਼ਕਤੀ ਅਭਿਆਨ' ਦਾ ਮੰਤਵ ਰਾਜਨੀਤੀ ਅਤੇ ਫੈਸਲੇ ਲੈਣ 'ਚ 'ਔਰਤਾਂ ਦੇ ਹਿੱਤਾਂ ਲਈ ਬਰਾਬਰ ਮੌਕੇ ਮੁਹੱਈਆ ਕਰਾਉਣਾ' ਹੈ।

## ਜ਼ਰੂਰੀ

**'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।**

**Punjabi Parwaz LLC - DBA Punjabi Parwaz**

**Address:**
827 E. Kings Row, Unit# 7, Palatine, IL 60074

**Managed by:**
Anureet Kaur & Kuljeet Singh

**Punjab Incharge:**
Jasvir Singh Mangat

**'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ**

**ਪੰਜਾਬੀ ਪਰਵਾਜ਼** Punjabi Parwaz **ਬੋਰਡ ਮੈਂਬਰ**

ਬਲਵਿੰਦਰ ਸਿੰਘ (ਬੌਬ) ਸੰਧੂ
ਦਵਿੰਦਰ ਸਿੰਘ ਰੰਗੀ
ਮਨਜਿੰਦਰ ਸਿੰਘ (ਮੈਕ) ਭਮਰਾ
ਜੋਧ ਸਿੰਘ ਸਿੱਧੂ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰੀਕ ਸਿੰਘ ਸ਼ਿਕਾਗੋ
ਕਿਰਪਾਲ ਸਿੰਘ ਰੰਧਾਵਾ
ਅੰਮ੍ਰਿਤਪਾਲ ਸਿੰਘ ਗਿੱਲ
ਬਲਵਿੰਦਰ ਸਿੰਘ ਚੱਠਾ
ਦਰਸ਼ਨ ਸਿੰਘ ਪੰਮਾ
ਗੁਰਿੰਦਰਜੀਤ ਸਿੰਘ ਗਰੇਵਾਲ
ਬੇਅੰਤ ਸਿੰਘ ਬੋਪਾਰਾਏ
ਅਮਰਜੀਤ ਸਿੰਘ ਢੀਂਡਸਾ
ਦੀਦਾਰ ਸਿੰਘ ਧਨੋਆ
ਗੁਰਵਿੰਦਰ ਸਿੰਘ ਬੱਬੂ (ਐਪਲਟਨ)
ਬਿਕਰਮ ਸਿੰਘ ਸਿੱਧੂ
ਮਿੰਨੀ ਮੁਲਤਾਨੀ
ਮਨਮਿੰਦਰ ਸਿੰਘ ਹੀਰ
ਗੁਰਪ੍ਰੀਤ ਕੇ. ਸਿੰਘ
ਇੰਦਰ ਹੁੰਜਣ
ਜਿਗਰਦੀਪ ਸਿੰਘ ਢਿੱਲੋਂ
ਅਮਨਦੀਪ ਸਿੰਘ ਕੁਲਾਰ
ਪਰਮਿੰਦਰ ਸਿੰਘ (ਯੂਬਾ ਸਿਟੀ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਅਜੈਬ ਸਿੰਘ ਲੱਖਣ
ਹਰਕੇਵਲ ਸਿੰਘ ਲਾਲੀ
ਸੰਨੀ ਧੂੜ (ਮਿਸ਼ੀਗਨ)
ਹਰਮੀਕ ਸਿੰਘ ਗਿਰਨ

# ਹਵਾ ਪ੍ਰਦੂਸ਼ਣ ਅਤੇ ਪਰਾਲੀ ਸਾੜਨ ਨੂੰ ਲੈ ਕੇ ਸੁਪਰੀਮ ਕੋਰਟ ਸਖ਼ਤ

**ਪੰਜਾਬੀ ਪਰਵਾਜ਼ ਬਿਊਰੋ**

***ਮਾਮਲੇ ਨੂੰ ਬਹੁਪੱਖੀ ਦ੍ਰਿਸ਼ਟੀ ਤੋਂ ਵੇਖਣ ਦੀ ਲੋੜ  *ਮਾਝਾ ਅਤੇ ਦੱਖਣੀ ਮਾਲਵਾ ਖੇਤਾਂ ਦੇ ਸਾੜ ਤੋਂ ਵਧੇਰੇ ਪ੍ਰਭਾਵਤ***

ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਵੱਲੋਂ ਪਰਾਲੀ ਸਾੜੇ ਜਾਣ ਕਾਰਨ ਇਨ੍ਹਾਂ ਦੋਹਾਂ ਰਾਜਾਂ ਤੇ ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਪ੍ਰਦੂਸ਼ਣ ਫੈਲਣ ਦਾ ਮੁੱਦਾ ਹਾਰ ਸਾਲ ਵਾਂਗ ਇਸ ਵਾਰ ਮੁੜ ਖੜ੍ਹਾ ਹੋ ਗਿਆ ਹੈ। ਇਸ ਮਸਲੇ ਨੂੰ ਲੈ ਕੇ ਸੁਪਰੀਮ ਕੋਰਟ ਦੇ ਇੱਕ ਬੈਂਚ ਨੇ ਦੋਹਾਂ ਰਾਜਾਂ ਦੀਆਂ ਸਰਕਾਰਾਂ ਦੇ ਪ੍ਰਤੀਨਿਧਾਂ ਨੂੰ ਝਾੜ ਪਾਈ ਅਤੇ ਕੇਂਦਰੀ ਏਅਰ ਕੁਆਲਿਟੀ ਮੈਨੇਜਮੈਂਟ ਕਮਿਸ਼ਨ ਦੀ ਵੀ ਖਿਚਾਈ ਕੀਤੀ। ਲੰਘੀ ਚਾਰ ਅਕਤੂਬਰ ਨੂੰ ਇਸ ਮਾਮਲੇ 'ਤੇ ਇੱਕ ਪਟੀਸ਼ਨ ਦੀ ਸੁਣਵਾਈ ਕਰਦਿਆਂ ਅਦਾਲਤ ਨੇ ਕਿਹਾ ਕਿ ਪੰਜਾਬ ਅਤੇ ਹਰਿਆਣਾ ਸਰਕਾਰਾਂ ਵੱਲੋਂ ਕਿਸਾਨਾਂ 'ਤੇ ਬਹੁਤ ਹੀ ਘੱਟ ਜੁਰਮਾਨਾ ਕੀਤਾ ਜਾ ਰਿਹਾ ਹੈ, ਜਿਸ ਕਾਰਨ ਕਿਸਾਨ ਝੋਨੇ ਦੀ ਪਰਾਲੀ ਸਾੜਨ ਤੋਂ ਬਾਜ ਨਹੀਂ ਆ ਰਹੇ। ਉਨ੍ਹਾਂ ਨੇ ਨੈਸ਼ਨਲ ਕਮਿਸ਼ਨ ਫਾਰ ਏਅਰ ਕੁਆਲਿਟੀ ਮੈਨੇਜਮੈਂਟ ਦੇ ਪ੍ਰਤੀਨਿਧਾਂ ਨਾਲ ਵੀ ਨਾਰਾਜ਼ਗੀ ਜ਼ਾਹਰ ਕਰਦਿਆਂ ਕਿਹਾ ਕਿ ਉਹ ਹਵਾ ਦੇ ਪ੍ਰਦੂਸ਼ਣ ਨੂੰ ਕਾਬੂ ਕਰਨ ਵਿੱਚ ਨਾਕਾਮ ਰਿਹਾ ਹੈ। ਜਸਟਿਸ ਅਭੈ ਐਸ. ਓਕਾ ਅਤੇ ਜਸਟਿਸ ਅਗਸਟਿਨ ਜਾਰਜ ਮਸੀਹ 'ਤੇ ਆਧਾਰਤ ਦੋ ਮੈਂਬਰੀ ਬੈਂਚ ਨੇ ਕਿਹਾ ਕਿ ਜਦੋਂ ਤੱਕ ਹਵਾ ਦੀ ਗੁਣਵੱਤਾ ਬਣਾਈ ਰੱਖਣ ਲਈ ਨਿਯੁਕਤ ਕਮਿਸ਼ਨ ਸਖਤੀ ਨਹੀਂ ਕਰੇਗਾ, ਤਦ ਤੱਕ ਕਿਸਾਨ ਪਰਾਲੀ ਸਾੜਨ ਤੋਂ ਰੁਕਣ ਵਾਲੇ ਨਹੀਂ ਹਨ। ਸੁਪਰੀਮ ਕੋਰਟ ਦੇ ਇਸ ਬੈਂਚ ਨੇ ਪੰਜਾਬ-ਹਰਿਆਣਾ ਅਤੇ ਦਿੱਲੀ ਦੀ ਗਿਰ ਰਹੀ ਹਵਾ ਗੁਣਵੱਤਾ 'ਤੇ ਟਿਪਣੀ ਕਰਦਿਆਂ ਕਿਹਾ ਕਿ ਪੰਜਾਬ ਅਤੇ ਹਰਿਆਣਾ ਦੀਆਂ ਸਰਕਾਰਾਂ ਇਸ ਸਮੱਸਿਆ ਨੂੰ ਹੱਲ ਕਰਨ ਪ੍ਰਤੀ ਗੰਭੀਰ ਨਹੀਂ ਹਨ। ਇਨ੍ਹਾਂ ਰਾਜਾਂ ਦੀਆਂ ਸਰਕਾਰਾਂ ਇਸ ਮਾਨਵੀ ਸਿਹਤ ਅਤੇ ਵਾਤਾਵਰਣ ਦੇ ਗੰਭੀਰ ਮਸਲੇ ਨੂੰ ਹੱਲ ਕਰਨ ਦੀ ਬਜਾਏ ਆਪੋ-ਆਪਣੇ ਸਿਆਸੀ ਹਿੱਤ (ਵੋਟ ਬੈਂਕ) ਬਚਾਉਣ ਦਾ ਯਤਨ ਕਰ ਰਹੀਆਂ ਹਨ। ਸੁਪਰੀਮ ਕੋਰਟ ਨੇ ਕਿਹਾ, "ਜਦੋਂ ਤੱਕ ਲੋਕਾਂ ਨੂੰ ਇਹ ਨਹੀਂ ਪਤਾ ਲੱਗੇਗਾ ਕਿ ਪਰਾਲੀ ਸਾੜਨ 'ਤੇ ਉਨ੍ਹਾਂ ਦੇ ਖਿਲਾਫ ਮੁਕੱਦਮਾ ਦਰਜ ਕੀਤਾ ਜਾਵੇਗਾ, ਉਦੋਂ ਤੱਕ ਉਹ ਪਰਾਲੀ ਸਾੜਨ ਤੋਂ ਨਹੀਂ ਹਟਣਗੇ ਅਤੇ ਨਾ ਹੀ ਉਪਲਬਧ ਮਸ਼ੀਨਾਂ ਦੀ ਵਰਤੋਂ ਕਰਨਗੇ।"

ਸੁਪਰੀਮ ਕੋਰਟ ਦੀਆਂ ਇਨ੍ਹਾਂ ਟਿੱਪਣੀਆਂ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਪ੍ਰਾਲੀ ਸਾੜਨ ਦੇ ਖਿਲਾਫ ਜੋਰਦਾਰ ਮੁਹਿੰਮ ਚਲਾਉਣ ਦੀ ਹਦਾਇਤ ਵੀ ਦਿੱਤੀ ਹੈ। ਪੰਚਾਇਤੀ ਪੱਧਰ 'ਤੇ ਕਸਟਮ ਖਰੀਦ ਸੈਂਟਰ ਬਣਾਉਣ ਅਤੇ ਕਿਸਾਨਾਂ ਲਈ ਮਸ਼ੀਨਾਂ ਖਰੀਦਣ ਵਾਸਤੇ ਸਬਸਿਡੀ ਮੁਹੱਈਆ ਕਰਵਾਉਣ ਦਾ ਵੀ ਯਤਨ ਕੀਤਾ ਹੈ। ਇਵੇਂ ਹੁਣ ਸਰਕਾਰ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਰੋਕਣ ਲਈ ਪ੍ਰਸ਼ਾਸਨਿਕ ਪੱਧਰ 'ਤੇ ਸਰਗਰਮ ਹੁੰਦੀ ਵੀ ਨਜ਼ਰ ਆ ਰਹੀ ਹੈ। ਸਰਕਾਰ ਵੱਲੋਂ ਵੱਖ-ਵੱਖ ਵਿਭਾਗਾਂ ਦੇ ਸੀਨੀਅਰ ਅਫਸਰਾਂ ਦੇ ਨਾਲ-ਨਾਲ ਅੱਠ ਹਜ਼ਾਰ ਪੁਲਿਸ ਮੁਲਾਜ਼ਮਾਂ ਦੀ ਵੀ ਡਿਊਟੀ ਲਗਾਈ ਗਈ ਹੈ। ਪੁਲਿਸ ਦੀ ਇਸ ਨਫਰੀ ਵਿੱਚ 612 ਉਡਣ (ਫਲਾਈਂਗ ਸਕੁਐਡ) ਦਸਤੇ ਬਣਾਏ ਗਏ ਹਨ। ਸਰਕਾਰ ਅਨੁਸਾਰ ਇਸ ਮੁਹਿੰਮ ਵਿੱਚ



ਡੀ.ਜੀ.ਪੀ. ਤੋਂ ਲੈ ਕੇ ਸਿਪਾਹੀ ਤੱਕ ਮੁਲਾਜ਼ਮ ਸ਼ਾਮਲ ਹੋਣਗੇ। ਪੁਲਿਸ ਨਾਲ ਸੰਬੰਧਤ ਇਹ ਫਲਾਈਂਗ ਸਕੁਐਡ ਹੋਰ ਵਿਭਾਗਾਂ ਵੱਲੋਂ ਬਣਾਏ ਗਏ ਫਲਾਈਂਗ ਸਕੁਐਡਸ ਤੋਂ ਵੱਖਰੇ ਬਣਾਏ ਗਏ ਹਨ। ਪੁਲਿਸ ਮੁਖੀ ਗੌਰਵ ਯਾਦਵ ਅਨੁਸਾਰ 28 ਪੁਲਿਸ ਜ਼ਿਲ੍ਹਿਆਂ ਦੇ ਮੁਖੀਆਂ, ਐਸ.ਪੀਜ਼, ਡੀ.ਐਸ.ਪੀਜ਼ ਦੀ ਡਿਉਟੀ ਅੱਗ ਲੱਗਣ ਦੀਆਂ ਘਟਨਾਵਾਂ ਨੂੰ ਰੋਕਣ ਅਤੇ ਅਮਨ ਕਾਨੂੰਨ ਦੀ ਸਥਿਤੀ ਬਣਾਈ ਰੱਖਣ ਲਈ ਲਗਾਈ ਗਈ ਹੈ। 5 ਅਕਤੂਬਰ ਤੱਕ ਪੰਜਾਬ ਵਿੱਚ ਪਰਾਲੀ ਸੜਨ ਦੀਆਂ 193 ਘਟਨਾਵਾਂ ਸਾਹਮਣੇ ਆ ਚੁੱਕੀਆਂ ਹਨ। ਉਂਜ ਪਰਾਲੀ ਸੜਨ ਦੀਆਂ ਘਟਨਾਵਾਂ ਵਿੱਚ ਕਮੀ ਵੀ ਵੇਖੀ ਗਈ ਹੈ। ਬੀਤੇ ਐਤਵਾਰ ਸਿਰਫ 5 ਅਜਿਹੇ ਕੇਸ ਰਿਪੋਰਟ ਕੀਤੇ ਗਏ ਹਨ। ਪਰਾਲੀ ਸਾੜਨ ਵਿੱਚ ਆਈ ਇਸ ਕਮੀ ਦਾ ਕਾਰਨ ਇਨ੍ਹਾਂ ਦਿਨਾਂ ਵਿੱਚ ਹੋਈ ਹਲਕੀ ਬਾਰਸ਼ ਜਾਂ ਝੋਨੇ ਦੇ ਲੇਟ ਪੱਕਣ ਕਾਰਨ ਵੀ ਹੋ ਸਕਦੀ ਹੈ, ਪਰ ਲਗਦਾ ਹੈ ਕਿ ਸਰਕਾਰ ਅਤੇ ਅਦਾਲਤਾਂ ਵੱਲੋਂ ਕੀਤੀ ਜਾ ਰਹੀ ਸਖਤੀ ਦਾ ਵੀ ਇਸ 'ਤੇ ਕਾਫੀ ਅਸਰ ਹੋ ਰਿਹਾ ਹੈ।

ਯਾਦ ਰਹੇ, ਪੰਜਾਬ ਵਿੱਚ ਇਸ ਵਰ੍ਹੇ 30 ਲੱਖ ਹੈਕਟੇਅਰ ਝੋਨੇ ਦੀ ਫਸਲ ਲਗਾਈ ਗਈ ਹੈ। ਝੋਨੇ ਦੀ ਇਸ ਪੈਦਾਵਾਰ ਵਿੱਚੋਂ ਪੰਜਾਬ ਵਿੱਚ 22 ਲੱਖ ਟਨ ਪਰਾਲੀ ਦੀ ਪੈਦਾਵਾਰ ਹੁੰਦੀ ਹੈ। ਇਸ ਵਿੱਚੋਂ ਅੱਧ-ਪਚੱਧੀ ਦਾ ਪ੍ਰਬੰਧ ਤਾਂ ਕਿਸਾਨਾਂ ਅਤੇ ਹੋਰ ਸੰਸਥਾਵਾਂ ਵੱਲੋਂ ਰਲ-ਮਿਲ ਕੇ ਕਰ ਲਿਆ ਜਾਂਦਾ ਹੈ, ਪਰ 11 ਲੱਖ ਟਨ ਦੇ ਕਰੀਬ ਪਰਾਲੀ ਖੇਤਾਂ ਵਿੱਚ ਸਾੜ ਦਿੱਤੀ ਜਾਂਦੀ ਹੈ। ਇਹ ਵਬਾ ਪੰਜਾਬ, ਹਰਿਆਣਾ ਅਤੇ ਪੱਛਮੀ ਯੂ.ਪੀ. ਵਿੱਚ ਸਾਂਝੇ ਰੂਪ ਵਿੱਚ ਫੈਲਦੀ ਹੈ। ਇਸ ਨਾਲ ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਦੀਵਾਲੀ ਦੇ ਲਾਗੇ-ਚਾਗੇ ਹਵਾ ਦੇ ਪ੍ਰਦੂਸ਼ਣ ਦਾ ਪੱਧਰ ਕਾਫੀ ਵਧ ਜਾਂਦਾ ਹੈ। ਕਈ ਵਾਰ ਤਾਂ ਸਥਿਤੀ ਇੰਨੀ ਗੰਭੀਰ ਹੁੰਦੀ ਹੈ ਕਿ ਲੋਕਾਂ ਨੂੰ ਸਾਹ ਲੈਣਾ ਵੀ ਮੁਸ਼ਕਲ ਹੋ ਜਾਂਦਾ ਹੈ। ਇਸ ਤੋਂ ਇਲਾਵਾ ਜਦੋਂ ਥੋੜ੍ਹੀ ਜਿਹੀ ਵੀ ਠੰਢ ਵਧਦੀ ਹੈ ਤਾਂ ਧੁੰਦ ਪੈਣ ਲਗਦੀ ਹੈ। ਧੂੰਏਂ ਅਤੇ ਧੁੰਦ ਦਾ ਇਹ ਮਿਸ਼ਰਣ ਇਸ ਖਿੱਤੇ ਵਿੱਚ ਭਿਆਨਕ ਹਾਦਸਿਆਂ ਨੂੰ ਜਨਮ ਦਿੰਦਾ ਹੈ। ਇਸਦੇ ਇਲਾਵਾ 50 ਸਾਲ ਤੋਂ ਉਪਰ ਵਾਲੀ ਆਬਾਦੀ ਅਤੇ ਛੋਟੇ ਬੱਚਿਆਂ ਲਈ ਇਹ ਵਾਤਾਵਰਣ ਵਿਸ਼ੇਸ਼ ਤੌਰ 'ਤੇ ਘਾਤਕ ਬਣ ਜਾਂਦਾ ਹੈ। ਖਾਸ ਕਰਕੇ ਉਨ੍ਹਾਂ ਲਈ, ਜਿਨ੍ਹਾਂ ਨੂੰ ਸਾਹ ਨਾਲੀ ਜਾਂ ਫੇਫੜਿਆਂ ਦੀ ਬਿਮਾਰੀ ਦੀ ਸ਼ਿਕਾਇਤ ਹੁੰਦੀ ਹੈ।

ਜੇਕਰ ਪੰਜਾਬ ਇਕੱਲੇ ਦੀ ਹੀ ਗੱਲ ਕਰੀਏ ਤਾਂ ਮਾਝੇ ਅਤੇ ਦੱਖਣੀ ਮਾਲਵੇ ਵਿੱਚ ਪਰਾਲੀ ਜ਼ਿਆਦਾ ਸਾੜੀ ਜਾਂਦੀ ਹੈ। ਅੰਮ੍ਰਿਤਸਰ ਅਤੇ ਤਰਨਤਾਰਨ ਵਾਲੇ ਖੇਤਰ ਵਿੱਚ ਕਿਉਂਕਿ ਲੋਕਾਂ ਨੇ ਝੋਨਾ ਵੱਢ ਕੇ ਸਬਜੀ ਬੀਜਣੀ ਹੁੰਦੀ ਹੈ, ਇਸ ਲਈ ਇਸ ਖੇਤਰ ਵਿੱਚ ਸਭ ਤੋਂ ਪਹਿਲਾਂ ਪਰਾਲੀ ਸੜਨ ਦਾ ਅਮਲ ਸ਼ੁਰੂ ਹੁੰਦਾ ਹੈ। ਇਹ ਕਿਸਾਨ ਜਲਦੀ ਪੱਕ ਜਾਣ ਵਾਲੀ ਝੋਨੇ ਦੀ ਪਰਮਲ ਕਿਸਮ ਬੀਜਦੇ ਹਨ ਅਤੇ ਇਸ ਨੂੰ ਵੱਢ ਕੇ ਸਬਜੀ ਲਗਾ ਲੈਂਦੇ ਹਨ। ਸਬਜੀ ਤੋਂ ਬਾਅਦ ਪਛੇਤੀ ਕਣਕ ਵੀ ਇਨ੍ਹਾਂ ਖੇਤਾਂ ਵਿੱਚ ਬੀਜੀ ਜਾਂਦੀ ਹੈ। ਇਹ ਕਿਸਾਨ ਸਾਲ ਵਿੱਚ ਤਿੰਨ ਫਸਲਾਂ ਲੈਣ ਦਾ ਯਤਨ ਕਰਦੇ ਹਨ। ਜਿੱਥੋਂ ਤੱਕ ਪੰਜਾਬ ਦੇ ਦੁਆਬੇ ਇਲਾਕੇ ਦਾ ਸੁਆਲ ਹੈ, ਇਥੇ ਝੋਨਾ ਬੀਜਿਆ ਵੀ ਘੱਟ ਜਾਂਦਾ ਹੈ ਅਤੇ ਜਿੱਥੇ ਝੋਨੇ ਦੀ ਫਸਲ ਬੀਜੀ ਵੀ ਜਾਂਦੀ ਹੈ, ਉਥੇ ਵੀ ਮਾਝੇ ਤੇ ਮਾਲਵੇ ਦੇ ਮਕਾਬਲੇ ਪਰਾਲੀ ਨੂੰ ਘੱਟ ਅੱਗ ਲਗਾਈ ਜਾਂਦੀ ਹੈ। ਇਨ੍ਹਾਂ ਦਿਨਾਂ ਵਿੱਚ ਦੁਆਬੇ ਵਿੱਚ ਮੁੱਖ ਫਸਲ ਆਲੂ ਦੀ ਹੁੰਦੀ ਹੈ ਤੇ ਜਾਂ ਫਿਰ ਮੱਕੀ ਬੀਜੀ ਜਾਂਦੀ ਹੈ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਪੰਜਾਬ ਵਿੱਚ ਵੀ ਵੱਖ-ਵੱਖ ਖੇਤਰਾਂ ਵਿੱਚ ਪਰਾਲੀ ਸਾੜਨ ਦੇ ਮਾਮਲੇ ਵਿੱਚ ਵੱਖ-ਵੱਖ ਹਾਲਾਤ ਹਨ।

ਇਸ ਦਰਮਿਆਨ ਬੀਤੇ ਵਰ੍ਹੇ ਦਾ ਇੱਕ ਹਾਂ-ਮੁਖੀ ਤੱਥ ਵੀ ਯਾਦ ਕਰ ਲਈਏ ਕਿ ਪਿਛਲੇ ਸਾਲ ਪੰਜਾਬ ਵਿੱਚ ਪਰਾਲੀ ਨੂੰ ਅੱਗ ਲੱਗਣ ਦੇ ਮਾਮਲੇ ਤਕਰੀਬਨ 25 ਫੀਸਦੀ ਘਟ ਗਏ ਸਨ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਅਤੇ ਪੰਜਾਬ ਰਿਮੋਟ ਸੈਂਸਿੰਗ ਸੈਂਟਰ ਦੇ ਅੰਕੜਿਆਂ ਅਨੁਸਾਰ ਸਾਲ 2022 ਵਿੱਚ 49,922 ਮਾਮਲੇ ਖੇਤਾਂ ਨੂੰ ਅੱਗ ਲਾਉਣ ਦੇ ਸਾਹਮਣੇ ਆਏ ਸਨ, ਜਦਕਿ ਪਿਛਲੇ ਸਾਲ ਇਹ ਘਟ ਕੇ 36,623 ਰਹਿ ਗਏ ਸਨ। ਇਸ ਵਾਰ ਕੇਂਦਰ ਸਰਕਾਰ ਵੱਲੋਂ ਰਾਜ ਨੂੰ ਖੇਤਾਂ ਵਿੱਚ ਪਰਾਲੀ ਰਲਾਉਣ ਵਾਲੀਆਂ 20,270 ਮਸ਼ੀਨਾਂ ਉਪਲਬਧ ਕਰਵਾਉਣ ਲਈ 500 ਕਰੋੜ ਰੁਪਏ ਵੀ ਅਲਾਟ ਕੀਤੇ ਗਏ ਹਨ। ਇਨ੍ਹਾਂ ਸਾਰੇ ਯਤਨਾਂ, ਕੋਸ਼ਿਸ਼ਾਂ ਤੇ ਸਖਤੀਆਂ ਅਤੇ ਵਧ ਰਹੀ ਚੇਤਨਾ ਦੇ ਸਿੱਟੇ ਵਜੋਂ ਪਰਾਲੀ ਨੂੰ ਅੱਗ ਲਾਉਣ ਦੇ ਮਾਮਲੇ ਘਟ ਰਹੇ ਹਨ, ਭਾਵੇਂ ਮਾਮੂਲੀ ਹੀ ਸਹੀ।

ਉਂਝ ਕਿਸਾਨਾਂ ਵੱਲੋਂ ਝੋਨੇ ਦੀ ਪ੍ਰਾਲੀ ਸਾੜਨ ਦੇ ਮਾਮਲੇ ਨੂੰ ਬਹੁਤ ਸਾਰੇ ਕੋਣਾਂ ਤੋਂ ਵੇਖਣ ਦੀ ਲੋੜ ਹੈ। ਇਸ ਨਾਲ ਕਿਸਾਨਾਂ ਦੀ ਮਜਬੂਰੀ ਅਤੇ ਆਰਥਕਤਾ ਦਾ ਮਾਮਲਾ ਵੀ ਜੁੜਿਆ ਹੋਇਆ ਹੈ ਤੇ ਫਸਲੀ ਵਿਭਿੰਨਤਾ ਦਾ ਵੀ। ਝੋਨਾ ਵੱਢ ਕੇ ਕਣਕ ਦੀ ਬਿਜਾਈ ਕਰਨ ਦੇ ਕਿਸਾਨਾਂ ਕੋਲ ਗਿਣਤੀ ਦੇ ਦਿਨ ਹੁੰਦੇ ਹਨ। ਇਸ ਦਰਮਿਆਨ ਹੀ ਪਰਾਲੀ ਕਿਉਂਟਣੀ ਹੁੰਦੀ ਹੈ ਅਤੇ ਰੌਣੀ ਵਗੈਰਾ ਕਰਕੇ ਖੇਤ ਕਣਕ ਦੀ ਫਸਲ ਲਈ ਤਿਆਰ ਵੀ ਕਰਨੇ ਹੁੰਦੇ ਹਨ। ਸਾਰੀ ਪਰਾਲੀ ਨੂੰ ਕਿਉਂਟਣ ਦਾ ਜੱਭ ਇਕੱਲੇ ਕਿਸਾਨਾਂ 'ਤੇ ਨਹੀਂ ਛੱਡਿਆ ਜਾ ਸਕਦਾ, ਇਸ ਵਿੱਚ ਰਾਜ ਅਤੇ ਕੇਂਦਰ ਸਰਕਾਰ ਨੂੰ ਆਪ ਵੀ ਦਖਲ ਦੇਣਾ ਪਏਗਾ। ਇਸ ਤੋਂ ਇਲਾਵਾ ਪਰਾਲੀ ਨੂੰ ਪ੍ਰੋਸੈਸ ਕਰਕੇ ਗੱਤਾ, ਹਾਈਡਰੋਜਨ ਜਾਂ ਕੋਈ ਹੋਰ ਸੈਅ ਬਣਾਉਣ ਵਾਲੀ ਪ੍ਰਾਈਵੇਟ ਇੰਡਸਟਰੀ ਨੂੰ ਵੀ ਉਤਸ਼ਾਹਿਤ ਕਰਨਾ ਹੋਏਗਾ। ਇਸ ਨਾਲ ਕਿਸਾਨਾਂ ਨੂੰ ਆਰਥਕ ਲਾਭ ਵੀ ਹੋਏਗਾ। ਇਸ ਤੋਂ ਇਲਾਵਾ ਪਰਾਲੀ ਨੂੰ ਖੇਤਾਂ ਵਿੱਚ ਕਿਉਂਟਣ ਲਈ ਕਿਸਾਨ ਮਹਿੰਗੇ ਹੋ ਚੁੱਕੇ ਡੀਜ਼ਲ ਦੀ ਖਪਤ ਕਰਨ ਤੋਂ ਝਿਜਕਦੇ ਹਨ। ਇਸ ਲਈ ਖੇਤੀ ਵਰਤੋਂ ਲਈ ਡੀਜ਼ਲ ਦੀ ਕੀਮਤ ਘੱਟ ਕਰਨੀ ਹੋਏਗੀ। ਰਾਜ ਜਾਂ ਕੇਂਦਰ ਸਰਕਾਰ ਝੋਨੇ ਨੂੰ ਹੋਰ ਵਸਤਾਂ ਵਿੱਚ ਤਬਦੀਲ ਕਰਨ ਲਈ ਪਬਲਿਕ ਇੰਡਸਟਰੀ ਵੀ ਲਗਾ ਸਕਦੀ ਹੈ, ਕਿਉਂਕਿ ਇਹ ਮਾਮਲਾ ਮੁਲਕ ਦੀ ਖੁਰਾਕ ਸੁਰੱਖਿਆ ਨਾਲ ਵੀ ਜੁੜਿਆ ਹੋਇਆ ਹੈ। ਕਿਸਾਨਾਂ ਵਿਰੁਧ ਡੰਡਾ ਚੁਕਣਾ, ਜੁਰਮਾਨੇ ਲਾਉਣਾ ਜਾਂ ਹੋਰ ਸਖਤੀਆਂ ਕਰਨਾ ਹੀ ਸਿਰਫ ਇਸ ਦਾ ਹੱਲ ਨਹੀਂ ਹੈ। ਇਸ ਮਾਮਲੇ ਨੂੰ ਕਿਸਾਨਾਂ ਸਮੇਤ ਬਹੁਪੱਖੀ ਦ੍ਰਿਸ਼ਟੀ ਤੋਂ ਵੇਖਣ ਅਤੇ ਹੱਲ ਕਰਨ ਦੀ ਲੋੜ ਹੈ।

**ਤਬਾਹੀ ਦੀਆਂ ਪੈੜਾਂ**

# ਕੀ ਹੁਣ ਖੁਮੇਨੀ ਹਨ ਇਜ਼ਰਾਇਲ ਦੇ ਨਿਸ਼ਾਨੇ 'ਤੇ!

**ਪੁਸ਼ਪਰੰਜਨ**

ਇਜ਼ਰਾਇਲੀ ਰੱਖਿਆ ਬਲਾਂ (ਆਈ.ਡੀ.ਐਫ.) ਅਤੇ ਮੋਸਾਦ ਦਾ ਮਨੋਬਲ ਇਸ ਸਮੇਂ ਉੱਚਾ ਹੈ। ਮੱਧ ਪੂਰਬ ਦੇ ਦੋ 'ਸ਼ਕਤੀਸ਼ਾਲੀ' ਨੇਤਾਵਾਂ- ਹਮਾਸ ਦੇ ਨੇਤਾ ਇਸਮਾਈਲ ਹਾਨੀਆ ਅਤੇ ਹਿਜ਼ਬੁੱਲਾ ਦੇ ਮੁਖੀ ਹਸਨ ਨਸਰੁੱਲਾ ਨੂੰ 58 ਦਿਨਾਂ ਦੇ ਅੰਦਰ-ਅੰਦਰ ਖਤਮ ਕਰਨ ਤੋਂ ਬਾਅਦ, ਸਵਾਲ ਇਹ ਹੈ ਕਿ ਇਜ਼ਰਾਇਲ ਦਾ ਅਗਲਾ ਨਿਸ਼ਾਨਾ ਕੌਣ ਹੋਵੇਗਾ? ਇਜ਼ਰਾਇਲ ਨੇ ਸੰਕੇਤ ਦਿੱਤਾ ਹੈ ਕਿ ਉਹ ਨਫਤਾਲੀ ਬੇਨੇਟ ਦੇ 'ਆਕਟੋਪਸ ਸਿਧਾਂਤ' ਦੀ ਪਾਲਣਾ ਕਰ ਰਿਹਾ ਹੈ, ਜੋ ਹਿਜ਼ਬੁੱਲਾ ਜਾਂ ਹਮਾਸ ਵਰਗੀਆਂ ਪਰਛਾਵੇਂ ਸ਼ਕਤੀਆਂ ਨਾਲ ਲੜਨ ਦੀ ਬਜਾਏ ਸਿੱਧੇ ਈਰਾਨ ਦਾ ਸਾਹਮਣਾ ਕਰਨਾ ਚਾਹੁੰਦਾ ਹੈ। ਯਾਨਿ ਹੁਣ ਈਰਾਨ ਦੇ ਸੁਪਰੀਮ ਲੀਡਰ ਆਇਤੁੱਲਾ ਅਲੀ ਖੁਮੇਨੀ ਨਿਸ਼ਾਨੇ 'ਤੇ ਹਨ!

ਨਸਰੱਲਾ ਦੀ ਹੱਤਿਆ ਤੋਂ ਬਾਅਦ, ਈਰਾਨੀ ਅਧਿਕਾਰੀਆਂ ਨੇ ਖੁਮੇਨੀ ਨੂੰ ਦੇਸ਼ ਦੇ ਅੰਦਰ ਕਿਸੇ ਅਣਦੱਸੀ ਸੁਰੱਖਿਅਤ ਜਗ੍ਹਾ 'ਤੇ ਤਬਦੀਲ ਕਰ ਦਿੱਤਾ, ਜਿੱਥੇ ਸਖਤ ਸੁਰੱਖਿਆ ਉਪਾਅ ਲਗਾਏ ਗਏ ਹਨ। ਇਸ ਦਾ ਜਵਾਬ ਦਿੰਦੇ ਹੋਏ ਇਜ਼ਰਾਇਲ ਨੇ ਕਿਹਾ ਕਿ ਅਸੀਂ ਅੰਡਰਵਰਲਡ ਤੋਂ ਅਤਿਵਾਦੀ ਸਮੂਹਾਂ ਦਾ ਸਮਰਥਨ ਕਰਨ ਵਾਲਿਆਂ ਦਾ ਪਤਾ ਲਗਾਵਾਂਗੇ।

30 ਜੁਲਾਈ 2024 ਨੂੰ ਯਾਦ ਕਰੋ, ਜਦੋਂ ਇਜ਼ਰਾਇਲ ਨੇ ਲੇਬਨਾਨ ਦੀ ਰਾਜਧਾਨੀ ਬੇਰੂਤ 'ਤੇ ਹਮਲਾ ਕੀਤਾ ਸੀ, ਜਿਸ ਵਿੱਚ ਹਿਜ਼ਬੁੱਲਾ ਦੇ ਚੋਟੀ ਦੇ ਕਮਾਂਡਰਾਂ ਵਿੱਚੋਂ ਇੱਕ, ਫੁਆਦ ਸ਼ੁਕਰ ਦੀ ਮੌਤ ਹੋ ਗਈ ਸੀ। ਘੰਟਿਆਂ ਬਾਅਦ, ਇੱਕ ਧਮਾਕੇ ਵਿੱਚ ਤਹਿਰਾਨ ਵਿੱਚ ਹਮਾਸ ਦੇ ਚੋਟੀ ਦੇ ਸਿਆਸੀ ਨੇਤਾ ਇਸਮਾਈਲ ਹਾਨੀਆ ਦੀ ਮੌਤ ਹੋ ਗਈ, ਜਿੱਥੇ ਉਹ ਈਰਾਨ ਦੇ ਨਵੇਂ ਰਾਸ਼ਟਰਪਤੀ ਦੇ ਉਦਘਾਟਨ ਵਿੱਚ ਸ਼ਾਮਲ ਹੋ ਰਿਹਾ ਸੀ।

ਇਜ਼ਰਾਇਲ ਨੇ ਪਿਛਲੇ ਦਿਨੀਂ ਹਿਜ਼ਬੁੱਲਾ ਦੇ ਮੁਖੀ ਸੱਯਦ ਹਸਨ ਨਸਰੁੱਲਾ ਨੂੰ ਦਹੀਆਹ ਵਿੱਚ ਇੱਕ ਰਿਹਾਇਸ਼ੀ ਇਮਾਰਤ ਦੇ ਹੇਠਾਂ ਸਮੂਹ ਦੇ ਭੂਮੀਗਤ ਹੈੱਡਕੁਆਰਟਰ 'ਤੇ ਇੱਕ 'ਨਿਸ਼ਾਨਾ ਹਮਲੇ' ਵਿੱਚ ਮਾਰ ਦਿੱਤਾ ਸੀ। ਤਿੰਨ ਦਹਾਕਿਆਂ ਤੋਂ ਵੱਧ ਸਮੇਂ ਤੱਕ ਹਿਜ਼ਬੁੱਲਾ ਦੀ ਅਗਵਾਈ ਕਰਨ ਵਾਲੇ ਨਸਰੱਲਾਹ, ਖੁਮੇਨੀ ਦੇ ਕੁਲੀਨ ਵਰਗ ਅਤੇ ਈਰਾਨ ਦੀ ਖੇਤਰੀ ਪ੍ਰੌਕਸੀ ਰਣਨੀਤੀ ਵਿੱਚ ਇੱਕ ਪ੍ਰਮੁੱਖ ਸ਼ਖਸੀਅਤ ਸਨ। ਹਮਾਸ ਦੇ ਨੇਤਾ ਇਸਮਾਈਲ ਹਾਨੀਆ ਅਤੇ ਹਸਨ ਨਸਰੱਲਾਹ ਤੋਂ ਬਾਅਦ ਇਨ੍ਹਾਂ ਦੋ ਸ਼ਕਤੀਸ਼ਾਲੀ ਚਿਹਰਿਆਂ ਦੀ ਮਦਦ ਨਾਲ ਈਰਾਨ ਦੀ ਲੀਡਰਸ਼ਿਪ ਇਜ਼ਰਾਇਲ ਨੂੰ ਸਬਕ ਸਿਖਾਉਣ ਦੀ ਤਾਕਤ ਰੱਖਦੀ ਸੀ।

ਨਸਰੱਲਾਹ ਦੀ ਮੌਤ ਤੋਂ ਬਾਅਦ ਬਦਲਾ ਲੈਣ ਦੀ ਸਹੁੰ ਚੁੱਕਣ ਵਾਲੇ ਈਰਾਨ ਨੇ ਮੰਗਲਵਾਰ ਰਾਤ ਨੂੰ ਇਜ਼ਰਾਇਲ 'ਤੇ ਲਗਭਗ 200 ਬੈਲਿਸਟਿਕ ਮਿਜ਼ਾਈਲਾਂ ਦਾਗੀਆਂ। 'ਰਾਇਟਰਜ਼' ਅਨੁਸਾਰ "ਈਰਾਨੀ ਰੈਵੋਲਿਊਸ਼ਨਰੀ ਗਾਰਡ ਕੋਰ ਨੇ ਦਾਅਵਾ ਕੀਤਾ ਕਿ ਇਹ ਮਿਜ਼ਾਈਲ ਹਮਲਾ ਲੇਬਨਾਨ ਅਤੇ ਗਾਜ਼ਾ ਵਿੱਚ ਹਾਲ ਹੀ ਵਿੱਚ ਹੋਏ ਇਜ਼ਰਾਇਲੀ ਕਤਲੇਆਮ ਤੇ ਈਰਾਨ ਸਮਰਥਿਤ ਹਥਿਆਰਬੰਦ ਸਮੂਹ ਹਿਜ਼ਬੁੱਲਾ ਦੇ ਖਿਲਾਫ ਹਮਲੇ ਦਾ ਜਵਾਬ ਸੀ।"

85 ਸਾਲਾ ਖੁਮੇਨੀ 1989 ਤੋਂ ਹਿਜ਼ਬੁੱਲਾ ਦਾ ਸਮਰਥਨ ਕਰ ਰਹੇ ਹਨ। ਬੇਰੂਤ 'ਤੇ ਇਜ਼ਰਾਇਲ ਦੇ ਹਮਲੇ ਤੋਂ ਬਾਅਦ ਉਨ੍ਹਾਂ ਨੇ ਕਿਹਾ, "ਖੇਤਰ ਦੀਆਂ ਸਾਰੀਆਂ ਵਿਰੋਧ ਸ਼ਕਤੀਆਂ ਹਿਜ਼ਬੁੱਲਾ ਦੇ ਨਾਲ ਖੜ੍ਹੀਆਂ ਹਨ।" ਖੁਮੇਨੀ ਦੇ ਬਿਆਨਾਂ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਨੇਤਨਯਾਹੂ ਨੇ ਕਿਹਾ, "ਤੁਹਾਡੇ ਦੋਸਤ ਅਜਿਹੇ ਨਾਅਰੇ ਲਗਾਉਂਦੇ ਸਨ, ਹੁਣ ਦੇਖੋ ਕਿ ਉਹ ਕਿੱਥੇ ਹਨ!" ਇਜ਼ਰਾਇਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਚਿਤਾਵਨੀ ਦਿੱਤੀ ਕਿ ਈਰਾਨ ਨੂੰ ਇਜ਼ਰਾਇਲ 'ਤੇ ਮਿਜ਼ਾਈਲ ਹਮਲੇ ਦੇ ਨਤੀਜੇ ਭੁਗਤਣੇ ਪੈਣਗੇ। ਸਿਨਵਰ, ਬਹਿਰੇ ਅਤੇ ਨਸਰੱਲਾਹ ਦਾ ਹਵਾਲਾ ਦਿੰਦੇ ਹੋਏ, ਉਸਨੇ ਦਾਅਵਾ ਕੀਤਾ ਕਿ ਇਜ਼ਰਾਇਲ ਦੀ ਸਵੈ-ਰੱਖਿਆ ਨੂੰ ਘੱਟ ਕਰਨ ਵਾਲੇ ਵਿਰੋਧੀਆਂ ਨੂੰ ਨਤੀਜੇ ਭੁਗਤਣ ਲਈ ਤਿਆਰ ਰਹਿਣਾ ਚਾਹੀਦਾ ਹੈ।

ਦਿਲਚਸਪ ਗੱਲ ਇਹ ਹੈ ਕਿ ਈਰਾਨ ਦੇ ਸੁਪਰੀਮ ਲੀਡਰ ਹੁਣ ਰੈਵੋਲਿਊਸ਼ਨਰੀ ਗਾਰਡ ਦੇ ਰਹਿਮੋ-ਕਰਮ 'ਤੇ ਹਨ। ਈਰਾਨ ਕਦੇ ਵੀ ਅਯਾਤੁੱਲਾ ਅਲੀ ਖੁਮੇਨੀ ਦੀ ਸਹਿਮਤੀ ਤੋਂ ਬਿਨਾਂ ਅੱਗੇ ਨਹੀਂ ਵਧਿਆ। ਹੁਣ ਉਨ੍ਹਾਂ ਨੂੰ ਡਰ ਹੈ ਕਿ ਕੋਈ 'ਵਿਭੀਸ਼ਨ' ਉਨ੍ਹਾਂ ਦੇ ਟਿਕਾਣੇ ਦੀ ਜਾਣਕਾਰੀ ਮੋਸਾਦ ਨੂੰ ਲੀਕ ਕਰ ਸਕਦਾ ਹੈ। ਸਿਨਵਰ, ਦਾਇਫ, ਹਾਨੀਆ ਅਤੇ ਨਸਰੱਲਾਹ ਦੇ ਕਤਲ ਸੱਤਾ ਦੇ ਗਲਿਆਰਿਆਂ ਵਿੱਚ ਸਰਗਰਮ 'ਵਿਭੀਸ਼ਨਾਂ' ਤੋਂ ਮਿਲੀ ਸੂਚਨਾ ਕਾਰਨ ਹੋਏ ਸਨ।

ਅਯਾਤੁੱਲਾ ਅਲੀ ਖੁਮੇਨੀ 'ਤੇ ਪਹਿਲਾਂ ਹੀ ਘਾਤਕ ਹਮਲਾ ਹੋ ਚੁੱਕਾ ਹੈ। ਉਹ 27 ਜੂਨ 1981 ਨੂੰ ਮੁਜਾਹਿਦੀਨ-ਏ-ਖਲਕ ਦੁਆਰਾ ਕੀਤੇ ਗਏ ਕਤਲੇਆਮ ਦੀ ਕੋਸ਼ਿਸ਼ ਤੋਂ ਬਚ ਗਿਆ ਸੀ, ਜਦੋਂ ਉਸ ਦੇ ਕੋਲ ਇੱਕ ਟੇਪ ਰਿਕਾਰਡਰ ਵਿੱਚ ਛੁਪਿਆ ਇੱਕ ਬੰਬ ਫਟ ਗਿਆ ਸੀ। ਖੁਮੇਨੀ ਦੇ ਇਲਾਜ ਵਿੱਚ ਕਈ ਮਹੀਨੇ ਲੱਗ ਗਏ ਸਨ, ਉਦੋਂ ਤੋਂ ਉਨ੍ਹਾਂ ਦਾ ਸੱਜਾ ਹੱਥ ਕੰਮ ਨਹੀਂ ਕਰ ਸਕਦਾ ਸੀ।

ਈਰਾਨੀ ਮੀਡੀਆ ਅਨੁਸਾਰ ਲੇਬਨਾਨ ਦੀ ਰਾਜਧਾਨੀ ਦੇ ਬਾਹਰ ਇਜ਼ਰਾਇਲੀ ਹਮਲਿਆਂ ਵਿੱਚ ਈਰਾਨੀ ਰੈਵੋਲਿਊਸ਼ਨਰੀ ਗਾਰਡਜ਼ ਦੇ ਡਿਪਟੀ ਕਮਾਂਡਰ ਅੱਬਾਸ ਨੀਲਫਰੋਸ਼ਨ ਵੀ ਮਾਰਿਆ ਗਿਆ। ਸਭ ਤੋਂ ਪਹਿਲਾਂ ਸੁਪਰੀਮ ਲੀਡਰ ਦੀ ਸੁਰੱਖਿਆ ਲਈ ਲਗਾਏ ਗਏ ਉਪਕਰਨਾਂ ਦੀ ਜਾਂਚ ਕੀਤੀ ਗਈ। ਕੀ ਰੂਸ ਅਤੇ ਚੀਨ ਦੀਆਂ ਖੁਫੀਆ ਏਜੰਸੀਆਂ ਅਯਾਤੁੱਲਾ ਅਲੀ ਖੁਮੇਨੀ ਦੀ ਸੁਰੱਖਿਆ ਲਈ ਤਾਲਮੇਲ ਕਰ ਰਹੀਆਂ ਹਨ? ਇਸ ਸਵਾਲ 'ਤੇ ਪੂਰੀ ਤਰ੍ਹਾਂ ਚੁੱਪ ਹੈ। ਹੁਣ ਜਦੋਂ ਸੁਪਰੀਮ ਲੀਡਰ ਦੀ ਜਾਨ ਨੂੰ ਖ਼ਤਰਾ ਹੈ ਤਾਂ ਈਰਾਨ ਇਜ਼ਰਾਇਲ ਤੋਂ ਕੀ ਬਦਲਾ ਲਵੇਗਾ?

ਈਰਾਨ ਨੇ ਜਿਸ ਤਰ੍ਹਾਂ ਹਿਜ਼ਬੁੱਲਾ ਅਤੇ ਹੂਤੀ ਲੜਾਕਿਆਂ ਦੀ ਵਰਤੋਂ ਕੀਤੀ ਹੈ, ਉਸ ਨਾਲ ਕਈ ਸਵਾਲ ਖੜ੍ਹੇ ਹੁੰਦੇ ਹਨ। ਭੂਮੱਧ ਸਾਗਰ ਦੇ ਪੂਰਬੀ ਤੱਟ 'ਤੇ ਜ਼ਮੀਨ ਦੀ ਇੱਕ ਤੰਗ ਪੱਟੀ 'ਤੇ ਸਥਿਤ ਲੇਬਨਾਨ ਦੁਨੀਆ ਦੇ ਸਭ ਤੋਂ ਛੋਟੇ ਦੇਸ਼ਾਂ ਵਿੱਚੋਂ ਇੱਕ ਹੈ। ਇਸ ਸਮੇਂ ਤੁਸੀਂ ਚਾਹ ਕੇ ਵੀ ਰਾਜਧਾਨੀ ਬੇਰੂਤ ਨਹੀਂ ਜਾ ਸਕਦੇ। ਲੇਬਨਾਨ ਨੂੰ ਕਦੇ 'ਮੱਧ ਪੂਰਬ ਦਾ ਸਵਿਟਜ਼ਰਲੈਂਡ' ਮੰਨਿਆ ਜਾਂਦਾ ਸੀ। ਹੁਣ ਲੇਬਨਾਨ ਇੱਕ 'ਫੇਲ੍ਹ ਸਟੇਟ' ਹੈ। ਇਹ ਵੀ ਦਿਲਚਸਪ ਹੈ ਕਿ ਯੁੱਧ ਇਜ਼ਰਾਇਲ ਅਤੇ ਲੇਬਨਾਨ ਵਿਚਕਾਰ ਨਹੀਂ ਹੈ, ਪਰ ਹਿਜ਼ਬੁੱਲਾ ਇੱਕ ਰਾਸ਼ਟਰੀ ਤਾਕਤ ਵਜੋਂ ਕੰਮ ਕਰ ਰਿਹਾ ਹੈ। ਇਹ ਸਭ ਕੁਝ ਈਰਾਨ ਦੇ ਉਕਸਾਉਣ 'ਤੇ ਹੋਇਆ। ਲੇਬਨਾਨੀ ਆਰਮਡ ਫੋਰਸਿਜ਼ (ਐਲ.ਏ.ਐਫ.) ਕੋਲ 72,000 ਸਰਗਰਮ ਕਰਮਚਾਰੀ ਹਨ, ਜਿਨ੍ਹਾਂ ਵਿੱਚ 1100 ਹਵਾਈ ਸੈਨਾ ਅਤੇ ਹਜ਼ਾਰ ਦੇ ਕਰੀਬ ਜਲ ਸੈਨਾ ਵਿੱਚ ਸ਼ਾਮਲ ਹਨ। ਐਲ.ਏ.ਐਫ. ਨੂੰ ਹਿਜ਼ਬੁੱਲਾ ਨਾਲੋਂ ਘੱਟ ਸ਼ਕਤੀਸ਼ਾਲੀ ਅਤੇ ਪ੍ਰਭਾਵਸ਼ਾਲੀ ਮੰਨਿਆ ਜਾਂਦਾ ਹੈ। ਹਿਜ਼ਬੁੱਲਾ ਕੋਲ 20,000 ਸਰਗਰਮ ਲੜਾਕੇ ਅਤੇ 20,000 ਹੀ ਰਾਖਵੇਂ ਹਨ। ਇਸ ਨੂੰ ਈਰਾਨ ਤੋਂ ਰਾਕੇਟ ਅਤੇ ਡਰੋਨ ਸਮੇਤ ਆਧੁਨਿਕ ਹਥਿਆਰ ਮਿਲਦੇ ਹਨ। ਤੁਸੀਂ ਕਹਿ ਸਕਦੇ ਹੋ, ਹਿਜ਼ਬੁੱਲਾ ਸਿਆਸੀ ਤੌਰ 'ਤੇ ਸੱਤਾ ਵਿੱਚ ਨਹੀਂ ਹੈ, ਪਰ ਪੂਰਾ ਦੇਸ਼ ਇਸ ਦੇ ਕੰਟਰੋਲ ਵਿੱਚ ਹੈ।

ਯਮਨ ਵਿੱਚ ਹੂਤੀ ਵਿਦਰੋਹੀਆਂ ਵਿੱਚ ਵੀ ਇਰਾਨ ਦਾ ਯੋਗਦਾਨ ਹੈ। ਪਰ ਸਵਾਲ ਇਹ ਹੈ ਕਿ ਮੱਧ ਪੂਰਬ ਵਿੱਚ ਇਹ ਜੰਗ ਕਿੱਥੇ ਰੁਕੇਗੀ? ਜਿਨ੍ਹਾਂ ਕੱਟੜਪੰਥੀ ਸੰਗਠਨਾਂ ਦੇ ਆਗੂ ਮਾਰੇ ਗਏ ਸਨ, ਉਨ੍ਹਾਂ ਦੇ ਵਾਰਿਸਾਂ ਨੂੰ ਬਿਠਾਇਆ ਗਿਆ ਹੈ। ਗਾਜ਼ਾ ਵਿੱਚ ਬਾਕੀ ਬੰਧਕਾਂ ਦਾ ਕੀ ਹੋਵੇਗਾ? ਤਾਜ਼ਾ ਹਮਲੇ ਨੇ ਇਜ਼ਰਾਇਲੀ ਰੱਖਿਆ ਬਲ ਅਤੇ ਉਨ੍ਹਾਂ ਦੀ ਅੰਦਰੂਨੀ ਸੁਰੱਖਿਆ ਸੇਵਾ 'ਸ਼ਿਨ ਬੇਟ' ਦੀ ਤਾਕਤ ਵਧਾ ਦਿੱਤੀ ਹੈ। ਨੇਤਨਯਾਹੂ ਦੀ ਕੁਰਸੀ 7 ਅਕਤੂਬਰ 2023 ਤੋਂ ਬਾਅਦ ਵੀ ਸੱਤਾ ਵਿੱਚ ਬਰਕਰਾਰ ਹੈ; ਪਰ ਇਹ ਸਭ ਕਿਸ ਦੀ ਤਬਾਹੀ ਦੀ ਕੀਮਤ 'ਤੇ? ਕੀ ਨਵੰਬਰ ਵਿੱਚ ਅਮਰੀਕੀ ਚੋਣਾਂ ਤੋਂ ਬਾਅਦ ਮੱਧ ਪੂਰਬ ਵਿੱਚ ਸ਼ਾਂਤੀ ਹੋਵੇਗੀ? ਕੀ ਮੱਧ ਪੂਰਬ ਵਿੱਚ ਅਸ਼ਾਂਤੀ ਸੱਤਾਧਾਰੀ ਪਾਰਟੀ ਲਈ ਹਮਦਰਦੀ ਪੈਦਾ ਕਰਦੀ ਹੈ, ਜੋ ਕਿ ਅਮਰੀਕੀ ਵੋਟ ਬੈਂਕ ਹੈ? ਇਹ ਸਾਰੇ ਸਵਾਲ ਹਨ। ਦੋਵੇਂ ਪਾਸੇ ਦੀ ਆਮ ਜਨਤਾ ਮੂਕ ਦਰਸ਼ਕ ਬਣ ਕੇ ਆਪਣੀ ਤਬਾਹੀ ਦੇਖ ਰਹੀ ਹੈ, ਜੋ ਸਾਡੇ ਦੇਸ਼ ਵਿੱਚ ਸਰਾਫਾ ਬਾਜ਼ਾਰ ਵਿੱਚ ਨਿਵੇਸ਼ ਕਰਦੇ ਹਨ, ਸੋਨਾ-ਚਾਂਦੀ ਮਹਿੰਗਾ ਹੋ ਰਿਹਾ ਹੈ। ਮਹਿਬੂਬਾ ਮੁਫਤੀ ਨੂੰ ਲੱਗਦਾ ਹੈ ਕਿ ਹਸਨ ਨਸਰੱਲਾਹ ਦੇ ਕਤਲ ਦੇ ਖਿਲਾਫ ਇੱਕ ਦਿਨ ਲਈ ਚੋਣ ਪ੍ਰਚਾਰ ਰੋਕ ਕੇ ਪੀ.ਡੀ.ਪੀ. ਸੱਤਾ ਵਿੱਚ ਆ ਜਾਵੇਗੀ। ਹਰ ਕਿਸੇ ਦਾ ਆਪਣਾ ਏਜੰਡਾ ਹੈ!

# ਸੰਭਲ ਕੇ ਵਰਤੋ ਇਸ ਨਿਆਮਤ ਨੂੰ

## ਜੁਗ ਜੁਗ ਜੀਓ... (18)

**ਡਾ. ਹਰਬੰਸ ਕੌਰ ਦਿਓਲ**

***ਗੁਰਬਾਣੀ ਦੀਆਂ ਇਹ ਦੋ ਪੰਗਤੀਆਂ "ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥" ਅਤੇ "ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥" ਤਾਂ ਸਭ ਨੂੰ ਯਾਦ ਹੀ ਹੋਣਗੀਆਂ! ਇਨ੍ਹਾਂ ਦੇ ਅਰਥ ਬੜੇ ਸੌਖੇ ਹਨ ਪਰ ਜੇ ਸਮਝਣ ਦੀ ਕੋਸ਼ਿਸ਼ ਕਰੀਏ ਹੀ ਨਾ, ਤਾਂ ਸਮੁੰਦਰ ਤੋਂ ਵੀ ਡੂੰਘੇ। ਇਸ ਲੇਖ ਵਿੱਚ ਜੀਵਨ ਲਈ ਨਿਆਮਤੀ ਤੱਤ ਪਾਣੀ ਦੀ ਮਹੱਤਤਾ ਦਰਸਾਉਂਦਿਆਂ ਇਸ ਦੀ ਸੰਜਮ ਨਾਲ ਵਰਤੋਂ ਕਰਨ ਅਤੇ ਪਲਾਸਟਿਕ ਦੀਆਂ ਬੋਤਲਾਂ ਵਾਲੀ ਪਾਣੀ ਪੀਣ ਤੋਂ ਗੁਰੇਜ ਕਰਨ ਦੀ ਗੁਹਾਰ ਲਾਈ ਗਈ ਹੈ; ਕਿਉਂਕਿ ਜ਼ਿਆਦਾਤਰ ਬਿਮਾਰੀਆਂ ਦੀ ਜੜ ਬੇਪ੍ਰਵਾਹੀਆਂ ਵਿੱਚ ਹੈ। ਸੁਚੇਤ ਹੋਣ ਦਾ ਹੋਕਾ ਸੁਜੱਗ ਲੋਕ ਹੀ ਲਾਉਂਦੇ ਹਨ। ਇੰਜ ਹੀ ਭਾਈਚਾਰੇ ਨੂੰ ਸਿਹਤ ਸਬੰਧੀ ਜਾਗਰੂਕ ਕਰਨ ਲਈ ਡਾ. ਹਰਬੰਸ ਕੌਰ ਦਿਓਲ 'ਸਿਹਤਮੰਦ ਲੋਕ, ਸਿਹਤਮੰਦ ਸਮਾਜ' ਦੇ ਨਜ਼ਰੀਏ ਤੋਂ ਵਿਚਾਰ ਸਾਂਝੇ ਕਰਦੇ ਰਹਿੰਦੇ ਹਨ। ਇਸ ਲੇਖ ਵਿੱਚ ਵੀ ਉਨ੍ਹਾਂ ਨੇ ਕਾਬਿਲ-ਏ-ਗੌਰ ਮਸ਼ਵਰੇ ਸਾਂਝੇ ਕੀਤੇ ਹਨ, ਜੋ ਲਾਹੇਵੰਦ ਹਨ। ਪੇਸ਼ ਹੈ, ਪਾਠਕਾਂ ਲਈ ਇਹ ਜਾਣਕਾਰੀ ਭਰਪੂਰ ਲੇਖ...***



"ਹੈਲੋ ਦੀਦੀ!" ਫੋਨ 'ਤੇ ਦੂਜੇ ਪਾਸਿਓਂ ਆਵਾਜ਼ ਆਈ, ਜਦੋਂ ਚੰਨੀ ਨੇ ਫੋਨ ਚੁੱਕਿਆ। ਸਵੇਰ ਦੇ 7 ਵੱਜੇ ਸਨ ਅਤੇ ਛੁੱਟੀ ਦਾ ਦਿਨ ਸੀ। ਚੰਨੀ ਨੇ ਫਿਕਰਮੰਦ ਹੋ ਕੇ ਕਿਹਾ, "ਪ੍ਰੀਤ, ਸਭ ਸੁੱਖ ਤਾਂ ਹੈ, ਇੰਨੇ ਸਵੇਰੇ ਸਵੇਰੇ ਫੋਨ ਕੀਤੈ?" ਤੂੰ ਤਾਂ ਹਫਤੇ ਦੇ ਦਿਨਾਂ ਵਿੱਚ ਵੀ 8 ਵਜੇ ਤੋਂ ਪਹਿਲਾਂ ਨਹੀਂ ਉਠਦੀ।"

"ਦੀਦੀ, ਸਭ ਠੀਕ ਠਾਕ ਹੈ। ਅੱਜ ਮੈਨੂੰ ਜਲਦੀ ਜਾਗ ਆ ਗਈ। ਬਾਹਰ ਵਿਹੜੇ ਵਿੱਚ ਨਿਕਲੀ, ਮੌਸਮ ਬਹੁਤ ਵਧੀਆ ਏ- ਚੜ੍ਹਦੇ ਸੂਰਜ ਦੀ ਲਾਲੀ, ਭਿੰਨੀ ਭਿੰਨੀ ਫੁੱਲਾਂ ਦੀ ਖੁਸ਼ਬੂ, ਠੰਡੀ ਠੰਡੀ ਹਵਾ ਅਤੇ ਇਕਦਮ ਸ਼ਾਂਤ। ਸਿਰਫ ਚਿੜੀਆਂ ਦੇ ਚਹਿਕਣ ਦੀ ਆਵਾਜ਼ ਅਤੇ ਪੱਤਿਆਂ ਦੀ ਧੀਮੀ ਧੀਮੀ ਖੜਖੜਾਹਟ ਤੋਂ ਬਿਨਾ ਕੋਈ ਆਵਾਜ਼ ਨਹੀਂ ਸੁਣਾਈ ਦਿੰਦੀ। ਨਿੱਘੀ ਨਿੱਘੀ ਧੁੱਪ ਵਿੱਚ ਬੈਠ ਕੇ ਚਾਹ ਪੀਣ ਦਾ ਤਾਂ ਅੱਜ ਸੁਆਦ ਹੀ ਆ ਗਿਐ।"

"ਅੱਛਾ! ਪਰ ਇਹ ਤਾਂ ਇਸ ਵੇਲੇ ਰੋਜ਼ ਹੀ ਹੁੰਦੈ। ਤੂੰ ਕਿਹੜੀ ਨਵੀਂ ਕਾਢ ਕੱਢੀ ਐ!"

"ਬਈ ਮੈਂ ਤਾਂ ਤੁਹਾਨੂੰ ਸੱਦਾ ਦੇਣ ਲਈ ਫੋਨ ਕੀਤਾ ਸੀ। ਕਿਉਂ ਨਾ ਬਾਹਰ ਬੈਠ ਕੇ ਇਕੱਠੇ ਸਾਰੇ ਜਣੇ ਨਾਸ਼ਤਾ ਕਰੀਏ। ਤੁਹਾਡੇ ਆਉਣ ਤੱਕ, ਮੈਂ ਫਟਾ ਫਟ ਤੁਹਾਡੀ ਪਸੰਦ ਦਾ ਬਰੇਕਫਾਸਟ ਬਣਾ ਲੈਂਦੀ ਆਂ।"

"ਪ੍ਰੀਤ, ਮੈਨੂੰ ਅੱਜ ਥੋੜ੍ਹਾ ਜਿਹਾ ਕੰਮ ਹੈ, ਕਿਉਂ ਨਾ ਆਪਾਂ ਕੱਲ੍ਹ ਦਾ ਪ੍ਰੋਗਰਾਮ ਰੱਖੀਏ!"

"ਨਾ! ਕੱਲ੍ਹ ਨੂੰ ਫੇਰ ਸਹੀ, ਤੁਹਾਨੂੰ ਆਉਣਾ ਹੀ ਪੈਣਾ ਏ ਅੱਜ। ਚਾਚੀ ਜੀ ਤੁਹਾਨੂੰ ਮਿਲਣਾ ਚਾਹੁੰਦੇ ਨੇ।"

"ਜੇ ਇਹ ਗੱਲ ਹੈ ਤਾਂ ਮੈਂ ਆਉਂਦੀ ਆਂ ਅੱਧੇ ਘੰਟੇ ਤੱਕ।"

"ਮੈਨੂੰ ਪਤਾ ਸੀ, ਚਾਚੀ ਜੀ ਲਈ ਤਾਂ ਤੁਸੀਂ ਨਾਂਹ ਨਹੀਂ ਜੇ ਕਰਨੀ। ਚਲੋ ਮਿਲਦੇ ਆਂ ਫਿਰ।"

ਧੁੱਪ ਥੋੜ੍ਹੀ ਤੇਜ ਹੋਣ ਲੱਗ ਪਈ ਸੀ, ਪਰ ਫੁੱਲਾਂ ਦੀ ਖੁਸ਼ਬੂ ਨਾਲ ਸਾਰਾ ਵਿਹੜਾ ਮਹਿਕ ਰਿਹਾ ਸੀ। ਪ੍ਰੀਤ ਨੇ ਵਿਹੜੇ ਨੂੰ ਇੱਕ ਸੁੰਦਰ ਬਗੀਚੇ ਵਿੱਚ ਬਦਲ ਦਿੱਤਾ ਸੀ ਵੰਨ-ਸੁਵੰਨੇ ਫੁੱਲ ਅਤੇ ਬੂਟੇ ਲਗਾ ਕੇ। ਨਾਸ਼ਤੇ ਬਾਅਦ ਦੋਨੋਂ ਦਰਖਤ ਦੀ ਛਾਂ ਵਿੱਚ ਬੈਂਚ 'ਤੇ ਬੈਠੀਆਂ ਅਤੇ ਚਾਚੀ ਜੀ ਆਪਣੀ ਸਹੇਲੀ ਵਲ ਚਲੇ ਗਏ। ਚੰਨੀ ਨੇ ਪ੍ਰੀਤ ਨੂੰ ਇਸ਼ਾਰਾ ਕਰਕੇ ਉਸ ਦਾ ਧਿਆਨ ਗਮਲੇ ਵਿੱਚ ਲੱਗੇ ਪੌਦੇ ਵੱਲ ਦਿਵਾਇਆ, ਉਸ ਦੇ ਪੱਤੇ ਥੱਲੇ ਨੂੰ ਲਟਕ ਰਹੇ ਸਨ, ਬੇਜਾਨ ਜਿਹੇ, "ਲੱਗਦੈ ਇਸ ਨੂੰ ਪਾਣੀ ਨਹੀਂ ਮਿਲਿਆ।"

"ਨਹੀਂ ਦੀਦੀ, ਹੁਣੇ ਹੀ ਅੱਧਾ ਕੁ ਘੰਟਾ ਪਹਿਲਾਂ ਮੈਂ ਪਾਣੀ ਪਾਇਐ। ਇਨ੍ਹਾਂ ਨੂੰ ਵੀ ਪਿਆਰ, ਖੁਰਾਕ ਅਤੇ ਪਾਣੀ ਦੀ ਜ਼ਰੂਰਤ ਹੈ, ਬੰਦਿਆਂ ਵਾਂਗ। ਥੋੜ੍ਹੀ ਜਿਹੀ ਅਣਗਹਿਲੀ ਹੋ ਜਾਵੇ ਤਾਂ ਮੁਰਝਾਅ ਜਾਂਦੇ ਨੇ। ਆਪਣੇ ਦੇਖਦਿਆਂ ਦੇਖਦਿਆਂ ਹੀ ਇਹਨੇ ਟਹਿਕ ਪੈਣਾ ਏ।"

"ਪਾਣੀ ਪਰਮਾਤਮਾ ਦੀ ਇੰਨੀ ਵੱਡੀ ਨਿਆਮਤ ਹੈ ਆਪਾਂ ਲਈ ਅਤੇ ਇਨ੍ਹਾਂ ਲਈ। ਗੁਜ਼ਾਰਾ ਨਹੀਂ ਹੋ ਸਕਦਾ ਇਸ ਤੋਂ ਬਿਨਾ, ਇੰਨੀ ਅਹਿਮੀਅਤ ਹੈ ਪਾਣੀ ਦੀ ਆਪਣੀ ਜ਼ਿੰਦਗੀ ਵਿੱਚ। ਉਦਯੋਗਿਕ, ਮਨੋਰੰਜਨ, ਆਵਾਜਾਈ, ਖੇਤੀਬਾੜੀ, ਜਾਨਵਰਾਂ ਅਤੇ ਸਮੁੰਦਰੀ ਜੀਵ-ਜੰਤੂਆਂ ਤੋਂ ਬਿਨਾ ਆਪਣੇ ਨਿਜੀ ਇਸਤੇਮਾਲ ਕਰਨ ਲਈ, ਘਰ ਵਿੱਚ ਕੱਪੜੇ ਧੋਣ, ਨਹਾਉਣ ਲਈ, ਰਸੋਈ ਲਈ।

ਆਪਣੇ ਸਰੀਰ ਵਿੱਚ 70% ਪਾਣੀ ਹੈ। ਆਪਣੇ ਹਰ ਇੱਕ ਸੈੱਲ ਨੂੰ ਕੰਮ ਕਰਨ ਲਈ, ਜਿਉਂਦੇ ਰਹਿਣ ਲਈ ਪਾਣੀ ਦੀ ਜ਼ਰੂਰਤ ਹੈ। ਸਰੀਰ ਦੇ ਅਹਿਮ ਕੰਮ ਜਿਵੇਂ ਸਰੀਰ ਦੇ ਜੂਸ, ਇਸ ਦੀ ਰਹਿੰਦ (waste) ਕੱਢਣ ਲਈ, ਖੂਨ, ਪਸੀਨਾ, ਜੋੜਾਂ ਵਿੱਚ ਰਸ, ਖੂਨ ਦੇ ਦੌਰੇ (BP) ਅਤੇ ਸਰੀਰ ਦੇ ਤਾਪਮਾਨ (internal temperature) ਨੂੰ ਬਰਕਰਾਰ ਰੱਖਣ ਲਈ ਵੀ ਇਸ ਦੀ ਸਖਤ ਜ਼ਰੂਰਤ ਹੈ।

97% ਧਰਤੀ ਦਾ ਪਾਣੀ ਸਮੁੰਦਰ ਵਿੱਚ ਹੈ

99% ਪਾਣੀ ਆਪਣੇ ਪੀਣ ਲਾਇਕ ਨਹੀਂ ਹੈ

ਤਕਰੀਬਨ 2.2 ਬਿਲੀਅਨ ਘਰਾਂ ਨੂੰ ਪੀਣ ਵਾਲਾ ਪਾਣੀ ਲੈਣ ਦੀ ਦਿੱਕਤ ਹੈ

300 ਮਿਲੀਅਨ ਲੋਕ 30 ਮਿੰਟ ਜਾਂ ਜ਼ਿਆਦਾ ਦੂਰ ਜਾ ਕੇ ਪੀਣ ਵਾਲਾ ਪਾਣੀ ਲੈ ਕੇ ਆਉਂਦੇ ਨੇ। ਕਿੰਨੀ ਦੁਖਦਾਇਕ ਗੱਲ ਹੈ!"

"ਦੀਦੀ, ਤੁਸੀਂ 3 ਦਾ ਰੂਲ ਕੀ ਕਿਹਾ ਸੀ?"

"1. ਆਪਾਂ ਆਕਸੀਜਨ ਤੋਂ ਬਿਨਾ 3 ਮਿੰਟ ਤੋਂ ਜ਼ਿਆਦਾ ਨਹੀਂ ਰਹਿ ਸਕਦੇ। 3-4 ਮਿੰਟ ਬਾਅਦ ਹੀ ਦਿਮਾਗ ਦੇ ਸੈਲ ਮਰਨੇ ਸ਼ੁਰੂ ਹੋ ਜਾਂਦੇ ਨੇ ਅਤੇ 4-7 ਮਿੰਟ ਬਾਅਦ ਮੌਤ ਹੋ ਜਾਂਦੀ ਏ।

2. ਪਾਣੀ ਤੋਂ ਬਿਨਾ 3 ਦਿਨ ਹੀ ਰਹਿ ਸਕਦੇ ਹਾਂ।

3. ਖੁਰਾਕ ਤੋਂ ਬਿਨਾ 3 ਹਫਤੇ ਹੀ।

ਇਹ ਵਕਤ ਔਸਤ (average) ਹੈ, ਇਹ ਘੱਟ-ਵੱਧ ਹੋ ਸਕਦੈ। ਇਹ ਨਿਰਭਰ ਹੈ ਉਮਰ, ਮੌਸਮ, ਸਿਹਤ ਅਤੇ ਬਿਮਾਰੀਆਂ ਦੀ ਹੋਂਦ 'ਤੇ।"

"ਦੀਦੀ, ਹਰ ਰੋਜ਼ ਕਿੰਨਾ ਪਾਣੀ ਪੀਣ ਦੀ ਜ਼ਰੂਰਤ ਹੈ?"

"ਹਰ ਇੱਕ ਦੀ ਵੱਖਰੀ ਵੱਖਰੀ ਜ਼ਰੂਰਤ ਹੁੰਦੀ ਹੈ, ਨਿਰਭਰ ਹੈ ਉਮਰ, ਮੌਸਮ, ਵਜ਼ਨ, ਆਲੇ-ਦੁਆਲੇ ਦੇ ਤਾਪਮਾਨ, ਸਿਹਤ ਅਤੇ ਕਸਰਤ 'ਤੇ। ਕਈ ਤਰੀਕੇ ਨੇ, ਪਰ ਆਮ ਤੌਰ 'ਤੇ 6 ਤੋਂ 8 ਗਲਾਸ ਵਧੇਰੇ ਹੁੰਦੇ ਨੇ। ਇਸ ਵਿੱਚ ਹਰ ਤਰੀਕੇ ਦੇ ਤਰਲ (liquids) ਆ ਜਾਂਦੇ ਨੇ। ਆਪਣੀ 20% ਪਾਣੀ ਦੀ ਜ਼ਰੂਰਤ ਖੁਰਾਕ ਤੋਂ ਪੂਰੀ ਹੋ ਜਾਂਦੀ ਏ। ਇਸ ਦਾ ਜ਼ਿਆਦਾ ਹਿੱਸਾ ਦਿਨ ਦੇ ਪਹਿਲੇ ਵਕਤ (earlier in the day) ਵਿੱਚ ਪੀ ਲਵੋ ਤਾਂ ਕੇ ਰਾਤ ਨੂੰ ਰੈਸਟ ਰੂਮ ਦੇ ਬਹੁਤੇ ਚੱਕਰ ਨਾ ਲਾਉਣੇ ਪੈਣ।

ਕਈ ਲੋਕ ਪਿਸ਼ਾਬ ਦੀ ਰੰਗਤ ਅਤੇ ਸਪੈਸਫਿਕ (sp. gravity) ਅਤੇ ਪਿਆਸ ਨਾਲ ਚੱਲਦੇ ਨੇ। Sp. gravity 1.010 ਤੋਂ ਘੱਟ ਅਤੇ ਪਿਸ਼ਾਬ ਬਹੁਤ ਹੀ ਹਲਕਾ ਪੀਲਾ ਹੋਣਾ ਚਾਹੀਦੈ। ਬਹੁਤ ਜ਼ਿਆਦਾ ਪਾਣੀ (electrolytes ਤੋਂ ਬਿਨਾ) ਨੁਕਸਾਨਦਾਇਕ ਹੁੰਦਾ ਹੈ। ਇਸ ਨਾਲ ਵਾਟਰ intoxication ਹੋਣ ਦਾ ਡਰ ਹੈ, ਕਿਉਂਕਿ ਸਰੀਰ ਵਿੱਚੋਂ electrolytes ਜ਼ਿਆਦਾ ਘਟ ਜਾਂਦੇ ਨੇ।"

"ਦੀਦੀ, ਹਰ ਇੱਕ ਜਣਾ ਪਾਣੀ ਦੀ ਬੋਤਲ ਫੜੀ ਫਿਰਦੈ, ਕੁਝ ਕੁਝ ਮਿੰਟਾਂ ਬਾਅਦ ਘੁੱਟ ਭਰੀ ਜਾਂਦੇ ਨੇ। ਗਰੌਸਰੀ ਸਟੋਰ ਵਿੱਚ ਵੀ ਦੇਖਿਆ ਜਾਂਦੈ ਲੋਕ ਕਿੰਨੀਆਂ ਕਿੰਨੀਆਂ ਬੋਤਲਾਂ ਪਾਣੀ ਦੀਆਂ ਖਰੀਦਦੇ ਨੇ। ਕੀ ਪਾਣੀ ਸਿਰਫ ਬੋਤਲਾਂ ਦਾ ਹੀ ਪੀਣਾ ਚਾਹੀਦੈ?"

"ਤੇਰਾ ਸਵਾਲ ਬਹੁਤ ਹੀ ਮਹੱਤਵਪੂਰਨ ਹੈ। ਮੇਰਾ ਜਵਾਬ ਕਾਫੀ ਲੰਮਾ ਹੈ। ਆਰਾਮ ਨਾਲ ਬੈਠ ਕੇ ਸੁਣ:

ਇੱਕ ਬਹੁਤ ਨਵੀਂ ਜਾਣਕਾਰੀ (report) ਛਪੀ ਹੈ 25 ਸਤੰਬਰ 2024 ਨੂੰ, ਜਿਸ ਵਿੱਚ ਇਸ ਬਾਰੇ ਕੁਝ ਗੱਲਾਂ ਦੱਸੀਆਂ ਨੇ। ਤਕਰੀਬਨ ਦੋ ਬਿਲੀਅਨ ਲੋਕ ਪਾਣੀ ਦੀਆਂ ਬੋਤਲਾਂ 'ਤੇ ਨਿਰਭਰ ਹਨ, ਪਾਣੀ ਦੀ ਘਾਟ ਕਰਕੇ।

ਦੂਸਰਾ ਸਹੂਲਤ (convenience) ਕਰਕੇ ਅਤੇ ਤੀਸਰਾ, ਗੁਮਰਾਹ ਕਰਨ ਵਾਲੀ ਇਸ਼ਤਿਹਾਰਬਾਜ਼ੀ (misleading marketing) ਕਰਕੇ ਕਿ ਬੋਤਲਾਂ ਵਾਲਾ ਪਾਣੀ ਬਹੁਤ ਸਾਫ ਹੈ ਅਤੇ ਸਿਹਤ ਲਈ ਅੱਛਾ ਹੈ; ਜੋ ਬਿਲਕੁਲ ਗਲਤ ਹੈ।

1. ਅਮਰੀਕਾ ਵਿੱਚ ਦੋ ਤਿਹਾਈ (2/3) ਬੋਤਲਾਂ ਵਾਲਾ ਪਾਣੀ tap water (ਟੂਟੀ ਵਾਲਾ ਪਾਣੀ) ਹੀ ਪਾਇਆ ਹੁੰਦੈ। ਬੋਤਲਾਂ ਵਾਲੇ ਪਾਣੀ 'ਤੇ ਬਹੁਤੀ ਨਿਗਰਾਨੀ ਨਹੀਂ ਕਰੀ ਜਾਂਦੀ, ਜਿੰਨੀ ਟੂਟੀ ਵਾਲੇ ਪਾਣੀ 'ਤੇ ਹੁੰਦੀ ਹੈ। ਇਸ ਦਾ ਮਤਲਬ ਬੋਤਲਾਂ ਵਾਲਾ ਪਾਣੀ ਬਿਹਤਰ ਨਹੀਂ ਹੈ। ਇਸ ਤੋਂ ਬਿਨਾ ਬੋਤਲ ਵਾਲੇ ਪਾਣੀ ਵਿੱਚ ਹੋਰ ਸਮੱਸਿਆਵਾਂ ਵੀ ਹਨ।

2. ਅਗਲੀ ਗੱਲ, ਪਲਾਸਟਿਕ ਦੀ ਬੋਤਲ ਵਾਲੇ ਪਾਣੀ ਵਿੱਚ ਮਾਈਕਰੋਪਲਾਸਟਿਕ ਘੁਲ ਜਾਂਦੇ ਨੇ, ਇਨ੍ਹਾਂ ਦੀ ਮਿਕਦਾਰ 10-100 ਗੁਣਾ ਜ਼ਿਆਦਾ ਹੈ। ਜਿੰਨਾ ਪਹਿਲਾਂ ਸੋਚਿਆ ਸੀ ਅਤੇ ਇਸ ਵਿੱਚ DBPs (Disinfection byproducts), ਜਿਹੜੀਆਂ ਕਲੋਰੀਨ ਤੇ ਕਿਟਾਣੂ ਨਸ਼ਟ ਵਸਤਾਂ ਦੇ ਜੈਵਿਕ ਚੀਜ਼ਾਂ (ਔਰਗੈਨਿਕ ਮੈਟਰ) 'ਤੇ ਅਸਰ ਕਰਕੇ ਹੁੰਦੀਆਂ ਹਨ। ਇਹ ਆਪਣੇ ਸਰੀਰ ਵਿੱਚ ਜਾ ਕੇ ਬੁਰਾ ਅਸਰ ਕਰਦੇ ਨੇ; ਜਿਵੇਂ ਬਾਂਝਪਨ (interfility), ਦਿਮਾਗ ਦੀ ਕਮਜ਼ੋਰੀ (alzheimer), ADHD ਜੇ ਗਰਭਵਤੀ ਇਸ ਤਰ੍ਹਾਂ ਦਾ ਪਾਣੀ ਪੀਵੇ; ਤੇ ਮੁੰਡੇ ਦੀ ਕਾਮ ਸਥਿਤੀ (sex orientation) ਵਿੱਚ ਗੜਬੜ ਦਾ ਡਰ ਵੀ ਹੋ ਸਕਦੈ।

ਇਸ ਲਈ ਇਹ ਪਲਾਸਟਿਕ ਦੀਆਂ ਬੋਤਲਾਂ ਵਾਲਾ ਪਾਣੀ ਆਪਣੇ ਲਈ ਹਾਨੀਕਾਰਕ ਹੈ। ਇਸ ਨੂੰ ਸੂਰਜ ਦੀ ਰੋਸ਼ਨੀ ਤੋਂ ਪਰ੍ਹਾਂ ਠੰਡੀ ਥਾਂ 'ਤੇ ਰੱਖਣਾ ਚਾਹੀਦੈ ਅਤੇ 6 ਤੋਂ 12 ਮਹੀਨੇ ਦੇ ਅੰਦਰ ਇਸਤੇਮਾਲ ਕਰ ਲਵੋ, ਜੇ ਤੁਸੀਂ ਇਹ ਪਾਣੀ ਪੀਣਾ ਹੀ ਹੈ।"

"ਦੀਦੀ, ਰੱਬ ਉਨ੍ਹਾਂ ਦੀ ਰੱਖਿਆ ਕਰੇ ਅਤੇ ਸੁਮੱਤ ਦੇਵੇ। ਮੈਂ ਸੁਣਿਆ ਸੀ ਕਿਤੇ ਕਾਰ ਨੂੰ ਅੱਗ ਵੀ ਲੱਗ ਗਈ ਸੀ ਪਾਣੀ ਦੀ ਬੋਤਲ ਤੋਂ, ਬਹੁਤ ਗਰਮੀ ਵਿੱਚ।"

"3. ਇਸ ਘਟਨਾ ਬਾਰੇ ਮੈਂ ਵੀ ਸੁਣਿਆ ਸੀ।

ਕਈ ਵਾਰੀ ਪਾਣੀ ਨੂੰ ਟੈਸਟ ਕਰਨ 'ਤੇ ਕੁਝ ਜ਼ਰਮ (bacteria) ਵੀ ਪਾਏ ਗਏ ਹਨ।

4. ਇਹ ਵੀ ਕਿਹਾ ਗਿਐ ਕਿ ਇਹ ਨੈਨੋਪਲਾਸਟਿਕ ਆਪਣੇ ਸਰੀਰ ਵਿੱਚ ਜਾ ਕੇ ਸਰੀਰ ਦੀ ਫੈਟ ਹੈਂਡਲ ਕਰਨ ਦੀ ਤਾਕਤ ਵਿੱਚ ਵੀ ਤਬਦੀਲੀ ਕਰਦੀ ਏ ਅਤੇ ਵਜ਼ਨ ਵਿੱਚ ਵਾਧਾ ਕਰ ਸਕਦੀ ਏ।

5. ਆਪਣੇ ਆਲੇ-ਦੁਆਲੇ (environment) 'ਤੇ ਵੀ ਮਾੜਾ ਅਸਰ ਹੁੰਦਾ ਹੈ।

-ਪਲਾਸਟਿਕ ਬੋਤਲਾਂ ਬਣਾਉਣ ਲਈ fossil fuel ਯਾਨਿ ਜੈਵਿਕ ਬਾਲਣ (ਕੋਲਾ, ਤੇਲ ਅਤੇ ਗੈਸ) ਇਸਤੇਮਾਲ ਹੁੰਦੀ ਏ। ਇਕੱਲੇ ਅਮਰੀਕਾ ਵਿੱਚ ਹਰ ਸਾਲ 17 ਮਿਲੀਅਨ ਢੋਲ ਤੇਲ ਦੇ ਲਗਦੇ ਨੇ ਅਤੇ ਕਿੰਨੀ ਕਾਰਬਨ ਆਪਣੇ ਵਾਤਾਵਰਣ ਵਿੱਚ ਚਲੀ ਜਾਂਦੀ ਏ ਇਸ ਤੋਂ!

-67 ਮਿਲੀਅਨ ਬੋਤਲ ਹਰ ਰੋਜ਼ ਸੁੱਟੀਆਂ ਜਾਂਦੀਆਂ ਨੇ। ਸਿਰਫ 10% ਹੀ ਰੀਸਾਈਕਲ ਹੁੰਦੀਆਂ ਨੇ- ਬਾਕੀ ਸਮੁੰਦਰ ਜਾਂ ਲੈਂਡਫਿਲ ਵਿੱਚ ਜਮ੍ਹਾਂ ਹੁੰਦੀਆਂ ਨੇ ਅਤੇ ਪ੍ਰਦੂਸ਼ਣ ਵਿੱਚ ਵਾਧਾ ਕਰਦੀਆਂ ਨੇ; ਤੇ ਆਪਣੇ ਪਾਣੀ ਵਿੱਚ ਅਖੀਰ ਵਿੱਚ ਪਹੁੰਚ ਜਾਂਦਾ ਹੈ ਇਨ੍ਹਾਂ ਦਾ ਪਲਾਸਟਿਕ।

-ਇਹ ਪਾਣੀ ਵਿੱਚ ਗਈ ਪਲਾਸਟਿਕ ਸਮੁੰਦਰੀ ਜੀਵ-ਜੰਤੂਆਂ ਵ੍ਹੇਲਜ਼ ਤੇ ਮੱਛੀਆਂ 'ਤੇ ਮਾੜਾ ਅਸਰ ਕਰਦੀ ਏ। ਪਿੱਛੇ ਜਿਹੇ ਫਿਲੀਪੀਨਜ਼ ਵਿੱਚ ਸਮੁੰਦਰ ਦੇ ਕਿਨਾਰੇ ਇੱਕ ਮਰੀ ਹੋਈ ਵ੍ਹੇਲ ਮਿਲੀ। ਉਸ ਦੇ ਢਿੱਡ ਵਿੱਚ 88 ਪਾਊਂਡ ਪਲਾਸਟਿਕ ਮਿਲੀ।

ਸੈਨ ਫਰਾਂਸਿਸਕੋ, ਬੇਏਰੀਆ ਵਿੱਚ carcinogen ਲੱਭੇ ਹਨ ਬੋਤਲ ਦੇ ਪਾਣੀ ਵਿੱਚ।

ਪ੍ਰੀਤ, ਬੋਤਲ ਦੀ ਪਲਾਸਟਿਕ ਨੂੰ ਨਸ਼ਟ ਹੋਣ ਲਈ 20 ਤੋਂ 450 ਸਾਲ ਲੱਗਦੇ ਨੇ।"

"ਹੈਅ! ਸੱਚੀਂ ਦੀਦੀ!"

"ਜਿੰਨਾ ਜ਼ਿਆਦਾ ਪਲਾਸਟਿਕ ਇਸਤੇਮਾਲ ਕਰਾਂਗੇ, ਉਨੀ ਹੀ ਜ਼ਿਆਦਾ ਇਕੱਠੀ ਹੁੰਦੀ ਜਾਵੇਗੀ। ਇਸ ਕਰਕੇ ਇਸ ਤਰ੍ਹਾਂ ਦੀਆਂ ਬੋਤਲਾਂ ਨਹੀਂ ਖਰੀਦਣੀਆਂ ਚਾਹੀਦੀਆਂ। ਜੇ ਬੋਤਲਾਂ ਵਾਲਾ ਪਾਣੀ ਪੀਣਾ ਹੈ, ਉਹ ਖਰੀਦੋ ਜੋ ਕੱਚ ਦੀਆਂ ਬੋਤਲਾਂ ਵਿੱਚ ਮਿਲਦੈ। ਆਮ ਮਿਲ ਜਾਂਦੈ, ਜਿਵੇਂ ਸੈਨ ਪੈਲਗਰੀਨੋ; ਹੋਰ ਵੀ ਕਈ ਬਰੈਂਡ ਹਨ। ਇਨ੍ਹਾਂ ਵਿੱਚ Italian water ਹੁੰਦੈ। ਇਹਦਾ ਸੁਆਦ ਵਧੀਆ ਹੁੰਦੈ ਅਤੇ pH balanced ਹੁੰਦੈ। ਤੁਸੀਂ ਗਲਾਸ ਜਾਂ ਸਟੀਲ ਦੀ ਬੋਤਲ ਪਾਣੀ ਪਾਉਣ ਲਈ ਖਰੀਦੋ, ਕਈ ਸੁੰਗੜ ਜਾਣ ਵਾਲੀਆਂ (collapsible) ਬੋਤਲਾਂ ਵੀ ਮਿਲਦੀਆਂ ਹਨ। ਇਹ ਸੁਰੱਖਿਅਤ (safe) ਹਨ।

ਪੀਣ ਵਾਲੀਆਂ ਸੁਰੱਖਿਅਤ ਡਰਿੰਕਸ ਹਨ:

-ਸਾਫ ਪਾਣੀ (ਕੱਚ ਦੀ ਬੋਤਲ ਵਾਲਾ)

-Brassica tea -Mateha tea

ਪੀਣ ਵਾਲੀਆਂ ਨੁਕਸਾਨਦਾਇਕ ਡਰਿੰਕਸ ਹਨ:

-Sodas *ਇਹ ਐਸਡਿਕ ਹੁੰਦੇ ਨੇ, ਦੰਦ ਖਰਾਬ ਕਰ ਸਕਦੇ ਨੇ

*ਹੱਡੀਆਂ ਦੀ ਕਮਜ਼ੋਰੀ (osteoporosis)

*ਇਹ ਖੁਰਾਕ ਦੀ ਆਂਤੜੀਆਂ ਦੇ ਅੱਛੇ ਜਰਮਾਂ ਦਾ ਨਾਸ਼ ਕਰਦੇ ਨੇ ਅਤੇ ਆਪਣੀ ਉਸਾਰੀ ਕਿਰਿਆ (metabolism) ਦਾ ਭੱਠਾ ਬਿਠਾਉਂਦੇ ਨੇ

*ਇੱਕ ਗਲਾਸ ਸੋਡੇ ਵਿੱਚ 8 ਚਮਚ ਸ਼ੂਗਰ ਹੁੰਦੀ ਏ

*ਕਾਰਬੋਨੇਟਡ ਡਰਿੰਕਸ- ਪਾਣੀ ਵੀ, ਦੰਦ ਦਾ enamel ਖਰਾਬ ਕਰਦੈ

*ਜੂਸ- ਬਹੁਤ ਸ਼ੂਗਰ ਹੁੰਦੀ ਏ।"

"ਦੀਦੀ, ਪਲਾਸਟਿਕ ਦੀਆਂ ਬੋਤਲਾਂ ਦੇ ਪਾਣੀ ਦੀ ਤਾਂ ਹੋ'ਗੀ ਛੁੱਟੀ। ਟੂਟੀ ਵਾਲੇ ਪਾਣੀ ਬਾਰੇ ਦੱਸੋ।"

"ਆਮ ਤੌਰ 'ਤੇ ਅਮਰੀਕਾ ਵਿੱਚ ਵਧੀਆ ਕੁਆਲਿਟੀ ਦਾ ਮਿਲਦੈ, ਪਰ ਕਦੇ ਕਦੇ ਜਾਣਕਾਰੀ ਆਉਂਦੀ ਰਹਿੰਦੀ ਹੈ ਕਿ ਪਾਣੀ ਵਿੱਚ ਦੂਸ਼ਿਤ ਪਦਾਰਥ (contaminants) ਪਾਏ ਗਏ ਨੇ। Dr. Johnnye Leuis PhD ਨੇ ਵੀ ਜੁਲਾਈ 2024 ਵਿੱਚ ਜਾਣਕਾਰੀ ਦਿੱਤੀ ਏ ਇਨ੍ਹਾਂ ਬਾਰੇ।

ਇਹ ਹੋ ਸਕਦੇ ਨੇ- ਜਰਮ, arsenic, lead, nitrates+nitrates herbicides, pesticides, ਦਵਾਈਆਂ, microplastics heavy metals. ਨਵੇਂ, ਜਿਵੇਂ PFAS, chlorine ਅਤੇ fluoride.

ਇਸ ਕਰਕੇ ਤੁਸੀਂ ਆਪਣੇ ਟਾਊਨ ਦੀ ਪਾਣੀ ਦੀ ਜਾਣਕਾਰੀ (report) ਲੈ ਕੇ ਦੇਖ ਲਵੋ ਤੁਹਾਡੇ ਪਾਣੀ ਦੀ ਕੁਆਲਿਟੀ ਕਿ ਇਸ ਵਿੱਚ ਕੀ ਕੀ ਹੈ। ਇਹ ਬਹੁਤ ਹੀ ਸੌਖਾ ਕੰਮ ਹੈ। EWG.ORG 'ਤੇ ਜਾ ਕੇ ਆਪਣਾ ZipCode ਪਾ ਕੇ। ਤੁਸੀਂ ਉਨ੍ਹਾਂ ਨੂੰ ਕਾਲ ਵੀ ਕਰ ਸਕਦੇ ਹੋ।

ਕਲੋਰੀਨ ਪਾਈ ਜਾਂਦੀ ਏ ਟੂਟੀ ਵਾਲੇ ਪਾਣੀ ਨੂੰ ਜਰਮਾਂ ਤੋਂ ਰਹਿਤ ਕਰਨ ਲਈ, ਪਰ ਕਈ ਵਾਰੀ ਉਸ ਦੀ ਮਾਤਰਾ ਜ਼ਿਆਦਾ ਹੋਣ ਕਰਕੇ ਪਾਣੀ ਦਾ ਸੁਆਦ ਅੱਛਾ ਨਹੀਂ ਰਹਿੰਦਾ ਅਤੇ ਮੁਸ਼ਕ (smell) ਵੀ ਆਉਂਦੀ ਏ। ਜੇ ਜ਼ਿਆਦਾ ਮਿਕਦਾਰ ਬਹੁਤ ਦੇਰ ਲਈ ਇਸਤੇਮਾਲ ਕੀਤੀ ਜਾਵੇ, ਹੋਰ ਵੀ ਨੁਕਸਾਨ ਹੋ ਸਕਦੇ। ਜਿਵੇਂ ਸਾਹ ਦੀ ਬਿਮਾਰੀ (asthma), ਖੁਰਾਕ ਦੀ ਐਲਰਜੀ, ਕੈਂਸਰ ਅਤੇ ਬਾਂਝਪਣ।

ਕਲੋਰੀਨ ਨੂੰ ਕੱਢਣਾ ਸੌਖਾ ਹੈ। ਜੇ ਪਾਣੀ ਨੂੰ ਜੱਗ ਵਿੱਚ ਬਿਨਾ ਕਵਰ ਤੋਂ ਰਾਤ ਭਰ ਰੱਖ ਦੇਵੋ, ਇਹ ਪਾਣੀ ਵਿੱਚੋਂ ਨਿਕਲ ਜਾਂਦੀ ਏ। ਸਵਾਦ ਠੀਕ ਕਰਨ ਲਈ ਨਿੰਬੂ, ਸੰਤਰੇ ਦੀਆਂ ਫਾੜੀਆਂ ਜਾਂ ਪੁਦੀਨੇ ਦੇ ਪੱਤੇ ਵਗੈਰਾ ਪਾ ਸਕਦੇ ਹੋ।"

"ਦੀਦੀ, ਵਿਟਾਮਨ 'ਸੀ' ਦਾ ਇਸਤੇਮਾਲ ਕਿਵੇਂ ਹੁੰਦੈ?"

"ਇੱਕ ਗੈਲਨ ਪਾਣੀ ਵਿੱਚ 40 ਮਿਲੀਗਰਾਮ ਵਿਟਾਮਨ 'ਸੀ' ਪੈਂਦਾ ਏ। Fluoride ਨੂੰ ਕੱਢਣ ਲਈ ਖਾਸ ਤਰੀਕਾ ਵਰਤਣਾ ਪੈਂਦਾ ਏ। ਇਸ ਦੀ ਸ਼ੁਰੂਆਤ ਹੋਈ 1945 ਵਿੱਚ ਗਰੈਂਡ ਰੈਪਿਡਜ਼ (ਮਿਸ਼ੀਗਨ) ਵਿੱਚ, ਇਹ ਦੇਖਿਆ ਗਿਆ ਕਿ ਪਾਣੀ ਵਿੱਚ fluoride ਦਾ ਇਸਤੇਮਾਲ ਕਰਨ ਨਾਲ ਸਕੂਲ ਦੇ ਬੱਚਿਆਂ ਦੇ ਦੰਦਾਂ ਦੀਆਂ ਕੈਵਿਟੀਜ਼ 60% ਘਟ ਗਈਆਂ। ਉਸ ਤੋਂ ਬਾਅਦ ਬਾਕੀ ਅਮਰੀਕਾ ਦੇ ਹਿੱਸਿਆਂ ਵਿੱਚ ਵੀ ਇਸ ਨੂੰ ਲਾਗੂ ਕਰ ਦਿੱਤਾ। Fluoride ਦੀ ਮਾਤਰਾ ਹੋਣੀ ਚਾਹੀਦੀ ਹੈ 0.7 ਮਿਲੀਗਰਾਮ ਪ੍ਰਤੀ ਲਿਟਰ। ਕਈ ਥਾਂ 'ਤੇ ਇਸ ਤੋਂ ਦੁੱਗਣੀ ਹੈ। ਜੇ ਇਸ ਦੀ ਮਾਤਰਾ ਜ਼ਿਆਦਾ ਹੋਵੇ, ਕੁਝ ਨੁਕਸਾਨ ਸਾਹਮਣੇ ਆਏ ਨੇ, ਜਿਵੇਂ:

1. ਦੰਦੇ ਦੇ enamel 'ਚ ਚਿੱਟੇ ਦਾਗ ਅਤੇ ਪਿਟਿੰਗ (pitting), ਜਿਸ ਨੂੰ dental fluorosis ਕਹਿੰਦੇ ਨੇ

2. ਹੱਡੀਆਂ ਕਮਜ਼ੋਰ ਹੋ ਜਾਂਦੀਆਂ ਨੇ, spurs ਵੀ ਬਣ ਜਾਂਦੇ ਨੇ (bone fluorosis) ਕਿਹਾ ਜਾਂਦੈ

3. ਥਕਾਵਟ ਵੀ ਹੁੰਦੀ ਏ

4. ਇਸ ਦਾ ਅਸਰ ਦਿਮਾਗ ਅਤੇ thyroid 'ਤੇ ਵੀ ਹੋ ਸਕਦੈ

-ਬੱਚਿਆਂ ਵਿੱਚ IQ ਘਟ ਕਰ ਸਕਦੈ

-ਵੱਡਿਆਂ ਵਿੱਚ ਦਿਮਾਗੀ ਕਮਜ਼ੋਰੀ (cognition 'ਤੇ ਅਸਰ ਕਰਦਾ ਹੈ)

ਇਸ ਦੀ ਜ਼ਰੂਰਤ ਦੰਦਾਂ ਲਈ ਹੈ, ਬਾਕੀ ਦੇ ਸਰੀਰ ਨੂੰ ਇਸ ਦਾ ਕੋਈ ਫਾਇਦਾ ਨਹੀਂ।

ਬੱਚਿਆਂ ਨੂੰ fluorids toothpaste ਇਸਤੇਮਾਲ ਕਰਵਾਓ, ਪਰ ਧਿਆਨ ਰੱਖੋ ਉਹ ਅੰਦਰ ਨਾ ਨਿਗਲ ਲੈਣ (do not swallow); dentist ਦੇ ਦਫਤਰ ਵਿੱਚ ਉਹ ਦੰਦਾਂ ਨੂੰ ਸਿਹਤਮੰਦ ਰੱਖਣ ਲਈ fluoride varnish ਜਾਂ gel ਵੀ ਲਗਾਉਂਦੇ ਨੇ। ਇਸ ਨਾਲ cavities ਤੋਂ ਛੁਟਕਾਰਾ ਮਿਲ ਸਕਦਾ ਹੈ। Fluoride ਨੂੰ ਕੱਢਣ ਲਈ RO (reverse osmosis), precipitation, coagulation, adsorption, nanofiltration ਵਾਲੇ ਤਰੀਕੇ ਇਸਤੇਮਾਲ ਕੀਤੇ ਜਾਂਦੇ ਨੇ।

ਟੂਟੀ ਵਾਲੇ ਪਾਣੀ ਨੂੰ ਵਧੀਆ ਬਣਾਉਣ ਦਾ ਤਰੀਕਾ ਨਿਰਭਰ ਹੈ: 1. ਤੁਸੀਂ ਕੀ ਕੱਢਣਾ ਚਾਹੁੰਦੇ ਹੋ, 2. ਸਿਰਫ ਰਸੋਈ ਵਿੱਚ ਪੀਣ ਵਾਲੇ ਪਾਣੀ ਲਈ ਜਾਂ ਸਾਰੇ ਘਰ ਦੇ ਪਾਣੀ ਨੂੰ ਵੀ ਸਾਫ ਕਰਨਾ ਚਾਹੁੰਦੇ ਹੋ, ਆਪਣੀ ਜ਼ਰੂਰਤ ਦੇ ਹਿਸਾਬ। ਸਾਰੇ ਘਰ ਵਾਲੇ ਸਿਸਟਮ ਮਹਿੰਗੇ ਪੈਂਦੇ ਨੇ।

-ਕਈ ਤਰ੍ਹਾਂ ਦੇ ਤਰੀਕੇ ਹਨ, ਪਾਣੀ ਵਾਲੀ ਟੂਟੀ 'ਤੇ

⇒ ਬਾਕੀ ਅਗਲੇ ਸਫੇ ਉੱਤੇ ਪੜ੍ਹੋ

# ਫ਼ਿਨਲੈਂਡ ਵਿੱਚ ਵੱਸਦੇ ਪੰਜਾਬੀਆਂ ਦੀ ਗੱਲ


**ਬੋਲਦੇ ਪੰਨੇ**

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ
ਫੋਨ:+91-9781646008



***ਪੰਜਾਬੀਆਂ ਨੇ ਵਿਦੇਸ਼ਾਂ ਵਿੱਚ ਆਪਣੀ ਮਿਹਨਤ ਅਤੇ ਲਿਆਕਤ ਸਦਕਾ ਉਚੇਰੇ ਮੁਕਾਮ ਹਾਸਿਲ ਕੀਤੇ ਹਨ ਅਤੇ ਨਿਵੇਕਲੀ ਪਛਾਣ ਕਾਇਮ ਰੱਖਣ ਹਿਤ ਜੱਦੋਜਹਿਦ ਵੀ ਕੀਤੀ। ਇਸ ਲੜੀ ਤਹਿਤ ਅਸੀਂ ਪਾਠਕਾਂ ਲਈ ਸੰਖੇਪ ਵੇਰਵੇ ਵਾਲੇ ਕਈ ਲੇਖ ਛਾਪ ਚੁਕੇ ਹਾਂ। ਹਥਲੇ ਲੇਖ ਵਿੱਚ ਫ਼ਿਨਲੈਂਡ ਵਿੱਚ ਵੱਸਦੇ ਪੰਜਾਬੀਆਂ ਦਾ ਜ਼ਿਕਰ ਹੈ। ਪੰਜਾਬੀਆਂ ਨੇ ਸਾਲ 2014 ਵਿੱਚ ਕਾਨੂੰਨੀ ਲੜਾਈ ਜਿੱਤ ਕੇ ਸਿੱਖਾਂ ਲਈ ਪੱਗ ਦੇ ਮਹੱਤਵ ਤੇ ਸ਼ਾਨ ਨੂੰ ਹੋਰ ਦੂੱਗਣਾ-ਚੌਗੁਣਾ ਕਰ ਦਿੱਤਾ ਸੀ। ਇੱਥੇ ਵੱਸਦੇ ਜ਼ਿਆਦਾਤਰ ਪੰਜਾਬੀ ਹੋਟਲ ਤੇ ਰੈਸਟੋਰੈਂਟ ਸਨਅਤ ਨਾਲ ਜੁੜੇ ਹੋਏ ਹਨ।***

ਭਾਰਤੀ ਪੰਜਾਬ ਵਿੱਚ ਵਰਤਮਾਨ ਸਮੇਂ ਅੰਦਰ ਸੱਤਾ ਚਲਾ ਰਹੀ ਆਮ ਆਦਮੀ ਪਾਰਟੀ ਦੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਨੇ ਪੰਜਾਬ ਦੇ ਸਰਕਾਰੀ ਸਕੂਲਾਂ ਦੀਆਂ ਇਮਾਰਤਾਂ ਤੇ ਹੋਰ ਸਹੂਲਤਾਂ ਦੇ ਨਾਲ-ਨਾਲ ਇਨ੍ਹਾਂ ਸਕੂਲਾਂ ਦੇ ਅਧਿਆਪਕਾਂ ਅਤੇ ਪ੍ਰਿੰਸੀਪਲਾਂ ਦਾ ਮਿਆਰ ਉੱਚਾ ਚੁੱਕ ਕੇ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਦਾ ਮਿਆਰ ਉੱਚਾ ਚੁੱਕਣ ਦੀ ਮੁਹਿੰਮ ਸ਼ੁਰੂ ਕੀਤੀ ਹੋਈ ਹੈ, ਜੋ ਕਿ ਇੱਕ ਅਤਿ ਸ਼ਲਾਘਾਯੋਗ ਕਾਰਜ ਹੈ। ਇਸ ਮਿਸ਼ਨ ਤਹਿਤ ਬੀਤੇ ਵਰ੍ਹੇ ਸਰਕਾਰੀ ਸਕੂਲਾਂ ਦੇ ਪ੍ਰਿੰਸੀਪਲਾਂ ਨੂੰ ਸਿੰਗਾਪੁਰ ਦਾ ਦੌਰਾ ਕਰਵਾਇਆ ਗਿਆ ਸੀ ਤੇ ਹੁਣ ਸਾਲ 2024 ਦੇ ਅੰਤਲੇ ਮਹੀਨਿਆਂ ਵਿੱਚ ਸਰਕਾਰੀ ਪ੍ਰਾਇਮਰੀ ਸਕੂਲਾਂ ਦੇ ਚੋਣਵੇਂ 72 ਅਧਿਆਪਕਾਂ ਅਤੇ ਮੁੱਖ ਅਧਿਆਪਕਾਂ ਨੂੰ ਫ਼ਿਨਲੈਂਡ ਦਾ ਦੌਰਾ ਕਰਵਾਉਣ ਦੀ ਪ੍ਰਕਿਰਿਆ ਚੱਲ ਰਹੀ ਹੈ। ਇਹ ਦੌਰੇ ਵਿਦੇਸ਼ੀ ਮੁਲਕਾਂ ਅੰਦਰ ਸਕੂਲੀ ਪੜ੍ਹਾਈ ਦੇ ਮਿਆਰ ਦਾ ਅਧਿਐਨ ਕਰਕੇ ਪੰਜਾਬ ਦੇ ਸਕੂਲਾਂ ਦਾ ਮਿਆਰ ਉੱਚਾ ਚੁੱਕਣ ਦੀ ਮਹੱਤਵਪੂਰਨ ਕਵਾਇਦ ਦਾ ਹਿੱਸਾ ਹਨ। ਪੰਜਾਬੀਆਂ ਦਾ ਫ਼ਿਨਲੈਂਡ ਜਿਹੇ ਮੁਲਕਾਂ ਵਿੱਚ ਜਾਣਾ ਕੋਈ ਨਵੀਂ ਗੱਲ ਨਹੀਂ ਹੈ। ਆਓ ਜਾਣੀਏ ਕਿ ਸਾਡਾ ਪੰਜਾਬੀਆਂ ਦਾ ਫ਼ਿਨਲੈਂਡ ਨਾਲ ਕਿਸ ਤਰ੍ਹਾਂ ਦਾ ਨਾਤਾ ਹੈ।





■ ਹੈਲਸਿੰਕੀ ਵਿਖੇ ਸਥਿਤ 'ਗੁਰਦੁਆਰਾ ਸਰਬ ਸੰਗਤ' ਅਤੇ ਵਾਂਤਾ ਵਿਖੇ ਸਥਿਤ 'ਗੁਰਦੁਆਰਾ ਵਾਂਤਾ'

ਫ਼ਿਨਲੈਂਡ ਅਸਲ ਵਿੱਚ ਉੱਤਰੀ ਯੂਰਪ ਵਿਖੇ ਸਥਿਤ ਇੱਕ ਅਜਿਹਾ ਮੁਲਕ ਹੈ, ਜਿਸਦੀ ਸਥਾਪਨਾ 9000 ਈਸਾ ਪੂਰਵ ਹਿਮਯੁਗ ਤੋਂ ਬਾਅਦ ਹੋਈ ਮੰਨੀ ਜਾਂਦੀ ਹੈ। ਇਸ ਮੁਲਕ ਦਾ ਕੁੱਲ ਜ਼ਮੀਨੀ ਰਕਬਾ 3,38,145 ਵਰਗ ਕਿਲੋਮੀਟਰ ਹੈ ਤੇ ਆਬਾਦੀ 51 ਲੱਖ ਦੇ ਕਰੀਬ ਹੈ। ਇੱਥੋਂ ਦੀ 85 ਫ਼ੀਸਦੀ ਆਬਾਦੀ ਸਥਾਨਕ ਭਾਸ਼ਾ ਬੋਲਦੀ ਹੈ ਤੇ ਪੰਜ ਕੁ ਫ਼ੀਸਦੀ ਨਾਗਰਿਕ ਸਵੀਡਿਸ਼ ਭਾਸ਼ਾ ਬੋਲਦੇ ਹਨ। ਇੱਥੋਂ ਦੇ 65 ਫ਼ੀਸਦੀ ਵਸਨੀਕ ਈਸਾਈ ਧਰਮ ਦੇ ਪੈਰੋਕਾਰ ਹਨ, ਜਦੋਂ ਕਿ 33 ਫ਼ੀਸਦੀ ਦੇ ਕਰੀਬ ਦੇਸ਼ਵਾਸੀ ਕਿਸੇ ਵੀ ਧਰਮ ਨੂੰ ਨਹੀਂ ਮੰਨਦੇ ਹਨ। ਇਸ ਮੁਲਕ ਨੂੰ ਉੱਤਰ-ਪੱਛਮ ਵੱਲੋਂ ਸਵੀਡਨ, ਉੱਤਰ ਵੱਲੋਂ ਨਾਰਵੇ, ਪੂਰਬ ਵੱਲੋਂ ਰੂਸ, ਦੱਖਣ ਵੱਲੋਂ ਫ਼ਿਨਲੈਂਡ ਦੀ ਖਾੜੀ ਤੇ ਪੱਛਮ ਵੱਲੋਂ ਬੋਥਨੀਆ ਦੀ ਖਾੜੀ ਆਦਿ ਹੱਦਾਂ ਛੂੰਹਦੀਆਂ ਹਨ।

ਇਸ ਮੁਲਕ ਦੀ ਰਾਜਧਾਨੀ ਅਤੇ ਇੱਥੋਂ ਦਾ ਸਭ ਤੋਂ ਵੱਡਾ ਸ਼ਹਿਰ ਹੈਲਸਿੰਕੀ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਇਸ ਮੁਲਕ ਵਿੱਚ 1,80,000 ਦੇ ਕਰੀਬ ਵੱਡੀਆਂ-ਛੋਟੀਆਂ ਝੀਲਾਂ ਵੀ ਮੌਜੂਦ ਹਨ। ਇਹ ਮੁਲਕ 6 ਦਸੰਬਰ 1917 ਨੂੰ ਆਜ਼ਾਦ ਹੋਇਆ ਸੀ ਤੇ 17 ਜੁਲਾਈ 1919 ਨੂੰ ਇੱਥੋਂ ਦਾ ਸੰਵਿਧਾਨ ਲਾਗੂ ਹੋਇਆ ਸੀ। ਇੱਥੋਂ ਦੇ ਨਾਗਰਿਕਾਂ ਦੀ ਪ੍ਰਤੀ ਵਿਅਕਤੀ ਸਾਲਾਨਾ ਆਮਦਨੀ 59,869 ਅਮਰੀਕੀ ਡਾਲਰ ਦੱਸੀ ਜਾਂਦੀ ਹੈ, ਜਦੋਂ ਕਿ ਇਸ ਮੁਲਕ ਦਾ ਜੀ.ਡੀ.ਪੀ. ਸਾਲ 2023 ਵਿੱਚ 305.689 ਬਿਲੀਅਨ ਡਾਲਰ ਸੀ। ਦਿਲਚਸਪ ਤੱਥ ਇਹ ਵੀ ਹੈ ਕਿ ਵੱਖ-ਵੱਖ ਸਮਿਆਂ ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਰਹੇ ਪੰਡਿਤ ਜਵਾਹਰ ਲਾਲ ਨਹਿਰੂ, ਇੰਦਰਾ ਗਾਂਧੀ ਅਤੇ ਡਾ. ਮਨਮੋਹਨ ਸਿੰਘ ਤੋਂ ਇਲਾਵਾ ਵਰਤਮਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਫ਼ਿਨਲੈਂਡ ਦਾ ਦੌਰਾ ਕਰ ਚੁੱਕੇ ਹਨ। ਇਨ੍ਹਾਂ ਤੋਂ ਇਲਾਵਾ ਭਾਰਤ ਦੇ ਰਾਸ਼ਟਰਪਤੀ ਰਹੇ ਵੀ.ਵੀ. ਗਿਰੀ ਅਤੇ ਆਰ. ਵੈਂਕਟਾਰਮਨ ਵੀ ਫ਼ਿਨਲੈਂਡ ਨਾਲ ਚੰਗੇ ਸਬੰਧ ਕਾਇਮ ਕਰਨ ਲਈ ਉੱਥੇ ਗਏ ਸਨ। ਭਾਰਤ ਨਾਲ ਫ਼ਿਨਲੈਂਡ ਦੇ ਸਬੰਧ ਦੀ ਸ਼ੁਰੂਆਤ 10 ਸਤੰਬਰ 1949 ਨੂੰ ਹੋਈ ਸੀ।

ਇੱਕ ਜਾਣਕਾਰੀ ਅਨੁਸਾਰ ਪੰਜਾਬੀਆਂ ਨੇ ਫ਼ਿਨਲੈਂਡ ਦਾ ਰੁਖ਼ ਸੰਨ 1980 ਦੇ ਨੇੜੇ-ਤੇੜੇ ਕੀਤਾ ਸੀ। ਇੱਥੇ ਵੱਸਦੇ ਜ਼ਿਆਦਾਤਰ ਪੰਜਾਬੀ ਹੋਟਲ ਤੇ ਰੈਸਟੋਰੈਂਟ ਸਨਅਤ ਨਾਲ ਜੁੜੇ ਹੋਏ ਹਨ। ਇਥੇ ਵੱਸਦੇ ਪੰਜਾਬੀਆਂ ਨੂੰ ਪੰਜਾਬੀ ਤੋਂ ਇਲਾਵਾ ਚੰਗੀ ਅੰਗਰੇਜ਼ੀ ਅਤੇ ਫ਼ਰਾਟੇਦਾਰ ਸਥਾਨਕ ਭਾਸ਼ਾ ਵੀ ਆਉਂਦੀ ਹੈ। ਸੰਨ 2013 ਵਿੱਚ ਇੱਥੇ ਇੱਕ ਪੰਜਾਬੀ ਸਿੱਖ ਬੱਸ ਚਾਲਕ ਦੇ ਪਗੜੀ ਪਹਿਨਣ 'ਤੇ ਵਿਵਾਦ ਪੈਦਾ ਹੋ ਗਿਆ ਸੀ, ਜੋ ਬਾਅਦ ਵਿੱਚ ਕਾਨੂੰਨੀ ਲੜਾਈ ਦੇ ਰੂਪ ਵਿੱਚ ਤਬਦੀਲ ਹੋ ਗਿਆ ਸੀ ਅਤੇ ਪੰਜਾਬੀਆਂ ਨੇ ਸੰਨ 2014 ਵਿੱਚ ਇਹ ਕਾਨੂੰਨੀ ਲੜਾਈ ਜਿੱਤ ਕੇ ਸਿੱਖਾਂ ਲਈ ਪੱਗ ਦੇ ਮਹੱਤਵ ਤੇ ਸ਼ਾਨ ਨੂੰ ਹੋਰ ਦੂੱਗਣਾ-ਚੌਗੁਣਾ ਕਰ ਦਿੱਤਾ ਸੀ। ਇੱਥੇ ਹੈਲਸਿੰਕੀ ਵਿਖੇ ਸਥਿਤ 'ਗੁਰਦੁਆਰਾ ਸਰਬ ਸੰਗਤ' ਅਤੇ ਵਾਂਤਾ ਵਿਖੇ ਸਥਿਤ 'ਗੁਰਦੁਆਰਾ ਵਾਂਤਾ' ਪੰਜਾਬੀਆਂ ਦੇ ਮੁਕੱਦਸ ਅਸਥਾਨ ਹਨ।

ਉਂਜ ਤਾਂ ਫ਼ਿਨਲੈਂਡ ਵਿਖੇ ਵੱਸਦੇ ਪੰਜਾਬੀਆਂ ਦੀ ਸੰਖਿਆ ਦੂਜੇ ਮੁਲਕਾਂ ਵਿੱਚ ਵੱਸਦੇ ਪੰਜਾਬੀਆਂ ਦੀ ਬਨਿਸਪਤ ਬਹੁਤ ਘੱਟ ਹੈ, ਪਰ ਫਿਰ ਵੀ ਪੰਜਾਬ ਦੇ ਕਸਬਾ ਧੂਰੀ ਦੇ ਜੰਮਪਲ ਰਣਬੀਰ ਸੋਢੀ ਨੇ ਸੰਨ 2017 ਵਿੱਚ ਫ਼ਿਨਲੈਂਡ ਦੇ ਇੱਕ ਮਹੱਤਵਪੂਰਨ ਰਾਜ ਵਾਂਤਾ ਦੀ ਕੌਂਸਲ ਆਫ਼ ਗਵਰਨਰਜ਼ ਦੀ ਚੋਣ ਜਿੱਤ ਕੇ ਪੰਜਾਬੀਆਂ ਦਾ ਮਾਣ ਵਧਾਇਆ ਸੀ। ਇਹ ਰਾਜ ਫ਼ਿਨਲੈਂਡ ਦੀ ਰਾਜਧਾਨੀ ਹੈਲਸਿੰਕੀ ਦੇ ਬਿਲਕੁਲ ਨਜ਼ਦੀਕ ਹੈ। ਭਾਰਤੀ ਪੰਜਾਬ ਵਿੱਚ 'ਐਮ.ਐਲ.ਏ.' ਦੇ ਬਰਾਬਰ ਦੇ ਇਸ ਅਹੁਦੇ ਲਈ ਰਣਬੀਰ ਸੋਢੀ ਨੇ ਇਹ ਪ੍ਰਾਪਤੀ ਲਗਾਤਾਰ ਤੀਜੀ ਵਾਰ ਕੀਤੀ ਸੀ। ਉਹ ਫ਼ਿਨਲੈਂਡ ਦੀ ਸਿਖਰਲੇ ਦਰਜੇ ਦੀ ਸਿਆਸੀ ਪਾਰਟੀ 'ਸੋਸ਼ਲ ਡੈਮੋਕ੍ਰੇਟਿਕ ਪਾਰਟੀ' ਦਾ ਸਿਰਕੱਢ ਆਗੂ ਹੈ ਤੇ ਫ਼ਿਨਲੈਂਡ ਦੇ 'ਮਲਟੀਕਲਚਰਚਲ ਬੋਰਡ' ਦਾ ਦੋ ਵਾਰ ਚੇਅਰਮੈਨ ਬਣਨ ਦਾ ਸ਼ਰਫ਼ ਵੀ ਹਾਸਿਲ ਕੀਤਾ ਹੈ।



ਰਣਬੀਰ ਸੋਢੀ

ਵੱਡੇ ਮਾਣ ਦੀ ਗੱਲ ਇਹ ਹੈ ਕਿ ਸਾਲ 2017 ਵਿੱਚ ਜਦ ਉਹ ਦੂਜੀ ਵਾਰ ਵਿਧਾਇਕ ਬਣਿਆ ਸੀ ਤਾਂ ਉਸ ਵੇਲੇ ਉੱਥੇ ਪੰਜਾਬੀਆਂ ਦੀ ਸੰਖਿਆ ਕੇਵਲ ਦੋ ਹਜ਼ਾਰ ਦੇ ਕਰੀਬ ਸੀ ਤੇ ਗ਼ੈਰ-ਪੰਜਾਬੀਆਂ ਵਿੱਚ ਸੋਢੀ ਦੀ ਚੰਗੀ ਸਾਖ਼ ਹੋਣ ਕਰਕੇ ਉਹ ਤੀਜੀ ਵਾਰ ਵੀ ਵਿਧਾਇਕ ਬਣਨ ਵਿੱਚ ਸਫ਼ਲ ਰਿਹਾ ਸੀ। ਇੱਕ ਕਾਰੋਬਾਰੀ ਤੋਂ ਸਿਆਸਤਦਾਨ ਬਣਿਆ ਰਣਬੀਰ ਸੋਢੀ ਲਗਪਗ ਸਾਢੇ ਤਿੰਨ ਦਹਾਕਿਆਂ ਤੋਂ ਫ਼ਿਨਲੈਂਡ ਵਿੱਚ ਰਹਿ ਰਿਹਾ ਹੈ। ਉਹ ਸੰਨ 1987 ਵਿੱਚ ਪਹਿਲੀ ਵਾਰ ਫ਼ਿਨਲੈਂਡ ਆਇਆ ਸੀ ਤੇ ਸਾਲ 2007 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਉਹ ਇੱਥੇ ਪਹਿਲੀ ਵਾਰ ਵਿਧਾਇਕ ਚੁਣਿਆ ਗਿਆ ਸੀ। ਫ਼ਖ਼ਰ ਵਾਲੀ ਗੱਲ ਇਹ ਸੀ ਕਿ ਉਹ ਦੱਖਣ ਏਸ਼ੀਆ ਤੋਂ ਆ ਕੇ ਇੱਥੇ ਵਿਧਾਇਕ ਬਣਨ ਵਾਲਾ ਪਹਿਲਾ ਸ਼ਖ਼ਸ ਸੀ। ਗ਼ੌਰਤਲਬ ਹੈ ਕਿ ਸ੍ਰੀ ਸੋਢੀ ਨੇ ਸਰਕਾਰੀ ਕਾਲਜ ਮਲੇਰਕੋਟਲਾ ਤੋਂ ਗ੍ਰੈਜੂਏਸ਼ਨ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਅਰਥ ਸ਼ਾਸ਼ਤਰ ਦੇ ਵਿਸ਼ੇ ਵਿੱਚ ਪੋਸਟ-ਗ੍ਰੈਜੂਏਸ਼ਨ ਕੀਤੀ ਹੋਈ ਹੈ। ਇੱਕ ਹੋਰ ਪੰਜਾਬੀ ਸੁਖਦਰਸ਼ਨ ਸਿੰਘ ਗਿੱਲ ਵੀ ਪੰਜਾਬ ਦੀ ਧਰਤੀ ਤੋਂ ਉੱਠ ਕੇ ਫ਼ਿਨਲੈਂਡ ਦੀ ਸਿਆਸਤ ਵਿੱਚ ਚੰਗਾ ਨਾਂ ਕਮਾਉਣ ਵਾਲਾ ਰਾਜਨੇਤਾ ਬਣ ਚੁਕਾ ਹੈ।

ਇਹ ਵੀ ਜ਼ਿਕਰਯੋਗ ਹੈ ਕਿ ਸੰਨ 1980 ਵਿੱਚ ਜਰਮਨੀ ਵਿਖੇ ਜਨਮੀ ਤੇ ਫ਼ਿਨਲੈਂਡ ਵਿਖੇ ਆਈ ਲਾਰਾ ਹੀਰਵੀ ਨਾਮਕ ਮੁਟਿਆਰ ਨੇ ਫ਼ਿਨਲੈਂਡ ਵਿਖੇ ਵੱਸਦੇ ਸਿੱਖਾਂ 'ਤੇ ਖੋਜ ਕਰਦਿਆਂ ਆਪਣੀ ਪੀਐਚ.ਡੀ. ਪੂਰੀ ਕੀਤੀ ਸੀ।

## ਸੰਭਲ ਕੇ ਵਰਤੋ ਇਸ ਨਿਆਮਤ ਨੂੰ

ਲਾ ਸਕਦੇ ਹੋ, ਜਾਂ counter top 'ਤੇ ਜਾਂ ਰਸੋਈ ਦੇ ਸਿੰਕ ਦੇ ਥੱਲੇ।

ਜੇ ਤਕਨੀਕੀ ਤੌਰ 'ਤੇ ਦੇਖੀਏ ਤਾਂ ਤਰੀਕੇ ਹਨ:

1. Mechanical filtration- ਜਿਸ ਵਿੱਚ ਪਾਣੀ ਫਿਲਟਰ ਵਿੱਚ ਪਾਇਆ ਜਾਂਦੈ, ਇਸ ਨਾਲ sediment, dust, particles ਹੀ ਨਿਕਲਦੇ ਨੇ, ਕੈਮੀਕਲ ਅਤੇ ਜਰਮ ਨਹੀਂ।

2. Activated carbon- ਇਸ ਨਾਲ chlorine, chlorine byproducts ਘੁਲੇ ਹੋਏ ਔਰਗੈਨਿਕ ਕੈਮੀਕਲਜ਼ (VOCs) ਪੈਸਟੀਸਾਈਡਜ਼ ਨਿਕਲਦੇ ਹਨ।

3. Distillation (ਡਿਸਟੀਲੇਸ਼ਨ) ਨਾਲ ਪਾਣੀ ਬਹੁਤ ਸਾਫ ਹੁੰਦੈ, ਸਾਰੀਆਂ ਚੀਜ਼ਾਂ ਤੋਂ, ਪਰ ਇਸ ਪਾਣੀ 'ਚੋਂ ਜ਼ਰੂਰੀ ਧਾਤਾਂ ਵੀ ਨਿਕਲ ਜਾਂਦੀਆਂ ਨੇ ਅਤੇ ਬਾਹਰੋਂ ਪਾਉਣੀਆਂ ਪੈਂਦੀਆਂ ਨੇ। ਇਸ ਨੂੰ ਵਕਤ ਵੀ ਜ਼ਿਆਦਾ ਲੱਗਦੈ। ਥੋੜ੍ਹਾ ਮਹਿੰਗਾ ਵੀ ਹੁੰਦੈ।

4. RO (reverses osmosis)- ਇਹ ਸਭ ਤੋਂ ਵਧੀਆ ਅਤੇ ਸਾਰਿਆਂ ਤੋਂ ਜ਼ਿਆਦਾ effective ਹੈ ਦੂਸ਼ਿਤ ਪਦਾਰਥਾਂ (contaminants) ਨੂੰ ਕੱਢਣ ਲਈ ਅਤੇ ਸਾਰੀਆਂ ਘੁਲੀਆਂ ਹੋਈਆਂ ਸੌਲਿਡਜ਼

-ਹੈਵੀ ਮੈਟਲਜ਼ (ਲੈੱਡ, ਆਰਸਨਿਕ, ਮਰਕਰੀ)

-ਹੋਰ ਕੈਮੀਕਲਜ਼ (ਦਵਾਈਆਂ, ਹਰਵੀਸਾਈਡਜ਼ ਅਤੇ ਪੈਸਟੀਸਾਈਡਜ਼)

-ਜਰਮ (ਬੈਕਟੀਰੀਆ ਅਤੇ ਵਾਈਰਸਜ਼)

-ਫਾਰਐਵਰ ਕੈਮੀਕਲਜ਼ (forever chemicals) ਨੂੰ।

ਇਸ ਤਰ੍ਹਾਂ ਦੇ ਸਿਸਟਮ ਜਾਂ ਤਰੀਕੇ ਵਾਲਾ ਯੰਤਰ ਥੋੜ੍ਹਾ ਜਿਹਾ ਮਹਿੰਗਾ ਹੁੰਦਾ ਹੈ। ਇਸ ਤਰੀਕੇ ਨਾਲ ਪਾਣੀ ਵੀ ਵੇਸਟ ਹੁੰਦੈ। ਹੁਣ ਨਵੇਂ ਤਰੀਕੇ ਦੇ ਸਿਸਟਮ ਹਨ, ਜਿਨ੍ਹਾਂ ਵਿੱਚ ਪਾਣੀ ਘੱਟ ਵੇਸਟ ਹੁੰਦੈ, ਉਨ੍ਹਾਂ ਨੂੰ ਟੈਂਕਲੈਸ (tankless) reverse osmosis system ਕਹਿੰਦੇ ਨੇ।

ਕਿਉਂ ਪ੍ਰੀਤ, ਕੁਝ ਪੱਲੇ ਪਿਐ?"

"ਦੀਦੀ, ਦਿਲਚਸਪ ਅਤੇ ਬਹੁਤ ਫਾਇਦੇਮੰਦ ਜਾਣਕਾਰੀ ਸੀ। ਬਾਅਦ ਵਾਲਾ ਹਿੱਸਾ ਮੇਰੇ ਅਜੇ ਚੰਗੀ ਤਰ੍ਹਾਂ ਹਜ਼ਮ ਨਹੀਂ ਹੋਇਆ। ਚੰਗਾ ਕੀਤਾ ਮੈਂ ਨੋਟਸ ਬਣਾ ਲਏ। ਕੋਈ ਸਵਾਲ ਹੋਇਆ ਤਾਂ ਅਗਲੀ ਵਾਰੀ ਲਈ। ਸੰਖੇਪ ਵਿੱਚ ਪਲਾਸਟਿਕ ਬੋਤਲਾਂ ਵਾਲਾ ਪਾਣੀ ਨਹੀਂ ਪੀਣਾ ਚਾਹੀਦੈ। ਗਲਾਸ ਵਾਲੀਆਂ ਬੋਤਲਾਂ ਵਾਲਾ ਪਾਣੀ ਠੀਕ ਹੈ।

-ਘਰ ਦੀ ਟੈਪ ਦਾ ਪਾਣੀ ਚੈੱਕ ਕਰਵਾ ਕੇ ਜਾਂ ਰਿਪੋਰਟ ਲੈ ਕੇ ਦੇਖੀਏ ਅੱਛਾ ਹੈ ਜਾਂ ਨਹੀਂ। ਜੇ ਨਹੀਂ ਤਾਂ ਕੁਝ ਉਪਰਾਲਾ ਕਰੀਏ ਇਸ ਨੂੰ ਬਿਹਤਰ ਬਣਾਉਣ ਦਾ।

ਦੀਦੀ, ਇਹ ਕਿਵੇਂ ਪਤਾ ਲੱਗੇ ਕਿ ਕਿਹੜਾ ਬਰੈਂਡ ਸਿਸਟਮ ਅੱਛਾ ਹੈ, ਫੈਸਲਾ ਕਰਨ ਤੋਂ ਬਾਅਦ ਕਿ ਕੀ contaminants ਕੱਢਣੇ ਨੇ?"

"ਐਮਾਜ਼ਾਨ 'ਤੇ ਜਾ ਕੇ ਕਸਟਮਰ ਰੀਵੀਊ ਪੜ੍ਹ ਲੈਣਾ, ਕਾਫੀ ਮਦਦਗਾਰ ਹੁੰਦੇ ਨੇ। ਗੂਗਲ ਬਾਈ ਨਾਲ ਵੀ ਸਲਾਹ-ਮਸ਼ਵਰਾ ਕਰ ਲੈਣਾ।

ਚਲ ਅਗਲੀ ਮੁਲਾਕਾਤ ਤੱਕ ਰੱਬ ਰਾਖਾ!"

Prepare for Tomorrow Now With Comprehensive Retirement Planning
■Annuities ■Life Insurance ■Long-Term Care
■Medicare Planning ■Disability Income



Call Gurpreet Singh
*Retirement and Insurance Advisor*
Cell: 630-677-6144
Email: Preetisingh@ffig.com
FUTURITY FIRST
Retirement | Life | Health
Futurity First Insurance Group

# ਏਸ਼ੀਆ ਦਾ ਮੋਹੜੀ ਗੱਡ ਅਥਲੀਟ ਭਗਤੇ ਵਾਲਾ ਪ੍ਰਦੁੱਮਣ ਸਿੰਘ

*ਪੰਜਾਬ ਦੀ ਧਰਤੀ ਨੇ ਵੱਡੇ-ਵੱਡੇ ਖਿਡਾਰੀ ਪੈਦਾ ਕੀਤੇ ਹਨ- ਚਾਹੇ ਇਹ ਚੜ੍ਹਦਾ ਪੰਜਾਬ ਹੋਵੇ ਜਾਂ ਫਿਰ ਲਹਿੰਦਾ ਪੰਜਾਬ। ਨਾਮੀ ਖੇਡ ਲੇਖਕ ਨਵਦੀਪ ਸਿੰਘ ਗਿੱਲ ਵੱਲੋਂ ਇਸ ਕਾਲਮ ਰਾਹੀਂ ਚੋਟੀ ਦੇ ਖਿਡਾਰੀਆਂ ਦੀ ਜੀਵਨੀ ਉਤੇ ਝਾਤ ਪਾਈ ਜਾ ਰਹੀ ਹੈ। ਹਥਲੇ ਲੇਖ ਵਿੱਚ ਡਿਸਕਸ ਥਰੋਅ ਤੇ ਸ਼ਾਟਪੁੱਟ ਵਿੱਚ ਲਗਾਤਾਰ ਤਿੰਨ ਏਸ਼ਿਆਈ ਖੇਡਾਂ ਦੌਰਾਨ ਤਿੰਨ ਸੋਨੇ, ਇੱਕ ਚਾਂਦੀ ਤੇ ਇੱਕ ਕਾਂਸੀ ਦਾ ਤਮਗ਼ਾ ਜਿੱਤਣ ਵਾਲੇ ਏਸ਼ੀਆ ਦੇ ਮੋਹੜੀ ਗੱਡ ਅਥਲੀਟ ਭਗਤੇ ਵਾਲੇ ਪ੍ਰਦੁੱਮਣ ਸਿੰਘ ਦਾ ਕਿੱਸਾ ਛੋਹਿਆ ਗਿਆ ਹੈ। ਉਹ ਭਾਰਤ ਵਿੱਚ ਸ਼ਾਟਪੁੱਟ ਵਿੱਚ 1952 ਤੋਂ 1961 ਤੱਕ 10 ਸਾਲ ਲਗਾਤਾਰ ਨੈਸ਼ਨਲ ਚੈਂਪੀਅਨ ਰਿਹਾ ਅਤੇ ਦਸ ਸਾਲ ਹੀ ਭਗਤੇ ਦਾ ਸਰਬਸੰਮਤੀ ਨਾਲ ਸਰਪੰਚ ਵੀ ਚੁਣਿਆ ਜਾਂਦਾ ਰਿਹਾ। 1954 ਵਿੱਚ ਮਨੀਲਾ ਵਿਖੇ ਹੋਈਆਂ ਦੂਜੀਆਂ ਏਸ਼ਿਆਈ ਖੇਡਾਂ 'ਪ੍ਰਦੁੱਮਣ ਦੀਆਂ ਖੇਡਾਂ' ਨਾਂ ਨਾਲ ਜਾਣੀਆਂ ਜਾਂਦੀਆਂ ਹਨ।*

**ਖਿਡਾਰੀ ਪੰਜ-ਆਬ ਦੇ (26)**

**ਨਵਦੀਪ ਸਿੰਘ ਗਿੱਲ**
**ਫੋਨ: +91-9780036216**



ਭਗਤੇ ਦਾ ਪ੍ਰਦੁੱਮਣ ਸਿੰਘ ਏਸ਼ਿਆਈ ਖੇਡਾਂ ਵਿੱਚ ਪੰਜਾਬੀ ਅਥਲੀਟਾਂ ਦੀ ਮੋਹੜੀ ਗੱਡਣ ਵਾਲਾ ਅਥਲੀਟ ਸੀ, ਜਿਸ ਨੇ ਇੱਕ ਦਹਾਕਾ ਏਸ਼ੀਆ ਉਤੇ ਸਰਦਾਰੀ ਕਾਇਮ ਕੀਤੀ ਹੈ। ਉਸ ਨੇ ਡਿਸਕਸ ਥਰੋਅ ਤੇ ਸ਼ਾਟਪੁੱਟ ਵਿੱਚ ਲਗਾਤਾਰ ਤਿੰਨ ਏਸ਼ਿਆਈ ਖੇਡਾਂ ਵਿੱਚ ਤਿੰਨ ਸੋਨੇ, ਇੱਕ ਚਾਂਦੀ ਤੇ ਇੱਕ ਕਾਂਸੀ ਦਾ ਤਮਗ਼ਾ ਜਿੱਤਿਆ ਹੈ। ਬਰਨਾਲਾ-ਬਾਜਾਖਾਨਾ ਰੋਡ ਉਤੇ ਸਥਿਤ ਬਠਿੰਡਾ ਜ਼ਿਲ੍ਹੇ ਦੇ ਪਿੰਡ ਭਗਤਾ ਦੇ ਬਰਾੜ ਪਰਿਵਾਰ ਵਿੱਚ 15 ਅਕਤੂਬਰ 1927 ਨੂੰ ਜਨਮੇ ਪ੍ਰਦੁੱਮਣ ਦਾ ਦਾਦਾ ਬਿਸ਼ਨ ਸਿੰਘ ਫਰੀਦਕੋਟ ਵਿਖੇ ਰਿਸਾਲਦਾਰ ਸੀ। ਪ੍ਰਦੁੱਮਣ ਦੇ ਨਾਨਕੇ ਬਾਘਾਪੁਰਾਣਾ ਨੇੜਲੇ ਪਿੰਡ ਕਾਲਕਾ ਸਨ। ਉਸ ਦੇ ਪਿਤਾ ਭਰਤ ਸਿੰਘ ਦੇ ਦੋ ਵਿਆਹ ਸਨ ਅਤੇ ਪ੍ਰਦੁੱਮਣ ਸਣੇ ਦੋ ਭੈਣ ਤੇ ਦੋ ਭਰਾ ਸਕੇ ਸਨ; ਉਂਝ ਉਹ ਨੌਂ ਭੈਣ-ਭਰਾ ਸਨ। ਪ੍ਰਦੁੱਮਣ ਤੇ ਹਰਦਮ ਸਿੰਘ- ਦੋਵੇਂ ਸਕਾ ਭਰਾ ਪਿੜਾਂ ਵਿੱਚ ਪੰਸੇਰੀ ਸੁੱਟ ਕੇ ਮਨਪ੍ਰਚਾਵਾ ਕਰਦੇ ਹੁੰਦੇ ਸਨ। ਇੱਕ ਤਰੀਕੇ ਨਾਲ ਥਰੋਆਂ ਸੁੱਟਣ ਦਾ ਇਹ ਉਸ ਦਾ ਸ਼ੁਰੂਆਤੀ ਦੌਰ ਦਾ ਅਭਿਆਸ ਸੀ। ਬਿਨਾ ਕਿਸੇ ਤਕਨੀਕ ਤੋਂ ਆਪਣੇ ਜ਼ੋਰ ਨਾਲ ਹੀ ਆਥਣ ਤੱਕ ਪੰਸੇਰੀ ਸੁੱਟਦੇ ਰਹਿੰਦੇ। ਇੱਕ ਦਿਨ ਹਰਦਮ ਸਿੰਘ ਪਿੜਾਂ ਤੋਂ ਹਨੇਰੇ ਹੋਏ ਘਰ ਪਰਤਿਆ ਤਾਂ ਘਰੋਂ ਉਸ ਨੂੰ ਗਾਲ੍ਹਾਂ ਪਈਆਂ। ਨਿੱਕੀ ਉਮਰੇ ਹਰਦਮ ਸਿੰਘ ਗੁੱਸੇ ਵਿੱਚ ਘਰ ਛੱਡ ਕੇ ਭੱਜ ਗਿਆ ਅਤੇ ਫੇਰ ਬਹੁਤ ਦੇਰ ਬਾਅਦ ਪਤਾ ਲੱਗਿਆ ਕਿ ਉਹ ਆਪਣੇ ਰਿਸ਼ਤੇਦਾਰਾਂ ਕੋਲ ਮਲਾਇਆ ਚਲਾ ਗਿਆ। ਇੱਧਰ ਪ੍ਰਦੁੱਮਣ ਹਾਲੇ ਨੌਵੀਂ ਕਲਾਸ ਵਿੱਚ ਹੀ ਪੜ੍ਹਦਾ ਸੀ ਕਿ ਵੀਹ ਵਰ੍ਹਿਆਂ ਦੀ ਉਮਰੇ ਉਹ ਫੌਜ ਵਿੱਚ ਭਰਤੀ ਹੋ ਗਿਆ ਸੀ। ਉਹ ਦੇਸ਼ ਆਜ਼ਾਦ ਹੋਣ ਤੋਂ ਮਹਿਜ਼ ਤਿੰਨ ਦਿਨ ਪਹਿਲਾਂ 12 ਅਗਸਤ 1947 ਨੂੰ ਭਰਤੀ ਹੋਇਆ ਸੀ।

ਪ੍ਰਦੁੱਮਣ ਦੀਆਂ ਬਚਪਨ ਦੀਆਂ ਖੇਡਾਂ ਉਸ ਨੂੰ ਫੌਜ ਵਿੱਚ ਵੱਡਾ ਖਿਡਾਰੀ ਬਣਨ ਲਈ ਸਹਾਈ ਹੋਈਆਂ। ਉਹ ਭਰਤੀ ਹੁੰਦਿਆਂ ਹੀ ਅਹਿਮਦਾਬਾਦ ਵਿਖੇ ਸੈਂਟਰ ਦੀਆਂ ਖੇਡਾਂ ਦਾ ਚੈਂਪੀਅਨ ਬਣ ਗਿਆ। ਭਰਤੀ ਵਾਲੇ ਸਾਲ ਹੀ ਰਾਂਚੀ ਵਿਖੇ ਫੌਜ ਦੀਆਂ ਖੇਡਾਂ ਵਿੱਚ ਉਹ 42 ਫੁੱਟ ਗੋਲਾ ਸੁੱਟ ਕੇ ਭਾਰਤੀ ਫੌਜ ਦਾ ਚੈਂਪੀਅਨ ਬਣ ਗਿਆ। ਉਦੋਂ ਉਸ ਨੂੰ ਨਾ ਤਾਂ ਸ਼ਾਟਪੁੱਟ ਖੇਡ ਬਾਰੇ ਪਤਾ ਸੀ ਅਤੇ ਨਾ ਹੀ ਗੋਲਾ ਸੁੱਟਣ ਦੀ ਤਕਨੀਕ ਬਾਰੇ। ਉਹ ਫੌਜ ਦਾ ਚੈਂਪੀਅਨ ਬਣਦਾ ਰਿਹਾ। 1951 ਵਿੱਚ ਹੋਈਆਂ ਕੌਮੀ ਖੇਡਾਂ ਦੌਰਾਨ ਉਸ ਨੂੰ ਪਹਿਲੀ ਵਾਰ ਪਤਾ ਲੱਗਾ ਕਿ ਗੋਲਾ ਸੁੱਟਣ ਵਿੱਚ ਚਾਰ-ਪੰਜ ਹੋਰ ਸੁਟਾਵੇ ਉਸ ਨਾਲੋਂ ਤਕੜੇ ਹਨ। ਫੇਰ ਉਹ ਹੋਰ ਮਿਹਨਤ ਕਰਨ ਲੱਗਿਆ ਅਤੇ 1952 ਵਿੱਚ ਮਦਰਾਸ ਵਿਖੇ ਹੋਈਆਂ ਕੌਮੀ ਖੇਡਾਂ ਵਿੱਚ ਉਦੋਂ ਪ੍ਰਦੁੱਮਣ, ਪ੍ਰਦੁੱਮਣ ਹੋ ਗਈ, ਜਦੋਂ ਉਸ ਨੇ 46 ਫੁੱਟ ਗੋਲਾ ਸੁੱਟ ਕੇ ਏਸ਼ੀਆ ਦਾ ਨਵਾਂ ਰਿਕਾਰਡ ਬਣਾਉਂਦਿਆਂ ਸੋਨ ਤਮਗ਼ਾ ਜਿੱਤਿਆ। ਉਸ ਨੇ ਇੱਕ ਹੋਰ ਭਾਰਤੀ ਅਥਲੀਟ ਮਦਨ ਲਾਲ ਦਾ ਰਿਕਾਰਡ ਤੋੜਿਆ, ਜਿਸ ਨੇ 1951 ਦੀਆਂ ਨਵੀਂ ਦਿੱਲੀ ਏਸ਼ਿਆਈ ਖੇਡਾਂ ਵਿੱਚ 45 ਫੁੱਟ ਢਾਈ ਇੰਚ ਗੋਲਾ ਸੁੱਟ ਕੇ ਏਸ਼ੀਆ ਦਾ ਰਿਕਾਰਡ ਬਣਾਇਆ ਸੀ।

ਹੁਣ ਪ੍ਰਦੁੱਮਣ ਗੋਲੇ ਦੇ ਨਾਲ ਡਿਸਕਸ ਵੀ ਸੁੱਟਣ ਲੱਗ ਗਿਆ। ਉਸ ਦੇ ਮਣਾਂਮੂੰਹੀਂ ਜ਼ੋਰ ਅੱਗੇ ਭਾਰਤ ਦਾ ਕੋਈ ਵੀ ਥਰੋਅਰ ਦੋਵੇਂ ਈਵੈਂਟਾਂ ਵਿੱਚ ਉਸ ਦੇ ਨੇੜੇ ਨਹੀਂ ਲੱਗਣ ਦੇ ਰਿਹਾ ਸੀ। 1954 ਵਿੱਚ ਮਨੀਲਾ ਵਿਖੇ ਹੋਈਆਂ ਦੂਜੀਆਂ ਏਸ਼ਿਆਈ ਖੇਡਾਂ 'ਪ੍ਰਦੁੱਮਣ ਦੀਆਂ ਖੇਡਾਂ' ਨਾਂ ਨਾਲ ਜਾਣੀਆਂ ਜਾਂਦੀਆਂ ਹਨ। ਪ੍ਰਦੁੱਮਣ ਨੇ ਸ਼ਾਟਪੁੱਟ ਅਤੇ ਡਿਸਕਸ ਥਰੋਅ- ਦੋਵਾਂ ਵਿੱਚ ਹੀ ਚੈਂਪੀਅਨ ਬਣ ਕੇ ਦੋਹਰਾ ਸੋਨ ਤਮਗ਼ਾ ਜਿੱਤਿਆ। ਲੈਵੀ ਪਿੰਟੋ ਤੋਂ ਬਾਅਦ ਉਹ ਭਾਰਤ ਦਾ ਦੂਜਾ ਅਤੇ ਪੰਜਾਬ ਦਾ ਪਹਿਲਾ ਅਥਲੀਟ ਬਣਿਆ, ਜਿਸ ਨੇ ਇੱਕੋ ਏਸ਼ਿਆਈ ਖੇਡਾਂ ਵਿੱਚ ਦੋ ਸੋਨ ਤਮਗ਼ੇ ਜਿੱਤੇ ਹੋਣ। ਪ੍ਰਦੁੱਮਣ ਨੇ ਦੋਵੇਂ ਈਵੈਂਟ ਨਵੇਂ ਏਸ਼ਿਆਈ ਰਿਕਾਰਡ ਨਾਲ ਜਿੱਤੇ। ਉਸ ਨੇ 43.37 ਮੀਟਰ ਡਿਸਕਸ ਅਤੇ 14.14 ਮੀਟਰ ਗੋਲਾ ਸੁੱਟਿਆ। 1956 ਵਿੱਚ ਹੋਈ ਪਹਿਲੀ ਭਾਰਤ-ਪਾਕਿਸਤਾਨ ਦੁਵੱਲੀ ਅਥਲੈਟਿਕਸ ਮੀਟ ਵਿੱਚ ਪ੍ਰਦੁੱਮਣ ਨੇ ਸ਼ਾਟਪੁੱਟ ਵਿੱਚ ਸੋਨ ਤਮਗ਼ਾ ਜਿੱਤਿਆ।

1958 ਵਿੱਚ ਟੋਕੀਓ ਵਿਖੇ ਹੋਈਆਂ ਏਸ਼ਿਆਈ ਖੇਡਾਂ ਵਿੱਚ ਉਹ ਭਾਰਤੀ ਟੀਮ ਦਾ ਕਪਤਾਨ ਬਣ ਕੇ ਖੇਡ ਪਿੜ ਵਿੱਚ ਪੁੱਜਾ। ਟੋਕੀਓ ਵਿਖੇ ਪ੍ਰਦੁੱਮਣ ਨੇ 49 ਫੁੱਟ 4 ਇੰਚ ਗੋਲਾ ਸੁੱਟ ਕੇ ਨਵਾਂ ਏਸ਼ਿਆਈ ਰਿਕਾਰਡ ਬਣਾਉਂਦਿਆਂ ਸ਼ਾਟਪੁੱਟ ਵਿੱਚ ਲਗਾਤਾਰ ਦੂਜੀ ਵਾਰ ਸੋਨ ਤਮਗ਼ਾ ਜਿੱਤਿਆ। ਡਿਸਕਸ ਵਿੱਚ ਉਸ ਨੇ 45.67 ਮੀਟਰ ਦੀ ਥਰੋਅ ਨਾਲ ਕਾਂਸੀ ਦਾ ਤਮਗਾ ਜਿੱਤਿਆ। ਡਿਸਕਸ ਵਿੱਚ ਸੋਨੇ ਦਾ ਤਮਗਾ ਇੱਕ ਹੋਰ ਪੰਜਾਬੀ ਅਥਲੀਟ ਬਲਕਾਰ ਸਿੰਘ ਨੇ ਜਿੱਤਿਆ, ਜਿਸ ਨੇ 47.67 ਮੀਟਰ ਥਰੋਅ ਸੁੱਟੀ। ਟੋਕੀਓ ਵਿਖੇ ਮਿਲਖਾ ਸਿੰਘ ਨੇ ਪ੍ਰਦੁੱਮਣ ਦੇ ਪਾਏ ਪੂਰਨਿਆਂ 'ਤੇ ਚੱਲਦਿਆਂ 200 ਤੇ 400 ਮੀਟਰ ਦੌੜ ਜਿੱਤ ਕੇ ਦੋਹਰਾ ਸੋਨ ਤਮਗ਼ਾ ਗਲੇ ਪਾਇਆ। ਦੋਵੇਂ ਹੀ ਅਥਲੀਟ ਪੰਜਾਬੀ ਅਤੇ ਭਾਰਤੀ ਫੌਜ ਦੇ ਜਵਾਨ ਸਨ। ਭਾਰਤ ਵਾਪਸੀ 'ਤੇ ਪਟਿਆਲਾ ਪੁੱਜਣ ਉਤੇ ਫੌਜ ਵੱਲੋਂ ਮਿਲਖਾ ਸਿੰਘ ਤੇ ਪ੍ਰਦੁੱਮਣ ਸਿੰਘ ਦਾ ਟੈਂਕਾਂ ਉਤੇ ਬਿਠਾ ਕੇ ਸਵਾਗਤ ਕੀਤਾ ਗਿਆ। ਟੈਂਕਾਂ ਉਤੇ ਸਵਾਗਤ ਦੀ ਤਸਵੀਰ ਮਿਲਖਾ ਸਿੰਘ ਦੇ ਜੀਵਨ ਉਤੇ ਬਣੀ ਫਿਲਮ 'ਭਾਗ ਮਿਲਖਾ ਭਾਗ' ਵਿੱਚ ਵੀ ਦਿਖਾਈ ਗਈ ਹੈ।




1960 ਵਿੱਚ ਭਾਰਤ, ਪਾਕਿਸਤਾਨ ਤੇ ਇਰਾਨ ਦੇ ਅਥਲੀਟਾਂ ਵਿਚਕਾਰ ਹੋਈ ਤਿੰਨ ਦੇਸ਼ਾਂ ਦੀ ਅਥਲੈਟਿਕਸ ਮੀਟ ਵਿੱਚ ਪ੍ਰਦੁੱਮਣ ਨੇ ਡਿਸਕਸ ਥਰੋਅ ਵਿੱਚ ਸੋਨ ਤਮਗ਼ਾ ਜਿੱਤਿਆ। 1962 ਦੀਆਂ ਜਕਾਰਤਾ ਏਸ਼ਿਆਈ ਖੇਡਾਂ ਤੋਂ ਪਹਿਲਾਂ ਐਨ.ਆਈ.ਐਸ. ਪਟਿਆਲਾ ਵਿਖੇ ਭਾਰਤੀ ਅਥਲੈਟਿਕਸ ਟੀਮ ਦਾ ਕੈਂਪ ਲੱਗਿਆ ਹੋਇਆ ਸੀ। ਪ੍ਰੈਕਟਿਸ ਦੌਰਾਨ ਇੱਕ ਹੋਰ ਭਾਰਤੀ ਥਰੋਅਰ ਜੋਗਿੰਦਰ ਸਿੰਘ ਵੱਲੋਂ ਸੁੱਟੀ ਡਿਸਕਸ ਪ੍ਰਦੁੱਮਣ ਦੇ ਜਬਾੜੇ 'ਤੇ ਵੱਜੀ। ਇੱਕ ਵਾਰ ਤਾਂ ਪ੍ਰਦੁੱਮਣ ਦਾ ਤੀਜੀ ਵਾਰ ਏਸ਼ਿਆਈ ਖੇਡਾਂ ਵਿੱਚ ਹਿੱਸਾ ਲੈਣ ਦਾ ਸੁਫ਼ਨਾ ਚਕਨਾਚੂਰ ਹੁੰਦਾ ਨਜ਼ਰ ਹੋਇਆ, ਜਦੋਂ ਟੀਮ ਪ੍ਰਬੰਧਕਾਂ ਅਤੇ ਡਾਕਟਰਾਂ ਨੇ ਪ੍ਰਦੁੱਮਣ ਨੂੰ ਖੇਡਣ ਤੋਂ ਵਰਜਿਆ। ਪ੍ਰਦੁੱਮਣ ਹਰ ਹੀਲੇ ਖੇਡਣਾ ਚਾਹੁੰਦਾ ਸੀ। ਕੋਚ ਜੋਗਿੰਦਰ ਸਿੰਘ ਸੈਣੀ ਨੇ ਜਦੋਂ ਪ੍ਰਦੁੱਮਣ ਨੂੰ ਮੁਕਾਬਲੇ ਵਿੱਚ ਹਿੱਸਾ ਲੈਣ ਤੋਂ ਰੋਕਿਆ ਤਾਂ ਅੱਗਿਓਂ ਆਪਣੀ ਧੁਨ ਦੇ ਪੱਕੇ ਪ੍ਰਦੁੱਮਣ ਨੇ ਕਿਹਾ, "ਡਿਸਕਸ ਹੱਥ ਨਾਲ ਸੁੱਟਣੀ ਹੈ, ਮੂੰਹ ਨਾਲ ਨਹੀਂ।" ਗੋਲਾ ਸੁੱਟਣ ਲਈ ਮੂੰਹ ਨੀਵਾਂ ਕਰ ਕੇ ਟਰਨ ਲੈਣੀ ਹੁੰਦੀ ਹੈ, ਜਿਸ ਕਾਰਨ ਪ੍ਰਦੁੱਮਣ ਆਪਣੇ ਪਸੰਦੀਦਾ ਈਵੈਂਟ ਸ਼ਾਟਪੁੱਟ ਵਿੱਚ ਹਿੱਸਾ ਨਾ ਲੈ ਸਕਿਆ, ਪਰ ਡਿਸਕਸ ਥਰੋਅ ਵਿੱਚ ਉਸ ਨੇ ਜਕਾਰਤਾ ਵਿਖੇ ਮੂੰਹ 'ਤੇ ਮੜਾਸਾ ਬੰਨ੍ਹ ਕੇ 47 ਮੀਟਰ ਤੱਕ ਸੁੱਟੀ ਅਤੇ ਚਾਂਦੀ ਦਾ ਤਮਗਾ ਜਿੱਤਿਆ। ਉਹ ਥੋੜ੍ਹੇ ਜਿਹੇ ਫਾਸਲੇ ਨਾਲ ਸੋਨ ਤਮਗੇ ਤੋਂ ਖੁੰਝ ਗਿਆ। ਟੁੱਟੇ ਹੋਏ ਜਬਾੜੇ ਨਾਲ ਪ੍ਰਦੁੱਮਣ ਨੇ 47.01 ਮੀਟਰ ਥਰੋਅ ਸੁੱਟੀ, ਜਦੋਂ ਕਿ ਜਾਪਾਨ ਦੇ ਸ਼ੁਜੋ ਯਨਾਗਵਾ ਨੇ 47.71 ਮੀਟਰ ਥਰੋਅ ਸੁੱਟੀ। ਤਮਗ਼ਾ ਗਲੇ ਪਾਉਣ ਤੋਂ ਬਾਅਦ ਪ੍ਰਦੁੱਮਣ ਮੁੜ ਹਸਪਤਾਲ ਵਿੱਚ ਜਾ ਕੇ ਭਰਤੀ ਹੋ ਗਿਆ। ਜਕਾਰਤਾ ਵਿਖੇ ਇੱਕ ਹੋਰ ਪੰਜਾਬੀ ਅਥਲੀਟ ਗੁਰਬਚਨ ਸਿੰਘ ਰੰਧਾਵਾ ਡਿਕੈਥਲਨ ਦਾ ਚੈਂਪੀਅਨ ਬਣ ਕੇ ਏਸ਼ੀਆ ਦਾ ਸਰਵੋਤਮ ਅਥਲੀਟ ਬਣਿਆ।

ਪ੍ਰਦੁੱਮਣ ਨੇ ਭਾਰਤ ਵੱਲੋਂ ਦੋ ਵਾਰ ਰਾਸ਼ਟਰਮੰਡਲ ਖੇਡਾਂ ਵਿੱਚ ਹਿੱਸਾ ਲਿਆ। 1954 ਵਿੱਚ ਵੈਨਕੂਵਰ ਅਤੇ 1958 ਵਿੱਚ ਕਾਰਡਿਫ ਵਿਖੇ ਸ਼ਾਟਪੁੱਟ ਅਤੇ ਡਿਸਕਸ ਥਰੋਅ ਵਿੱਚ ਹਿੱਸਾ ਲਿਆ, ਪਰ ਤਮਗ਼ਾ ਨਾ ਜਿੱਤ ਸਕਿਆ।

ਬਿਨਾ ਕਿਸੇ ਤਕਨੀਕ ਤੋਂ ਖੇਡ ਦੀ ਸ਼ੁਰੂਆਤ ਕਰਨ ਵਾਲੇ ਪ੍ਰਦੁੱਮਣ ਨੂੰ ਜੇ ਬਚਪਨ ਤੋਂ ਸਹੀ ਤਕਨੀਕ ਨਾਲ ਕੋਚਿੰਗ ਮਿਲੀ ਹੁੰਦੀ ਤਾਂ ਏਸ਼ੀਆ ਤੋਂ ਬਾਹਰ ਵੀ ਉਸ ਦੇ ਮੁਕਾਬਲੇ ਦਾ ਕੋਈ ਅਥਲੀਟ ਨਹੀਂ ਹੋਣਾ ਸੀ। ਭਾਰਤ ਵਿੱਚ ਉਹ ਸ਼ਾਟਪੁੱਟ ਵਿੱਚ 1952 ਤੋਂ 1961 ਤੱਕ 10 ਸਾਲ ਲਗਾਤਾਰ ਨੈਸ਼ਨਲ ਚੈਂਪੀਅਨ ਰਿਹਾ। ਡਿਸਕਸ ਥਰੋਅ ਵਿੱਚ ਉਹ 1954 ਤੋਂ ਲੈ ਕੇ 1959 ਤੱਕ ਪੰਜ ਸਾਲ ਨੈਸ਼ਨਲ ਚੈਂਪੀਅਨ ਰਿਹਾ।

ਪ੍ਰਦੁੱਮਣ ਦਾ ਆਪਣੇ ਬਚਪਨ ਵਿੱਚ ਵਿਛੜੇ ਭਰਾ ਹਰਦਮ ਸਿੰਘ ਨਾਲ ਮੇਲ ਵੀ ਫਿਲਮੀ ਸਟਾਈਲ ਨਾਲ ਹੋਇਆ ਸੀ। ਇਕੇਰਾਂ ਕਿਸੇ ਕੌਮਾਂਤਰੀ ਪੱਧਰ ਦੇ ਮੁਕਾਬਲੇ ਵਿੱਚ ਪ੍ਰਦੁੱਮਣ ਤੇ ਹਰਦਮ ਦੋਵੇਂ ਹਿੱਸਾ ਲੈਣ ਆਏ ਸੀ। ਨਿੱਕੀ ਉਮਰੇ ਜੁਦਾ ਹੋਏ ਦੋਵੇਂ ਭਰਾਵਾਂ ਨੇ ਜਦੋਂ ਸ਼ਾਟਪੁੱਟ ਮੁਕਾਬਲੇ ਲਈ ਖਿਡਾਰੀਆਂ ਦੇ ਨਾਵਾਂ ਦਾ ਐਲਾਨ ਸੁਣਿਆ ਤਾਂ ਉਹ ਦੋਵੇਂ ਇੱਕ-ਦੂਜੇ ਦਾ ਨਾਮ ਸੁਣ ਕੇ ਤ੍ਰਬਕ ਗਏ। ਦੋਵੇਂ ਭਰਾ ਇੱਕ-ਦੂਜੇ ਦੇ ਗਲੇ ਲੱਗ ਮਿਲੇ। ਪ੍ਰਦੁੱਮਣ ਨੇ ਆਪਣੇ ਵੱਡੇ ਭਰਾ ਦਾ ਮਾਣ ਰੱਖਦਿਆਂ ਜਾਣਬੁੱਝ ਕੇ ਆਪਣੀ ਬਿਹਤਰੀਨ ਥਰੋਅ ਨਹੀਂ ਸੁੱਟੀ ਅਤੇ ਮੁਕਾਬਲਾ ਹਰਦਮ ਸਿੰਘ ਨੇ ਜਿੱਤਿਆ। ਪ੍ਰਦੁੱਮਣ ਦਾ ਭਰਾ ਸਵਾ ਕੁਇੰਟਲ ਦੇ ਕਰੀਬ ਸੀ ਅਤੇ ਕੱਦ ਛੇ ਫੁੱਟ ਇੱਕ ਇੰਚ ਸੀ। ਸੋਹਣਾ-ਸੁਨੱਖਾ ਤੇ ਲੰਬਾ-ਲੰਝਾ ਸਡੌਲ ਸਰੀਰ ਵਾਲਾ ਏਸ਼ੀਆ ਦਾ ਚੈਂਪੀਅਨ ਅਥਲੀਟ ਪ੍ਰਦੁੱਮਣ ਪਿੰਡ ਪੱਧਰ ਉਤੇ ਕਬੱਡੀ ਵੀ ਖੇਡ ਲੈਂਦਾ ਸੀ, ਜਿਸ ਨੂੰ ਉਸ ਵੇਲੇ ਪੱਕੀ ਸੌਂਚੀ ਕਿਹਾ ਜਾਂਦਾ ਸੀ।





**ਵਡੇਰੀ ਉਮਰੇ ਸ. ਪ੍ਰਦੁੱਮਣ ਸਿੰਘ ਅਤੇ (ਸੱਜੇ) ਜਵਾਨੀ ਸਮੇਂ**

ਪ੍ਰਦੁੱਮਣ ਸਿੰਘ ਦੀ ਸਭ ਤੋਂ ਵੱਧ ਸਾਂਝ ਆਪਣੇ ਪੋਤੇ ਸੁਖਦਰਸ਼ਨ ਸਿੰਘ ਨਾਲ ਸੀ, ਜਿਸ ਨੇ ਆਪਣੇ ਦਾਦੇ ਦੀ ਵੱਡੀ ਉਮਰੇ ਉਸ ਕੋਲ ਬੈਠਿਆਂ ਖੇਡਾਂ ਨਾਲ ਜੁੜੇ ਕਿੱਸੇ ਸੁਣੀ ਜਾਣਾ। ਸੁਖਦਰਸ਼ਨ ਦੱਸਦਾ ਹੁੰਦਾ ਹੈ ਕਿ ਇਕੇਰਾਂ ਚੜਿੱਕ ਦੇ ਮੇਲੇ ਉਤੇ ਆਤਮਾ ਸਿੰਘ ਬੁੱਟਰ ਵੱਲੋਂ ਪੱਕੀ ਸੌਂਚੀ ਵਿੱਚ ਝੰਡੀ ਕੀਤੀ ਹੋਈ ਸੀ। ਪ੍ਰਦੁੱਮਣ ਨੇ ਜਦੋਂ ਇਕੱਲਿਆ ਹੀ ਉਸ ਨੂੰ ਵੰਗਾਰਿਆ ਤਾਂ ਅੱਗੋ ਉਹ ਬੋਲਿਆ ਕਿ ਉਸ ਕੋਲ ਤਾਂ ਟੀਮ ਹੈਨੀ, ਫੇਰ ਕਿਵੇਂ ਖੇਡੇਗਾ। ਪ੍ਰਦੁੱਮਣ ਵੱਲੋਂ ਕਹੇ ਜਾਣ ਉਤੇ 10-10 ਕੌਡੀਆਂ ਪਾਉਣ ਦਾ ਫੈਸਲਾ ਹੋਇਆ। ਪਹਿਲੀ ਰੇਡ ਉਤੇ ਜਦੋਂ ਆਤਮਾ ਪ੍ਰਦੁੱਮਣ ਨੂੰ ਹੱਥ ਲਾ ਕੇ ਅੰਕ ਲੈ ਆਇਆ ਤਾਂ ਦੇਖਣ ਨੂੰ ਦਰਸ਼ਨੀ ਜਵਾਨ ਪ੍ਰਦੁੱਮਣ ਉਪਰ ਦਰਸ਼ਕ ਹੱਸਣ ਲੱਗੇ। ਗੁੱਸੇ ਵਿੱਚ ਆਏ ਪ੍ਰਦੁੱਮਣ ਨੇ ਆਪਣੀ ਰੇਡ ਪਾਉਂਦਿਆਂ ਆਤਮਾ ਸਿੰਘ ਦੇ ਪਿਛਲੇ ਪਾਸੇ ਚਲਾ ਗਿਆ, ਜਿੱਥੋਂ ਉਹ ਆਤਮਾ ਨੂੰ ਹੰਧਿਆਂ ਤੱਕ ਚਪੇੜਾਂ ਮਾਰਦਾ ਲੈ ਗਿਆ ਅਤੇ ਫੇਰ ਉਸ ਦੀ ਹਿੱਕ ਉਤੇ ਪੈਰ ਰੱਖ ਕੇ ਅੰਕ ਬਟੋਰਿਆ। ਆਤਮਾ ਨੇ ਜਦੋਂ ਦੂਜੀ ਰੇਡ ਉਤੇ ਫੇਰ ਪਹਿਲੀ ਰੇਡ ਵਾਂਗ ਹੱਥ ਲਾ ਕੇ ਭੱਜਣ ਦੀ ਕੋਸ਼ਿਸ਼ ਕੀਤੀ ਤਾਂ ਪ੍ਰਦੁੱਮਣ ਨੇ ਉਸ ਦੇ ਅਜਿਹੀ ਧੌਲ਼ ਮਾਰੀ ਕਿ ਆਤਮਾ ਬਿਨਾ ਕੱਪੜਿਆਂ ਤੋਂ ਭੱਜਦਾ ਦਰਸ਼ਕਾਂ ਵਿੱਚ ਜਾ ਵੜਿਆ ਅੜੇ ਬੜਬੜਾਉਣ ਲੱਗਾ, "ਢੱਠੇ ਦਾ ਝੋਟੇ ਨਾਲ ਕੀ ਮੇਲ?"

ਸੁਖਦਰਸ਼ਨ ਦੱਸਦਾ ਹੈ ਕਿ ਇੱਕ ਵਾਰ ਜਦੋਂ ਉਸ ਦੇ ਦਾਦੇ ਦੀ ਰਜਮੈਂਟ ਪਟਿਆਲਾ ਵਿਖੇ ਤਾਇਨਾਤ ਸੀ ਤਾਂ ਭਗਤੇ ਦੀ ਕਬੱਡੀ ਟੀਮ ਪੱਖਰਵੱਢ ਤੋਂ ਹਾਰ ਗਈ। ਭਗਤੇ ਦੇ ਸੇਵਕ ਸਿੰਘ ਦੇ ਸਹੁਰੇ ਪੱਖਰਵੱਢ ਹੋਣ ਕਰਕੇ ਉਹ ਹੇਠੀ ਮੰਨ ਗਿਆ। ਉਹ ਪ੍ਰਦੁੱਮਣ ਨੂੰ ਪਟਿਆਲਾ ਮਿਲਣ ਗਿਆ ਅਤੇ ਬਦਲਾ ਲੈਣ ਦੀ ਗੱਲ ਆਖੀ। ਪ੍ਰਦੁੱਮਣ ਦੇ ਕਹੇ ਉਤੇ ਦੋਵੇਂ ਪਿੰਡਾਂ ਦੀਆਂ ਕਬੱਡੀ ਟੀਮਾਂ ਵਿਚਾਲੇ ਇੱਕ ਐਤਵਾਰ ਨੂੰ ਮੈਚ ਕਰਵਾਉਣ ਦਾ ਫੈਸਲਾ ਹੋਇਆ। ਪ੍ਰਦੁੱਮਣ ਪਟਿਆਲਿਓਂ ਬੱਸ ਉਤੇ ਸਿੱਧਾ ਪੱਖਰਵੱਢ ਪਹੁੰਚ ਗਿਆ। ਪ੍ਰਦੁੱਮਣ ਨੂੰ ਆਪਣੇ ਦਰਸ਼ਨੀ ਸਡੌਲ ਸਰੀਰ ਉਤੇ ਇੰਨਾ ਮਾਣ ਸੀ ਕਿ ਉਸ ਨੇ ਆਖਿਆ ਕਿ ਬਾਕੀ ਟੀਮ ਵਾਰਮ-ਅੱਪ ਹੋਵੇ, ਉਹ ਜਾਣ-ਬੁੱਝ ਕੇ ਅਖੀਰ ਵਿੱਚ ਕੱਪੜੇ ਲਾਹੇਗਾ ਤਾਂ ਜੋ ਉਸ ਨੂੰ ਦੇਖ ਕੇ ਮੈਚ ਖੇਡਣ ਵਾਲੇ ਵਿਰੋਧੀ ਖਿਡਾਰੀ ਭੱਜ ਨਾ ਜਾਣ। ਅਖੀਰ ਵਿੱਚ ਪ੍ਰਦੁੱਮਣ ਨੇ ਲੀੜੇ ਲਾਹ ਕੇ ਪਿੰਡ ਦੇ ਹੀ ਮੱਸੇ ਨੂੰ ਵਰਜਿਸ਼ ਕਰਵਾਉਣ ਲਈ ਬੁਲਾਇਆ ਤਾਂ ਅਭਿਆਸ ਕਰਦਿਆਂ ਉਸ ਕੋਲੋਂ ਅਜਿਹੀ ਧੌਲ ਵੱਜੀ ਕਿ ਮੱਸਾ ਦੋ ਲੋਟਣੀਆਂ ਖਾ ਕੇ ਡਿੱਗ ਪਿਆ। ਇਹ ਦ੍ਰਿਸ਼ ਤੱਕਣ ਵਾਲੇ ਪੱਖਰਵੱਢ ਵਾਲਿਆਂ ਨੇ ਸਰੰਡਰ ਕਰਦਿਆਂ ਮੈਚ ਖੇਡਣ ਤੋਂ ਮਨ੍ਹਾਂ ਕਰ ਦਿੱਤਾ। ਉਨ੍ਹਾਂ ਦਾ ਕਹਿਣਾ ਸੀ ਕਿ ਉਹ ਤਾਂ ਆਪਣੇ ਮੁੰਡਿਆਂ ਤੋਂ ਹਾੜ੍ਹੀ ਵਢਾਉਣ ਤੋਂ ਵੀ ਜਾਣਗੇ, ਜੇ ਪ੍ਰਦੁੱਮਣ ਦੀ ਇੱਕ ਧੌਲ ਵੱਜ ਗਈ। ਕਿਸੇ ਨੇ ਆਖਿਆ, ਪੱਖਰਵੱਢ ਦੇ ਰੇਡਰ ਪ੍ਰਦੁੱਮਣ ਵਾਲੀ ਸਾਈਡ ਰੇਡ ਦੇਖ ਕੇ ਪਾਉਣਗੇ ਤਾਂ ਕਿਸੇ ਸਿਆਣੇ ਨੇ ਆਖਿਆ ਕਿ ਜਦੋਂ ਪਤੰਦਰ (ਪ੍ਰਦੁੱਮਣ) ਆਪਣੇ ਵੱਲ ਰੇਡ ਪਾਉਣ ਆਇਆ ਤਾਂ ਫੇਰ ਕਿਵੇਂ ਬਚਾਂਗੇ! ਇੰਝ ਪ੍ਰਦੁੱਮਣ ਨੇ ਆਪਣੇ ਗਰਾਈਂ ਸੇਵਕ ਸਿੰਘ ਦੀ ਸਹੁਰੇ ਪਿੰਡ ਮਾਣ ਬਹਾਲੀ ਕਰਵਾਈ।

ਪ੍ਰਦੁੱਮਣ ਦੇ ਦਰਸ਼ਨੀ ਸਰੀਰ ਦੇ ਬਹੁਤ ਕਿੱਸੇ ਹਨ। ਉਹ ਪਿੰਡ ਆਪਣੇ ਘਰ ਖੁੱਲ੍ਹੀ ਖੇਲ ਉਤੇ ਨਹਾਉਂਦਾ ਸੀ। ਇੱਕ ਵਾਰ ਉਹ ਖੇਲ ਉਤੇ ਨਹਾਉਂਦਾ ਖੜ੍ਹਾ ਸੀ ਤਾਂ ਘਰ ਅੱਗੋਂ ਪਿੰਡ ਵਿੱਚ ਕਿਸੇ ਵਿਆਹ ਵਿੱਚ ਆਇਆ ਨਾਨਕਾ ਮੇਲ ਲੰਘ ਰਿਹਾ ਸੀ। ਪ੍ਰਦੁੱਮਣ ਦੇ ਘਰ ਦੇ ਦਰਵਾਜ਼ੇ ਦੀਆਂ ਝੀਥਾਂ ਵਿੱਚੋਂ ਪ੍ਰਦੁੱਮਣ ਨੂੰ ਖੜ੍ਹਿਆ ਦੇਖ ਕੇ ਇਹ ਔਰਤ ਨੇ ਆਖਿਆ, "ਬੂਹ! ਦੇਖ ਜੱਟ ਦੇ ਕਿੱਥੇ ਦੁਸਾਂਗਾ ਪਿਆ।" ਇਕੇਰਾਂ ਪ੍ਰਦੁੱਮਣ ਨੂੰ ਭਾਰਤੀ ਖੇਡਾਂ ਤੇ ਖਿਡਾਰੀਆਂ ਦੇ ਖੈਰ ਖਵਾਹ ਰਹੇ ਖੇਡ ਪ੍ਰਸ਼ਾਸਕ ਅਤੇ ਬੀ.ਐਸ.ਐਫ. ਤੇ ਪੰਜਾਬ ਪੁਲਿਸ ਦੇ ਮੁਖੀ ਰਹੇ ਅਸ਼ਵਨੀ ਕੁਮਾਰ ਨੇ ਘਰ ਖਾਣੇ ਉਤੇ ਸੱਦਿਆ। ਅਸ਼ਵਨੀ ਕੁਮਾਰ ਖਿਡਾਰੀਆਂ ਦਾ ਖਿਆਲ ਰੱਖਣ ਦੇ ਨਾਲ ਉਨ੍ਹਾਂ ਦੇ ਸੁਭਾਅ ਅਤੇ ਖਾਣ-ਪੀਣ ਤੋਂ ਵੀ ਜਾਣੂੰ ਸੀ। ਉਨ੍ਹਾਂ ਆਪਣੇ ਰਸੋਈਏ ਨੂੰ ਦੁੱਧ ਦੀ ਬਾਲਟੀ ਭਰ ਕੇ ਰੱਖਣ ਨੂੰ ਕਿਹਾ। ਅੱਗੋਂ ਜਦੋਂ ਪ੍ਰਦੁੱਮਣ ਇਕੱਲਾ ਹੀ ਘਰ ਆਇਆ ਤਾਂ ਰਸੋਈਆ ਕਹਿੰਦਾ ਬਾਕੀ ਜਣੇ ਕਿੱਥੇ ਹਨ। ਅਸ਼ਵਨੀ ਕੁਮਾਰ ਨੇ ਆਖਿਆ ਕਿ ਇਹ ਬਾਲਟੀ ਇਕੱਲੇ ਪ੍ਰਦੁੱਮਣ ਲਈ ਹੀ ਹੈ।

ਭਾਰਤੀ ਫੌਜ ਵਿੱਚ ਸੂਬੇਦਾਰ ਮੇਜਰ ਤੱਕ ਸੇਵਾਵਾਂ ਨਿਭਾਉਣ ਵਾਲਾ ਪ੍ਰਦੁੱਮਣ 1972 ਵਿੱਚ ਆਰਡਮ ਕੋਰ 4 ਹੌਰਸ ਰਜਮੈਂਟ ਤੋਂ ਆਨਰੇਰੀ ਕੈਪਟਨ ਵਜੋਂ ਰਿਟਾਇਰ ਹੋਇਆ। ਉਹ ਦਸ ਸਾਲ ਭਗਤੇ ਦਾ ਸਰਬਸੰਮਤੀ ਨਾਲ ਸਰਪੰਚ ਵੀ ਚੁਣਿਆ ਜਾਂਦਾ ਰਿਹਾ। 1983 ਦੀ ਗੱਲ ਹੈ ਕਿ ਪ੍ਰਦੁੱਮਣ ਰਾਮਪੁਰਾ ਤੋਂ ਭਗਤੇ ਆ ਰਿਹਾ ਸੀ ਤਾਂ ਉਸ ਦੀ ਜੀਪ ਪਲਟ ਕੇ ਖਤਾਨਾਂ ਵਿੱਚ ਟਾਹਲੀ 'ਚ ਜਾ ਵੱਜੀ। ਪ੍ਰਦੁੱਮਣ ਦਾ ਮੌਰ ਜ਼ੋਰ ਨਾਲ ਵੱਜਿਆ ਕਿ ਉਸ ਦਾ ਮਣਕਾ ਮੁੜ ਗਿਆ। ਉਹ ਲੁਧਿਆਣੇ ਸੀ.ਐਮ.ਸੀ. ਵਿੱਚ ਦਾਖਲ ਰਿਹਾ। ਉਦੋਂ ਉਸ ਦੇ ਮਿੱਤਰਾਂ ਨੇ ਹਸਪਤਾਲ ਦੇ ਵਾਰਡ 'ਚ ਪ੍ਰਦੁੱਮਣ ਨੂੰ ਉਸ ਦੇ ਪੱਟ ਉਤੇ ਪਾਈ ਮੋਰਨੀ ਨਾਲ ਪਛਾਣਿਆ। ਪ੍ਰਦੁੱਮਣ ਦਾ ਬੁਢਾਪਾ ਥੋੜ੍ਹਾ ਦੁਖਦਾਈ ਰਿਹਾ। ਸੱਟ ਅਤੇ ਬਿਮਾਰੀ ਨਾਲ ਜੂਝਣ ਤੋਂ ਇਲਾਵਾ ਉਸ ਦੀਆਂ ਅਨੇਕਾਂ ਪ੍ਰਾਪਤੀਆਂ ਦੇ ਬਾਵਜੂਦ ਕੋਈ ਬਣਦਾ ਮਾਣ-ਸਨਮਾਨ ਅਤੇ ਸਰਕਾਰੇ-ਦਰਬਾਰੇ ਕੋਈ ਬਾਤ ਵੀ ਨਹੀਂ ਪੁੱਛੀ ਗਈ।

ਪ੍ਰਦੁੱਮਣ ਨੂੰ ਤਾਂ ਅਰਜੁਨਾ ਐਵਾਰਡ ਵੀ 1999 ਵਿੱਚ ਮਿਲਿਆ, ਜਿਸ ਦਾ ਉਹ ਪੰਜ ਦਹਾਕੇ ਪਹਿਲਾਂ ਹੀ ਹੱਕਦਾਰ ਸੀ। ਉਸ ਵੇਲੇ ਦੇ ਕੇਂਦਰੀ ਖੇਡ ਮੰਤਰੀ ਸੁਖਦੇਵ ਸਿੰਘ ਢੀਂਡਸਾ ਨੇ ਪ੍ਰਦੁੱਮਣ ਸਿੰਘ ਸਣੇ ਕੋਈ ਅਣਗੌਲੇ ਖਿਡਾਰੀਆਂ ਨੂੰ ਅਰਜੁਨਾ ਐਵਾਰਡ ਦਿੱਤੇ ਸਨ। ਭਰ ਜਵਾਨੀ ਵਿੱਚ ਹਾਸਲ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

ਗਹਿਰ-ਗੰਭੀਰ

# ਨਸ਼ਿਆਂ ਦਾ ਚੱਕਰਵਿਊ ਅਤੇ ਸਿਆਸੀ ਤਰਜੀਹਾਂ

**ਦਰਬਾਰਾ ਸਿੰਘ ਕਾਹਲੋਂ**
**ਫੋਨ:1-289-829-2929**



ਜੇ ਅਜੋਕੇ ਵਿਸ਼ਵ ਵਪਾਰ ਖੇਤਰ 'ਤੇ ਗਹੁ ਨਾਲ ਝਾਤ ਮਾਰੀ ਜਾਏ ਤਾਂ ਸਭ ਤੋਂ ਵੱਡੇ ਵਪਾਰ ਤਿੰਨ ਵਸਤਾਂ 'ਤੇ ਕੇਂਦਰਤ ਹਨ: ਪੈਟਰੋਲੀਅਮ ਪਦਾਰਥ, ਜਿਨ੍ਹਾਂ ਨੂੰ ਕਾਲਾ ਸੋਨਾ ਵੀ ਕਿਹਾ ਜਾਂਦਾ ਹੈ; ਮਾਰੂ ਜੰਗੀ ਹਥਿਆਰ ਅਤੇ ਸਭ ਤੋਂ ਭਿਆਨਕ ਪੱਧਰ 'ਤੇ ਸੰਗਠਿਤ ਨਸ਼ੀਲੇ ਪਦਾਰਥਾਂ ਦਾ ਵਪਾਰ। ਨਸ਼ੀਲੇ ਪਦਾਰਥਾਂ, ਖਾਸ ਕਰ ਕੇ ਸਿੰਥੈਟਿਕ ਨਸ਼ਿਆਂ ਦਾ ਵਪਾਰ ਤਾਂ ਪੂਰੇ ਵਿਸ਼ਵ ਦੀ ਰਾਜਨੀਤੀ ਵਿੱਚ ਘੁਸਿਆ ਪਿਆ ਹੈ। ਮੈਕਸਿਕੋ, ਮਿਆਂਮਾਰ, ਅਫਗਾਨਿਸਤਾਨ, ਕੋਲੰਬੀਆ, ਬ੍ਰਾਜ਼ੀਲ, ਅਮਰੀਕਾ, ਕੁਝ ਪੱਛਮੀ ਤੇ ਏਸ਼ੀਆਈ ਦੇਸ਼ਾਂ, ਕੀਨੀਆ ਆਦਿ ਵਿੱਚ ਨਸ਼ਿਆਂ ਦੇ ਸਰਗਣੇ ਸਸਤਾ ਕੈਮੀਕਲ ਚੀਨ ਦੀ ਮੰਡੀ ਵਿੱਚੋਂ ਖਰੀਦ ਕੇ ਪੂਰੇ ਵਿਸ਼ਵ ਵਿੱਚ ਸਪਲਾਈ ਕਰਦੇ ਹਨ। ਚੋਣਾਂ ਦੌਰਾਨ ਵੋਟ ਰਾਜਨੀਤੀ ਖਾਤਰ ਪੂਰੇ ਵਿਸ਼ਵ ਦੇ ਦੇਸ਼ਾਂ ਵਿੱਚ ਧੜੱਲੇ ਨਾਲ ਇਸ ਦੀ ਸਪਲਾਈ ਘਰੋ-ਘਰੀ, ਗਲੀਆਂ ਅਤੇ ਬਾਜ਼ਾਰਾਂ ਵਿੱਚ ਹੁੰਦੀ ਹੈ।

ਇਸ ਵਪਾਰ ਵਿੱਚ ਰਾਜਨੀਤੀਵਾਨ, ਅਫਸਰਸ਼ਾਹ, ਪੁਲੀਸ ਪ੍ਰਸ਼ਾਸਨ, ਡਰੱਗ ਗੈਂਗਸਟਰ, ਜ਼ਮੀਨੀ ਪੱਧਰ ਦੇ ਸਪਲਾਈ ਕਰਤਾ ਸ਼ਾਮਲ ਹਨ। ਅਪਰੈਲ-ਮਈ 2024 ਵਿੱਚ ਭਾਰਤ ਵਿੱਚ ਹੋਈਆਂ ਲੋਕ ਸਭਾ ਚੋਣਾਂ ਵਿੱਚ ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ ਅਨੁਸਾਰ 10,000 ਕਰੋੜ ਨਕਦੀ, 4381 ਕਰੋੜ ਕੀਮਤ ਦੇ ਨਸ਼ੀਲੇ ਪਦਾਰਥ ਫੜੇ ਗਏ। ਚੋਣਾਂ ਤੋਂ ਬਾਅਦ ਭਾਰਤ ਦੇ ਗ੍ਰਹਿ ਮੰਤਰੀ ਨਾਰਕੋ ਕੋਆਰਡੀਨੇਸ਼ਨ ਸੈਂਟਰ ਦੀ ਮੀਟਿੰਗ ਵਿੱਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਸਿੰਡੀਕੇਟਾਂ ਵਿਰੁੱਧ ਸਖ਼ਤ ਕਾਰਵਾਈ ਕਰਨ ਦੀ ਹਦਾਇਤ ਕਰਦੇ ਹਨ। ਉਹ ਖੁਲਾਸਾ ਕਰਦੇ ਹਨ ਕਿ ਜਿੱਥੇ 2004 ਤੋਂ 2013 ਤੱਕ 5933 ਕਰੋੜ ਦੀ 1.52 ਲੱਖ ਕਿਲੋ ਡਰੱਗ ਫੜੀ ਗਈ ਸੀ, ਉਥੇ 2014 ਤੋਂ 2024 ਤੱਕ ਦਸ ਸਾਲਾਂ ਵਿੱਚ 22,000 ਕਰੋੜ ਦੀ 5.43 ਲੱਖ ਕਿਲੋ ਡਰੱਗ ਫੜੀ ਗਈ।

ਪੰਜਾਬ ਵਿੱਚ ਕੈਪਟਨ ਅਮਰਿੰਦਰ ਸਿੰਘ ਨੇ ਸਹੁੰ ਖਾ ਕੇ ਮੁੱਖ ਮੰਤਰੀ ਬਣਨ ਦੇ ਚਾਰ ਹਫ਼ਤੇ ਵਿੱਚ ਨਸ਼ੀਲੇ ਪਦਾਰਥਾਂ ਦਾ ਐਲਾਨ ਕੀਤਾ ਸੀ। ਆਮ ਆਦਮੀ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਦੋ ਮਹੀਨੇ ਵਿੱਚ ਨਸ਼ੀਲੇ ਪਦਾਰਥਾਂ ਦੇ ਖਾਤਮੇ ਦੀ ਗਾਰੰਟੀ ਦਿੱਤੀ ਸੀ। ਮੁੱਖ ਮੰਤਰੀ ਭਗਵੰਤ ਮਾਨ ਪਿਛਲੇ ਢਾਈ ਸਾਲਾਂ ਤੋਂ ਰਟ ਲਗਾ ਰਿਹਾ ਹੈ। ਉਲਟਾ ਆਏ ਦਿਨ ਨਸ਼ਿਆਂ ਦੀ ਓਵਰਡੋਜ਼ ਨਾਲ ਨੌਜਵਾਨ ਮਰ ਰਹੇ ਹਨ। ਨਸ਼ੀਲੇ ਪਦਾਰਥਾਂ ਦੀ ਹੋਮ ਡਿਲਿਵਰੀ ਜਾਰੀ ਹੈ। ਸਕੂਲ, ਕਾਲਜ, ਯੂਨੀਵਰਸਿਟੀਆਂ, ਤਕਨੀਕੀ ਸੰਸਥਾਵਾਂ, ਪਿੰਡਾਂ ਦੀਆਂ ਦੁਕਾਨਾਂ, ਸੱਥਾਂ, ਗਲੀਆਂ, ਮੁਹੱਲਿਆਂ, ਵੱਡੀਆਂ-ਵੱਡੀਆਂ ਚਾਰ ਦੀਵਾਰੀ ਵਾਲੀਆਂ ਜੇਲ੍ਹਾਂ- ਨਸ਼ੀਲੇ ਪਦਾਰਥਾਂ ਦੇ ਅੱਡੇ ਬਣੇ ਪਏ ਹਨ। ਪੁਲੀਸ ਪ੍ਰਸ਼ਾਸਨ ਦੀ ਚੱਕ-ਥੱਲ, ਛਾਪੇ, ਫਰੋਲਾ-ਫਰਾਲੀ, ਡਰਾਮਈ ਕਵਾਇਦ ਤੋਂ ਇਲਾਵਾ ਕੁਝ ਨਹੀਂ। ਇਹ ਤਾਂ ਬਹੁਤ ਵੱਡੇ ਪੱਧਰ ਦੀ ਕੌਮਾਂਤਰੀ ਨਸ਼ਾ ਸਰਗਣਿਆਂ, ਏਜੰਟਾਂ, ਬਦਨਾਮ ਕਾਰਪੋਰੇਟਰਾਂ, ਰਾਜਨੀਤੀਵਾਨਾਂ, ਅਫਸਰਸ਼ਾਹ ਏਜੰਟਾਂ, ਹਥਿਆਰਬੰਦ ਗੈਂਗਸਟਰਾਂ ਦੀ ਖੇਡ ਹੈ।




ਅਮਰੀਕਾ ਜੋ ਵਿਸ਼ਵ ਪੱਧਰ ਦੀ ਇੱਕੋ-ਇਕ ਮਹਾਂ ਸ਼ਕਤੀ ਹੈ, ਉੱਥੇ 5 ਨਵੰਬਰ 2024 ਨੂੰ ਰਾਸ਼ਟਰਪਤੀ ਪਦ ਲਈ ਹੋ ਰਹੀਆਂ ਚੋਣਾਂ ਵਿੱਚ ਨਸ਼ੀਲੇ ਪਦਾਰਥਾਂ ਦੀ ਸਪਲਾਈ ਦੇ ਬੜੇ ਵਿਧੀਵਤ ਢੰਗ ਨਾਲ ਮਨਸੂਬੇ ਬਣ ਚੁੱਕੇ ਹਨ। ਜੋ ਕੁਝ ਹੋ ਰਿਹਾ ਹੈ, ਉਹ ਅਤਿ ਹੈਰਾਨੀਜਨਕ ਹੋਣ ਦੇ ਨਾਲ-ਨਾਲ ਅਤਿ ਚਿੰਤਾਜਨਕ ਹੈ। ਵੋਟਰਾਂ ਨੂੰ ਪ੍ਰਭਾਵਿਤ ਕਰਨ ਲਈ ਮਾਰੂ ਸਿੰਥੈਟਿਕ ਨਸ਼ੇ ਦੀ ਸਪਲਾਈ ਧੜੱਲੇ ਨਾਲ ਕੀਤੀ ਜਾਵੇਗੀ। ਚੋਣਾਂ ਵਿੱਚ ਹਾਰ-ਜਿੱਤ ਦਾ ਪਾਸਾ ਪਲਟਣ ਵਜੋਂ ਜਾਣੀਆਂ ਜਾਂਦੀਆਂ 7 ਸਟੇਟਾਂ ਅੰਦਰ 10 ਵਿੱਚੋਂ 8 ਵੋਟਰ ਇਨ੍ਹਾਂ ਭੈੜੇ ਅਤੇ ਮਾਰੂ ਸਿੰਥੈਟਿਕ ਨਸ਼ਿਆਂ ਨਾਲ ਪ੍ਰਭਾਵਿਤ ਕੀਤੇ ਜਾਣਗੇ। ਅਮਰੀਕੀ ਵੋਟਰਾਂ ਨੂੰ ਪ੍ਰਭਾਵਿਤ ਕਰਨ ਲਈ ਕਿੱਥੇ ਯੂਕਰੇਨ ਜੰਗ, ਗਾਜ਼ਾ ਪੱਟੀ ਨਸਲਘਾਤ, ਵਾਤਾਵਰਨ ਸੰਭਾਲ, ਗਰਭਪਾਤ, ਬੰਦੂਕ ਸਭਿਆਚਾਰ, ਆਰਥਿਕਤਾ ਆਦਿ ਮੁੱਦੇ ਉਭਾਰੇ ਜਾਣਗੇ, ਉੱਥੇ ਸਭ ਤੋਂ ਵੱਡਾ ਪ੍ਰਭਾਵ ਨਸ਼ੀਲੇ ਪਦਾਰਥ ਪਾਉਣਗੇ।

ਫੈਂਟਾਨਾਈਲ ਨਸ਼ੇ ਦਾ ਵਪਾਰ ਅਮਰੀਕਾ ਅੰਦਰ ਅਤਿ ਬਦਨਾਮ ਹੈ। ਕੋਵਿਡ-19 ਮਹਾਮਾਰੀ ਵੇਲੇ ਨਵੰਬਰ 2019 ਤੋਂ ਅਕਤੂਬਰ 2023 ਤੱਕ ਦੀ ਜਾਣਕਾਰੀ ਅਨੁਸਾਰ ਦੇਸ਼ ਵਿੱਚ 2,70,000 ਲੋਕ ਇਸ ਨਸ਼ੇ ਦੀ ਓਵਰਡੋਜ਼ ਨਾਲ ਮਰ ਗਏ। ਇਹ ਡੇਟਾ ਬਿਮਾਰੀ ਕੰਟਰੋਲ ਅਤੇ ਰੋਕਥਾਮ ਕੇਂਦਰ ਨੇ ਜਾਰੀ ਕੀਤਾ ਹੈ। ਸਮਾਜਿਕ ਪੱਧਰ 'ਤੇ ਹੀ ਨਹੀਂ ਬਲਕਿ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਕੰਮ ਵਾਲੀਆਂ ਥਾਵਾਂ 'ਤੇ ਇਸ ਨਸ਼ੇ ਦਾ ਕਹਿਰ ਵਧ ਰਿਹਾ ਹੈ। ਗੁਆਂਢੀ ਕੈਨੇਡਾ ਅਤੇ ਮੈਕਸਿਕੋ ਦਾ ਵੀ ਇਹੀ ਹਾਲ ਹੈ।

ਇਸ ਨਸ਼ੇ ਨੂੰ ਵੱਡੇ ਪੈਮਾਨੇ 'ਤੇ ਫੈਲਾਉਣ ਅਤੇ ਸਪਲਾਈ ਕਰਨ ਲਈ ਮੁੱਖ ਤੌਰ 'ਤੇ ਜ਼ਿੰਮੇਵਾਰ ਪਰਵਾਸੀ ਹਨ, ਜੋ ਲੱਖਾਂ ਦੀ ਤਾਦਾਦ ਵਿੱਚ ਅਮਰੀਕਾ ਅੰਦਰ ਘੁਸਣ ਲਈ ਸਰਹੱਦਾਂ 'ਤੇ ਡੇਰੇ ਲਾਈ ਬੈਠੇ ਹਨ। ਰਾਸ਼ਟਰਪਤੀ ਜੋਅ ਬਾਇਡਨ ਨੇ ਰਿਪਬਲਿਕਨ ਪਾਰਟੀ ਨਾਲ ਸਬੰਧਿਤ ਕਾਂਗਰਸ ਪ੍ਰਤੀਨਿਧਾਂ ਅਤੇ ਸੈਨੇਟਰਾਂ ਸਿਰ ਦੋਸ਼ ਮੜ੍ਹਿਆ ਕਿ ਉਹ ਸਿੰਥੈਟਿਕ ਨਸ਼ੇ ਰੋਕਣ ਲਈ ਪ੍ਰਤੀਬੱਧ ਨਹੀਂ। ਨਸ਼ਾ ਰੋਕੂ ਸਖਤ ਕਾਨੂੰਨ ਪਾਸ ਕਰਨ ਅਤੇ ਸਖ਼ਤ ਕਦਮ ਚੁੱਕਣ ਲਈ ਸੰਜੀਦਾ ਨਹੀਂ। ਦੂਸਰੇ ਪਾਸੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਬਾਇਡਨ ਪ੍ਰਸ਼ਾਸਨ 'ਤੇ ਦੋਸ਼ ਲਾਉਂਦੇ ਹਨ ਕਿ ਉਨ੍ਹਾਂ ਨੇ ਮੈਕਸਿਕੋ ਸਰਹੱਦ 'ਤੇ ਸੁਰੱਖਿਆ ਦਸਤੇ ਤਾਇਨਾਤ ਕਰਨ ਅਤੇ ਡਰੱਗ ਸਮਗਲਰਾਂ ਲਈ ਮੌਤ ਦੀ ਸਜ਼ਾ ਦਾ ਕਾਨੂੰਨ ਪਾਸ ਕਰਨ ਤੋਂ ਜਾਣਬੁੱਝ ਕੇ ਕੰਨੀ ਕਤਰਾਈ। ਰਿਪਬਲਿਕਨ ਰਾਸ਼ਟਰੀ ਕਮੇਟੀ ਦੇ ਬੁਲਾਰੇ ਨੇ ਦੋਸ਼ ਲਗਾਇਆ ਕਿ ਅਮਰੀਕਾ ਨੂੰ ਅੰਦਰੋਂ ਹੀ ਨਸ਼ੇ ਦਾ ਜ਼ਹਿਰ ਦਿੱਤਾ ਜਾ ਰਿਹਾ ਹੈ। ਅਮਰੀਕਾ ਨੂੰ ਡਰੱਗ ਮੁਕਤ ਸਿਰਫ ਅਤੇ ਸਿਰਫ ਟਰੰਪ ਹੀ ਬਣਾ ਸਕਦਾ ਹੈ।

ਅਮਰੀਕੀ ਇਹ ਵੀ ਮੰਨਦੇ ਹਨ ਕਿ ਮੈਕਸਿਕੋ ਅਤੇ ਕੌਮਾਂਤਰੀ ਡਰੱਗ ਸਰਗਣਿਆਂ ਤੋਂ ਇਲਾਵਾ ਸਿੰਥੈਟਿਕ ਨਸ਼ਾ ਕੈਨੇਡਾ ਤੋਂ ਵੀ ਸਪਲਾਈ ਹੋ ਰਿਹਾ ਹੈ। ਅਮਰੀਕਾ ਅੰਦਰ ਨਸ਼ੀਲੇ ਪਦਾਰਥਾਂ ਨਾਲ ਮੌਤਾਂ ਪੂਰੇ ਦੇਸ਼ ਵਿੱਚ ਹੋ ਰਹੀਆਂ ਹਨ। ਰੈਂਡ ਕਾਰਪੋਰੇਸ਼ਨ ਰਿਪੋਰਟ ਅਨੁਸਾਰ 10 ਵਿੱਚੋਂ 4 ਡਰੱਗ ਓਵਰਡੋਜ਼ ਨਾਲ ਮਰ ਰਹੇ ਹਨ। ਫੈਂਟਾਨਾਈਲ ਦੀ 2 ਮਿਲੀਗ੍ਰਾਮ ਮਾਤਰਾ ਬਹੁਤ ਮਾਰੂ ਹੁੰਦੀ ਹੈ। ਹੈਰਾਨੀ ਹੈ ਕਿ ਹਰ ਗਲੀ ਮੁਹੱਲੇ ਵਿੱਚ ਸਿੰਥੈਟਿਕ ਗੋਲੀ ਦਾ ਰੇਟ ਬਦਲਦਾ ਹੈ। ਮੈਕਸਿਕੋ ਨਾਲ ਲਗਦੇ ਉਨ੍ਹਾਂ ਰਾਜਾਂ ਵਿੱਚ ਫੈਂਟਾਨਾਈਲ ਨਸ਼ੇ ਨਾਲ ਮਰਨ ਵਾਲਿਆਂ ਦੀ ਗਿਣਤੀ ਵੱਧ ਹੈ, ਜੋ ਰਾਸ਼ਟਰਪਤੀ ਚੋਣਾਂ ਵੇਲੇ ਜਿੱਤ-ਹਾਰ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਐਰੀਜ਼ੋਨਾ ਇਸ ਦੀ ਮਿਸਾਲ ਹੈ। ਐਮਰਜੈਂਸੀ ਸੇਵਾਵਾਂ ਅਨੁਸਾਰ, ਰੋਜ਼ਾਨਾ ਦੋ ਫੋਨ ਓਵਰਡੋਜ਼ ਕੇਸਾਂ ਸਬੰਧੀ ਆਉਂਦੇ ਹਨ। ਫੀਨਿਕਸ ਸ਼ਹਿਰ ਦੇ ਪੂਰਬ ਵਿੱਚ 1,86,000 ਲੋਕ ਵਸਦੇ ਹਨ। ਇੱਥੋਂ ਪਿਛਲੇ ਸਾਲ 4-5 ਮਿਲੀਅਨ ਫੈਂਟਾਨਾਈਲ ਗੋਲੀਆਂ ਅਤੇ 140 ਪੌਂਡ ਪਾਊਡਰ ਮਿਲਿਆ, ਜੋ ਸਿਨੋਲੀਆ ਦੇ ਨਸ਼ਾ ਸਰਗਣੇ ਨੇ ਸਪਲਾਈ ਕੀਤੇ ਸਨ। ਟੈਂਪਾ ਪੁਲੀਸ ਸਾਰਜੈਂਟ ਰੌਬ ਫਰੈਰੋ ਦਾ ਮੰਨਣਾ ਹੈ ਕਿ ਇਸ ਖੇਤਰ ਵਿੱਚ ਫੈਂਟਾਨਾਈਲ ਨਸ਼ੇ ਟਰੰਪ ਪ੍ਰਸ਼ਾਸਨ ਦੀਆਂ ਨੀਤੀਆਂ ਕਰ ਕੇ ਫੈਲੇ। ਟਰੰਪ ਚੋਣਾਂ ਜਿੱਤਣ ਲਈ ਕਿਸੇ ਵੀ ਹੱਦ ਤੱਕ ਜਾ ਸਕਦਾ ਹੈ।

ਅਮਰੀਕਾ ਅੰਦਰ ਨਸ਼ੀਲੇ ਪਦਾਰਥਾਂ ਦੀ ਦਾਸਤਾਨ ਬਿਆਨ ਕਰਦੀ ਹੈ ਕਿ ਇਹ ਮਾਨਵਤਾ ਮਾਰੂ ਕਾਰੋਬਾਰ ਤਦੂੰਏ ਵਾਂਗ ਕਿਸ ਕਦਰ ਪੂਰੇ ਵਿਸ਼ਵ ਵਿੱਚ ਫੈਲਿਆ ਹੋਇਆ ਹੈ। ਇਸ ਦੇ ਭਿਆਨਕ ਵਾਰ ਦਾ ਸ਼ਿਕਾਰ ਵਿਸ਼ਵ ਭਰ ਦੀ ਨੌਜਵਾਨ ਪੀੜ੍ਹੀ ਹੈ ਅਤੇ ਇਸ ਲਈ ਪ੍ਰਮੁੱਖ ਤੌਰ 'ਤੇ ਦੋਸ਼ੀ ਸੱਤਾ ਤੇ ਧਨ-ਦੌਲਤ ਮੋਹ, ਅਸੀਮ ਸ਼ਕਤੀਆਂ, ਐਸ਼ੋ-ਇਸ਼ਰਤ ਵਾਲੀ ਰਾਜਨੀਤੀ ਹੈ। ਇਨ੍ਹਾਂ ਨੂੰ ਕੌਣ ਸਮਝਾਵੇ ਕਿ ਰਾਜਨੀਤੀ ਰਾਜਨੇਤਾਵਾਂ ਲਈ ਨਹੀਂ, ਨੌਜਵਾਨਾਂ ਦਾ ਭਵਿੱਖ ਸੰਵਾਰਨ ਲਈ ਹੋਣੀ ਚਾਹੀਦੀ ਹੈ।

## ਜੰਗ ਖਿਲਾਫ ਕੌਮਾਂਤਰੀ ਆਮ ਰਾਏ ਮਜਬੂਤ ਹੋਣ ਲੱਗੀ

*ਸਫਾ ਇੱਕ ਦੀ ਬਾਕੀ ⇒*

ਹਮਲੇ ਹੀ ਜਾਰੀ ਰੱਖ ਰਿਹਾ ਹੈ। ਇਹ ਵੀ ਸਪਸ਼ਟ ਹੀ ਹੈ ਕਿ ਪੈਸੇ ਅਤੇ ਤਕਨੀਕੀ ਉਤਮਤਾ ਦੇ ਮਾਮਲੇ ਵਿੱਚ ਇਜ਼ਰਾਇਲ ਦਾ ਕੋਈ ਸਾਨੀ ਨਹੀਂ ਹੈ।

ਇਸ ਦੇ ਬਾਵਜੂਦ ਜੰਗ ਸ਼ੁਰੂ ਹੋਈ ਨੂੰ ਇੱਕ ਸਾਲ ਹੋ ਗਿਆ ਹੈ, ਫਿਰ ਵੀ ਇਜ਼ਰਾਇਲ ਹਮਾਸ ਕੋਲੋਂ ਆਪਣੇ ਸਾਰੇ ਬੰਧਕ ਰਿਹਾ ਨਹੀਂ ਕਰਵਾ ਸਕਿਆ। 100 ਦੇ ਕਰੀਬ ਇਜ਼ਰਾਇਲੀ ਬੰਧਕ ਹਾਲੇ ਵੀ ਹਮਾਸ ਦੀ ਗ੍ਰਿਫਤ ਵਿੱਚ ਹਨ। ਕਤਰ, ਮਿਸਰ ਅਤੇ ਅਮਰੀਕਾ ਦੀ ਵਿਚੋਲਗੀ ਨਾਲ ਹੋਈਆਂ ਬਹੁਤ ਸਾਰੀਆਂ ਸਾਂਤੀ ਵਾਰਤਾਵਾਂ ਫੇਲ੍ਹ ਹੋ ਗਈਆਂ। ਹਮਾਸ ਮੁਕੰਮਲ ਤੌਰ 'ਤੇ ਜੰਗ ਬੰਦ ਕਰਨ ਦੀ ਮੰਗ ਕਰ ਰਿਹਾ ਹੈ ਅਤੇ ਇਜ਼ਰਾਇਲ ਸਾਰੇ ਬੰਧਕਾਂ ਨੂੰ ਇਕੋ ਸੱਟੇ ਰਿਹਾਅ ਕਰਨ ਦੀ ਮੰਗ 'ਤੇ ਅੜਿਆ ਹੋਇਆ ਹੈ। ਯੂਨਾਈਟਿਡ ਨੇਸ਼ਨ ਸਿਕਿਉਰਿਟੀ ਕੌਂਸਲ ਵਿੱਚ ਇਜ਼ਰਾਇਲ ਵਿਰੁਧ ਲਿਆਂਦੇ ਗਏ ਕਈ ਮਤੇ ਅਮਰੀਕਾ ਨੇ ਵੀਟੋ ਕਰ ਦਿੱਤੇ। ਸਿਰਫ ਮਾਨਵੀ ਸਹਾਇਤਾ ਪਹੁੰਚਾਉਣ ਵਾਲੇ ਮਤੇ ਨੂੰ ਹੀ ਅਮਰੀਕਾ ਨੇ ਪਾਸ ਹੋਣ ਦਿੱਤਾ ਸੀ।

ਅਮਰੀਕਾ ਉਂਝ ਲਗਾਤਾਰ ਇਜ਼ਰਾਇਲ ਦਾ ਪੱਖ ਪੂਰ ਰਿਹਾ ਹੈ। ਅਮਰੀਕਾ ਨੇ ਇੱਕ ਪਾਸੇ ਤਾਂ ਫਲਿਸਤੀਨੀਆਂ 'ਤੇ ਸੁੱਟਣ ਲਈ ਇਜ਼ਰਾਇਲ ਨੂੰ ਬਾਰੂਦ ਦਿੱਤਾ ਅਤੇ ਨਾਲ ਹੀ ਆਮ ਨਾਗਰਿਕਾਂ ਲਈ ਰਾਹਤ ਭੇਜਣ ਦੀ ਰਸਮ ਵੀ ਨਿਭਾਉਂਦਾ ਰਿਹਾ। ਕਈ ਮੌਕਿਆਂ 'ਤੇ ਇਜ਼ਰਾਇਲ ਅਮਰੀਕਾ ਦੀਆਂ ਹਦਾਇਤਾਂ ਦੀ ਉਲੰਘਣਾ ਕਰਦਾ ਵੀ ਨਜ਼ਰ ਆਇਆ। ਇਜ਼ਰਾਇਲ ਨੇ ਪਹਿਲਾਂ ਤਾਂ ਇਰਾਨ ਵਿੱਚ ਹਮਾਸ ਦੇ ਇੱਕ ਸੀਨੀਅਰ ਆਗੂ ਇਸਮਾਇਲ ਹਾਨੀਆ ਨੂੰ ਮਾਰ ਦਿੱਤਾ ਅਤੇ ਬਾਅਦ ਵਿੱਚ ਲੈਬਨਾਨ ਵਿੱਚ ਹਿਜ਼ਬੁੱਲਾ ਦੇ ਮੁਖੀ ਹਸਨ ਨਸਰੁੱਲਾ ਅਤੇ ਉਨ੍ਹਾਂ ਦੇ ਉਪ ਮੁਖੀ ਸਮੇਤ ਬਹੁਤ ਸਾਰੇ ਕਾਰਕੁੰਨ ਵੀ ਮਾਰ ਦਿੱਤੇ। ਹਸਨ ਨਸਰੁੱਲਾ ਹਿਜ਼ਬੁੱਲਾ ਦਾ ਫਾਊਂਡਰ ਮੈਂਬਰ ਸੀ। ਉਸ ਨੇ ਤਕਰੀਬਨ ਬੀਤੇ ਤਿੰਨ ਦਹਾਕੇ ਇਸ ਸੰਗਠਨ ਦੀ ਅਗਵਾਈ ਕੀਤੀ। ਉਸ ਨੇ ਹਿਜ਼ਬੁੱਲਾ ਨੂੰ ਇੱਕ ਖਾੜਕੂ ਸੰਗਠਨ ਤੋਂ ਫੌਜੀ ਤਾਕਤ ਵਿੱਚ ਵਿਕਸਤ ਕਰਨ 'ਚ ਅਹਿਮ ਭੂਮਿਕਾ ਨਿਭਾਈ। ਬੀਤੀ 29 ਸਤੰਬਰ ਨੂੰ ਹਿਜ਼ਬੁੱਲਾ ਦਾ ਡਿਪਟੀ ਕਮਾਂਡਰ ਨਬੀਲ ਕਾਕ ਵੀ ਮਾਰਿਆ ਗਿਆ। ਉਹ ਵੀ ਇਸ ਸੰਗਠਨ ਦਾ ਫਾਊਂਡਰ ਮੈਂਬਰ ਸੀ। ਇਸੇ ਤਰ੍ਹਾਂ ਹਿਜ਼ਬੁੱਲਾ ਦਾ ਇੱਕ ਹੋਰ ਸੀਨੀਅਰ ਕਮਾਂਡਰ ਅਲੀ ਕਾਰਾਕੀ ਵੀ ਇਜ਼ਰਾਇਲ ਵੱਲੋਂ ਕੀਤੇ ਗਏ ਹਵਾਈ ਹਮਲੇ ਵਿੱਚ ਮਾਰਿਆ ਗਿਆ ਹੈ।

ਇਸ ਦਰਮਿਆਨ ਇਰਾਨ ਵੱਲੋਂ ਪਹਿਲੀ ਅਕਤੂਬਰ ਦੀ ਰਾਤ ਨੂੰ ਇਜ਼ਰਾਇਲ 'ਤੇ 200 ਮਿਜ਼ਾਈਲਾਂ ਦਾਗੀਆਂ ਗਈਆਂ, ਜਿਨ੍ਹਾਂ ਵਿੱਚ ਸੁਪਰਸੋਨਿਕ ਮਿਜ਼ਾਈਲਾਂ ਵੀ ਸ਼ਾਮਲ ਸਨ, ਜਿਹੜੀਆਂ ਇਜ਼ਰਾਇਲ ਦੀ ਹਵਾਈ ਸੁਰੱਖਿਆ ਨੂੰ ਭੇਦ ਕੇ ਉਸ ਦੇ ਫੌਜੀ ਟਿਕਾਣਿਆਂ ਉਪਰ ਡਿੱਗੀਆਂ। ਕੁਝ ਮਿਜ਼ਾਈਲਾਂ ਇਸ ਮੁਲਕ ਦੀ ਖੁਫੀਆ ਏਜੰਸੀ ਅਤੇ ਪ੍ਰਾਈਮ ਮਨਿਸਟਰ ਦੇ ਦਫਤਰ ਲਾਗੇ ਵੀ ਡਿੱਗੀਆਂ ਦੱਸੀਆਂ ਜਾਂਦੀਆਂ ਹਨ। ਇਨ੍ਹਾਂ ਮਿਜ਼ਾਈਲਾਂ ਦੇ ਡਿੱਗਣ ਬਾਅਦ ਇਜ਼ਰਾਈਲ ਵੀ ਉਸੇ ਤਰ੍ਹਾਂ ਹੱਕਾ-ਬੱਕਾ ਰਹਿ ਗਿਆ, ਜਿਸ ਤਰ੍ਹਾਂ ਖੁਦ ਇਸ ਮੁਲਕ ਨੇ ਪੇਜ਼ਰ ਹਮਲਿਆਂ ਦੇ ਜ਼ਰੀਏ ਹਿਜ਼ਬੁੱਲਾ ਨੂੰ ਕੀਤਾ ਸੀ। ਇਰਾਨ ਵੱਲੋਂ ਇਹ ਹਮਲਾ ਆਪਣੇ ਸੀਨੀਅਰ ਆਗੂ ਆਇਤੁੱਲਾ ਅਲੀ ਖੁਮੇਨੀ ਦੇ ਹੁਕਮ 'ਤੇ ਕੀਤਾ ਗਿਆ। ਇਰਾਨ ਦੇ ਰੈਵੋਲਿਊਸ਼ਨਰੀ ਗਾਰਡਜ਼ ਨੇ ਧਮਕੀ ਦਿੱਤੀ ਕਿ ਜੇ ਇਜ਼ਰਾਇਲ ਵੱਲੋਂ ਬਦਲੇ ਦੀ ਕਾਰਵਾਈ ਕੀਤੀ ਗਈ ਤਾਂ ਇਰਾਨ ਵਧੇਰੇ ਮਾਰੂ ਹਮਲਾ ਕਰ ਸਕਦਾ। ਇਰਾਨ ਵੱਲੋਂ ਕੀਤੇ ਗਏ ਇਸ ਹਮਲੇ ਦੀ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਤੇ ਉਨ੍ਹਾਂ ਦੀ ਹੀ ਪਾਰਟੀ ਵੱਲੋਂ ਅਗਲੇ ਰਾਸ਼ਟਰਪਤੀ ਲਈ ਚੋਣ ਲੜ ਰਹੀ ਕਮਲਾ ਹੈਰਿਸ ਅਤੇ ਡੋਨਾਲਡ ਟਰੰਪ- ਤਿੰਨਾਂ ਵੱਲੋਂ ਨਿਖੇਧੀ ਕੀਤੀ ਗਈ। ਜਰਮਨੀ ਅਤੇ ਫਰਾਂਸ ਜਿਹੇ ਮੁਲਕਾਂ ਨੇ ਇਸ ਦੌਰਾਨ ਸ਼ਾਂਤੀ ਵਾਰਤਾ ਨੂੰ ਅੱਗੇ ਤੋਰਨ ਅਤੇ ਅਮਨ ਅਮਾਨ ਕਾਇਮ ਕਰਨ ਦੀ ਵਕਾਲਤ ਕੀਤੀ। ਬਰਤਾਨੀਆ ਨੇ ਵੀ ਇਰਾਨੀ ਮਿਜ਼ਾਈਲ ਹਮਲੇ ਦਾ ਵਿਰੋਧ ਕੀਤਾ ਹੈ।

ਵੱਡੀਆਂ ਤਾਕਤਾਂ ਦੇ ਵਰਜਣ ਦੇ ਬਾਵਜੂਦ ਇਜ਼ਰਾਇਲ ਵੱਲੋਂ ਇਰਾਨ ਉਪਰ ਮੋੜਵਾਂ ਹਮਲਾ ਕਰਨ ਦੀ ਧਮਕੀ ਦਿੱਤੀ ਗਈ ਹੈ। ਇਜ਼ਰਾਇਲ ਦੇ ਪ੍ਰਧਾਨ ਮੰਤਰੀ ਬੇਂਜਾਮਿਨ ਨੇਤਨਯਾਹ ਨੇ ਇਰਾਨੀ ਹਮਲੇ ਤੋਂ ਬਾਅਦ ਚਿਤਾਵਨੀ ਦਿੰਦਿਆਂ ਕਿਹਾ ਕਿ ਇਰਾਨ ਨੇ ਵੱਡੀ ਗਲਤੀ ਕੀਤੀ ਹੈ ਅਤੇ ਉਸ ਨੂੰ ਇਸ ਦੀ ਕੀਮਤ ਚੁਕਾਉਣੀ ਪਵੇਗੀ। ਅਮਰੀਕਾ ਦੇ ਮੌਜੂਦਾ ਰਾਸ਼ਟਰਪਤੀ ਜੋਅ ਬਾਇਡਨ ਨੇ ਇਜ਼ਾਰਈਲ ਨੂੰ ਇਰਾਨ ਦੇ ਪ੍ਰਮਾਣੂ ਟਿਕਾਣਿਆਂ ਅਤੇ ਤੇਲ ਡਿਪੂਆਂ 'ਤੇ ਹਮਲੇ ਕਰਨ ਤੋਂ ਵਰਜ ਦਿੱਤਾ। ਨੇੜੇ ਆ ਰਹੀ ਅਮਰੀਕੀ ਰਾਸ਼ਟਰਪਤੀ ਦੀ ਚੋਣ ਲੜ ਰਹੇ ਕਨਜ਼ਰਵੇਟਿਵ ਆਗੂ ਡੋਨਾਲਡ ਟਰੰਪ ਨੇ ਚੱਕਵਾਂ ਬਿਆਨ ਦਿੱਤਾ। ਉਸ ਨੇ ਕਿਹਾ ਕਿ ਇਜ਼ਰਾਇਲ ਨੂੰ ਇਰਾਨ ਦੇ ਪ੍ਰਮਾਣੂ ਟਿਕਾਣਿਆਂ 'ਤੇ ਹਮਲੇ ਕਰਨੇ ਚਾਹੀਦੇ ਹਨ। ਅਮਰੀਕੀ ਰਾਜਨੀਤੀ ਦੇ ਜਾਣਕਾਰਾਂ ਦਾ ਮੰਨਣਾ ਹੈ ਕਿ ਟਰੰਪ ਦਾ ਇਹ ਬਿਆਨ ਅਸਲ ਵਿੱਚ ਯਹੂਦੀਆਂ ਦੀ ਅਮਰੀਕਾ ਵਿੱਚ ਵੱਸਦੀ ਤਾਕਤਵਰ ਲੌਬੀ ਨੂੰ ਆਪਣੇ ਪੱਖ ਵਿੱਚ ਕਰਨ ਦਾ ਚੋਣ ਸਟੰਟ ਹੈ। ਇਰਾਨ ਦੀ ਹਮਾਇਤ ਪ੍ਰਾਪਤ ਹਮਾਸ ਤੇ ਹਿਜ਼ਬੁੱਲਾ ਦੇ ਆਗੂਆਂ ਨੂੰ ਉਨ੍ਹਾਂ ਦੇ ਰਿਹਾਇਸ਼ੀ ਅਤੇ ਕੰਮਕਾਜ਼ੀ ਟਿਕਾਣਿਆਂ 'ਤੇ ਮਾਰਨ ਅਤੇ ਕਮਿਊਨੀਕੇਸ਼ਨ ਦੇ ਇਲੈਕਟ੍ਰਾਨਿਕ ਸਾਧਨ ਪੇਜ਼ਰਾਂ ਨੂੰ ਧਮਾਕਾ ਸਮਗਰੀ ਵਜੋਂ ਵਰਤ ਕੇ ਇਜ਼ਰਾਇਲ ਦੀ ਖੁਫੀਆ ਏਜੰਸੀ ਮੋਸਾਦ ਨੇ ਦੁਨੀਆਂ ਦੀਆਂ ਗੁਪਤਚਰ ਏਜੰਸੀਆਂ ਵਿੱਚ ਆਪਣੀ ਸੁਪਰਮੇਸੀ ਮੁੜ ਸਥਾਪਤ ਕਰਨ ਦਾ ਯਤਨ ਕੀਤਾ। ਪਿਛਲੇ ਸਾਲ ਸੱਤ ਅਕਤੂਬਰ ਦੇ ਹਮਲੇ ਤੋਂ ਬਾਅਦ ਇਸ ਸੰਸਥਾ ਦੀ ਸਮਰੱਥਾ 'ਤੇ ਸਵਾਲ ਉਠਣੇ ਸ਼ੁਰੂ ਹੋ ਗਏ ਸਨ।

ਯਾਦ ਰਹੇ, ਹਮਾਸ ਦੇ ਫੌਜੀ ਵਿੰਗ ਅਤੇ ਇਸਲਾਮਿਕ ਜਹਾਦੀਆਂ ਵੱਲੋਂ ਇਜ਼ਰਾਇਲ ਦੀ ਸਰਹੱਦ ਦੇ ਅੰਦਰ ਜਾ ਕੇ ਬੀਤੇ ਵਰ੍ਹੇ 7 ਅਕਤੂਬਰ ਨੂੰ ਇੱਕ ਮੇਲੇ ਵਰਗੇ (ਫੈਸਟੀਵਲ) ਮਾਹੌਲ 'ਤੇ ਕੀਤੇ ਗਏ ਹਮਲੇ ਵਿੱਚ 1200 ਦੇ ਕਰੀਬ ਲੋਕ ਮਾਰੇ ਗਏ, ਜਿਨ੍ਹਾਂ ਵਿੱਚੋਂ 750 ਆਮ ਨਾਗਰਿਕ ਸਨ। ਇਸ ਤੋਂ ਇਲਾਵਾ 7500 ਲੋਕ ਜ਼ਖਮੀ ਹੋ ਗਏ ਸਨ ਅਤੇ 251 ਨੂੰ ਹਮਲਾਵਰਾਂ ਵੱਲੋਂ ਬੰਧਕ ਬਣਾ ਲਿਆ ਗਿਆ ਸੀ। ਇਸ ਹਮਲੇ ਤੋਂ ਬਾਅਦ ਤਕਰੀਬਨ ਪੂਰੀ ਦੁਨੀਆਂ ਨੇ ਹਮਾਸ ਦੇ ਹਥਿਆਰਬੰਦ ਹਮਲਾਵਰਾਂ ਦੇ ਇਸ ਕਾਰੇ ਨੂੰ ਨਿੰਦਿਆ ਸੀ, ਪਰ ਇਸ ਘਟਨਾ ਤੋਂ ਬਾਅਦ ਇਜ਼ਰਾਇਲ ਵੱਲੋਂ ਗਾਜ਼ਾ ਪੱਟੀ ਉਪਰ ਕੀਤੇ ਗਏ ਫੌਜੀ ਹਮਲੇ ਦੀ ਭਿਆਨਕਤਾ ਨੇ ਹਮਾਸ ਦੇ ਹਮਲੇ ਦੀ ਬਰਬਰਤਾ ਨੂੰ ਨਿਗੁਣਾ ਬਣਾ ਦਿੱਤਾ ਹੈ। ਇਸ ਕਾਰਵਾਈ ਵਿੱਚ 40,000 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ ਹੈ, ਜਿਨ੍ਹਾਂ ਵਿੱਚ ਵੱਡੀ ਗਿਣਤੀ ਵਿੱਚ ਔਰਤਾਂ ਅਤੇ ਬੱਚੇ ਸ਼ਾਮਲ ਹਨ। ਗਾਜ਼ਾ ਪੱਟੀ ਵਿੱਚ ਵੱਸਦੇ ਲੋਕਾਂ ਦੀਆਂ 75 ਫੀਸਦੀ ਇਮਾਰਤਾਂ ਮਲਬੇ ਦਾ ਢੇਰ ਬਣਾ ਦਿੱਤੀਆਂ ਗਈਆਂ ਹਨ। ਇਸ ਤੋਂ ਇਲਾਵਾ ਹਸਪਤਾਲਾਂ, ਰਫਿਊਜ਼ੀਆਂ ਲਈ ਬਣੀਆਂ ਪਨਾਹਗਾਹਾਂ, ਸਕੂਲਾਂ, ਮਸਜਿਦਾਂ, ਚਰਚਾਂ ਆਦਿ ਨੂੰ ਵੀ ਨਿਸ਼ਾਨਾ ਬਣਾਇਆ ਗਿਆ। ਵਾਰ-ਵਾਰ ਉਜੜੇ ਫਲਿਸਤੀਨੀ ਲੋਕਾਂ ਦੇ ਵਸੇਬੇ ਦਾ ਇਹ ਛੋਟਾ ਜਿਹਾ ਇਲਾਕਾ, ਜਿਸ ਦੀ ਪਹਿਲਾਂ ਹੀ ਇਜ਼ਰਾਇਲ ਵੱਲੋਂ ਨਾਕਾਬੰਦੀ ਕੀਤੀ ਹੋਈ ਸੀ, ਨਰਕ ਸਮਾਨ ਹੋ ਗਿਆ। ਮਨੁੱਖੀ ਆਬਾਦੀ ਲਈ ਢੰਗ ਨਾਲ ਜੀਣਯੋਗ ਆਧਾਰ ਢਾਂਚਾ ਇਜ਼ਰਾਇਲੀ ਹਮਲਿਆਂ ਨੇ ਬਰਬਾਦ ਕਰ ਦਿੱਤਾ ਹੈ। ਤਕਰੀਬਨ ਸਾਰੀ ਫਲਿਸਤੀਨੀ ਆਬਾਦੀ ਯੂਨਾਈਟਿਡ ਨੇਸ਼ਨਜ਼ ਅਤੇ ਹੋਰ ਕੌਮਾਂਤਰੀ ਸੰਸਥਾਵਾਂ ਵੱਲੋਂ ਭੇਜੀ ਜਾ ਰਹੀ ਖੈਰਾਤ 'ਤੇ ਜੀ ਰਹੀ ਹੈ। ਨਾ ਪੀਣ ਲਈ ਸਾਫ ਪਾਣੀ ਹੈ, ਨਾ ਚੱਜ ਦੀ ਰੋਟੀ। ਕੌਮਾਂਤਰੀ ਸੰਸਥਾਵਾਂ ਵੱਲੋਂ ਭੇਜੀ ਜਾਂਦੀ ਰਾਹਤ ਸਮੱਗਰੀ ਨੂੰ ਵੀ ਇਜ਼ਰਾਇਲੀ ਫੌਜ ਵੱਲੋਂ ਡਾਹੀਆਂ ਜਾਂਦੀਆਂ ਰੋਕਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

## ਏਸ਼ੀਆ ਦਾ ਮੋਹੜੀ ਗੱਡ ਅਥਲੀਟ ਭਗਤੇ ਵਾਲਾ ਪ੍ਰਦੁੱਮਣ ਸਿੰਘ

ਕੀਤੀਆਂ ਪ੍ਰਾਪਤੀਆਂ ਬਦਲੇ ਪ੍ਰਦੁੱਮਣ ਵੱਡੀ ਉਮਰੇ ਆਪਣੇ ਪੋਤੇ ਦੇ ਸਹਾਰੇ ਨਾਲ ਅਰਜੁਨਾ ਐਵਾਰਡ ਹਾਸਲ ਕਰਨ ਗਿਆ। ਮਿਲਖਾ ਸਿੰਘ ਨੇ ਇੱਕ ਵਾਰ ਉਸ ਦੀ ਹਸਪਤਾਲ ਦਾਖਲ ਮੌਕੇ ਮੱਦਦ ਕੀਤੀ ਅਤੇ ਪ੍ਰਦੁੱਮਣ ਨੂੰ ਸਤਿਕਾਰ ਨਾਲ 'ਦਾਦਾ' ਆਖਣ ਵਾਲੇ ਗੁਰਬਚਨ ਸਿੰਘ ਰੰਧਾਵਾ ਨੇ 1990 ਵਿੱਚ ਭਾਰਤ ਸਰਕਾਰ ਤੋਂ ਉਸ ਦੀ ਪੈਨਸ਼ਨ ਲਵਾਈ, ਜਿਸ ਨਾਲ ਉਸ ਵੇਲੇ ਆਪਣੀ ਪੋਤੀ ਦੇ ਵਿਆਹ ਲਈ ਪ੍ਰਦੁੱਮਣ ਨੂੰ ਵੱਡਾ ਸਹਾਰਾ ਮਿਲਿਆ। ਪ੍ਰਦੁੱਮਣ ਬਾਰੇ ਗੁਰਬਚਨ ਸਿੰਘ ਰੰਧਾਵਾ ਇੱਕ ਕਿੱਸਾ ਸਾਂਝਾ ਕਰਦੇ ਦੱਸਦੇ ਹਨ ਕਿ ਸ੍ਰੀ ਕੈਂਟੀਰਾਵਾ ਸਟੇਡੀਅਮ ਬੰਗਲੌਰ ਵਿਖੇ ਲੱਗੇ ਭਾਰਤੀ ਕੈਂਪ ਦੌਰਾਨ ਉਹ ਅਤੇ ਪ੍ਰਦੁੱਮਣ ਕਬਨ ਪਾਰਕ ਵਿੱਚ ਜੂਸ ਪੀਣ ਜਾਇਆ ਕਰਦੇ ਸਨ। ਪ੍ਰਦੁੱਮਣ ਬੇਹਿਸਾਬਾ ਜੂਸ ਪੀਂਦਾ ਸੀ, ਅੰਦਾਜ਼ਨ ਇੱਕੋ ਸਮੇਂ 10-15 ਗਿਲਾਸ ਤਾਂ ਪੀ ਹੀ ਜਾਂਦਾ ਸੀ। ਜੂਸ ਵਾਲੇ ਨਾਲੋਂ ਪ੍ਰਦੁੱਮਣ ਖੁਦ ਹੀ ਗਿਲਾਸਾਂ ਦਾ ਹਿਸਾਬ ਰੱਖਦਾ।

ਪ੍ਰਦੁੱਮਣ ਜਦੋਂ ਬਿਮਾਰ ਘਰੇ ਪਿਆ ਸੀ ਤਾਂ ਇੱਕ ਵਾਰ ਉਸ ਦਾ ਪੋਤਾ ਭਗਤੇ ਕਬੱਡੀ ਕੱਪ ਵਿੱਚ ਹਰਜੀਤ ਬਾਜਾਖਾਨਾ ਦੀ ਖੇਡ ਤੋਂ ਪ੍ਰਭਾਵਿਤ ਹੋਇਆ ਘਰੇ ਸੋਹਲੇ ਗਾ ਰਿਹਾ ਸੀ। ਅੱਗੋਂ ਪ੍ਰਦੁੱਮਣ ਬੋਲਿਆ, "ਅੱਜ ਬੈਠਾ ਹੀ ਮੰਜੇ 'ਤੇ ਆਂ, ਜੇ ਹੁੰਦਾ ਗਰਾਊਂਡ ਵਿੱਚ ਮੈਂ ਵੀ ਦੱਸ ਦਿੰਦਾ।" ਫੇਰ ਪ੍ਰਦੁੱਮਣ ਆਪਣੇ ਪੱਟ ਉਤੇ ਬਣੀ ਮੋਰਨੀ ਅਤੇ ਫੁੱਲ ਨੂੰ ਦੇਖ ਕੇ ਝੂਰਦਾ ਹੋਇਆ ਆਖਦਾ ਕਿ ਮੋਰਨੀ ਟੇਢੀ ਹੋ ਗਈ। ਫੇਰ ਉਹ ਆਪਣੇ ਪੋਤੇ ਨੂੰ ਆਖਦਾ, "ਦਰਸ਼ਨਾ ਭੁੱਖੀ ਮਰ ਗਈ ਮੋਰਨੀ, ਹੁਣ ਟੈਮ ਨੇੜੇ ਆ ਗਿਆ ਜਾਣ ਦਾ।" ਦੋਵੇਂ ਦਾਦਾ-ਪੋਤਾ ਆਥਣੇ ਮੰਜਾ ਡਾਹ ਕੇ ਬੈਠ ਜਾਂਦੇ ਅਤੇ ਫੇਰ ਘੰਟਿਆਂ ਬੱਧੀ ਪ੍ਰਦੁੱਮਣ ਨੇ ਆਪਣੇ ਕਿੱਸੇ ਸੁਣਾਈ ਜਾਣਾ। ਆਖਰੀ ਵੇਲੇ ਉਹ ਆਦੇਸ਼ ਮੈਡੀਕਲ ਹਸਪਤਾਲ ਭੂਚੋ ਮੰਡੀ ਵਿਖੇ ਦਾਖਲ ਸੀ, ਜਿੱਥੇ ਉਸ ਵੇਲੇ ਦੇ ਬਠਿੰਡਾ ਦੇ ਡਿਪਟੀ ਕਮਿਸ਼ਨਰ ਰਾਹੁਲ ਭੰਡਾਰੀ ਨੇ ਜ਼ੇਰੇ ਇਲਾਜ ਪ੍ਰਦੁੱਮਣ ਦੀ ਮਦਦ ਕੀਤੀ। ਹਾਦਸਿਆਂ, ਅਧਰੰਗ ਦੀ ਬਿਮਾਰੀ ਨਾਲ ਜੂਝਦਿਆਂ ਅੰਤ 22 ਮਾਰਚ 2007 ਨੂੰ ਪ੍ਰਦੁੱਮਣ ਸਾਨੂੰ ਅਲਵਿਦਾ ਆਖ ਗਿਆ।

ਪ੍ਰਦੁੱਮਣ ਰਾਜਗੜ੍ਹ ਕੁੱਬੇ ਵਿਆਹਿਆ ਸੀ। ਉਸ ਦੇ ਇੱਕੋ ਬੇਟਾ ਭੁਪਿੰਦਰ ਸਿੰਘ ਸੀ, ਜੋ ਕਿ ਅਕਾਲੀਆ ਪਿੰਡ ਵਿਆਹਿਆ ਸੀ। ਪ੍ਰਦੁੱਮਣ ਦਾ ਇੱਕ ਪੋਤਰਾ ਸੁਖਦਰਸ਼ਨ ਸਿੰਘ ਅਤੇ ਦੋ ਪੋਤਰੀਆਂ ਕਰਮਜੀਤ ਕੌਰ ਤੇ ਦਲਜੀਤ ਕੌਰ ਹਨ। ਪੋਤਰਾ ਸੁਖਦਰਸ਼ਨ ਸਿੰਘ ਗੋਲਾ ਸੁੱਟਣ ਵਿੱਚ ਜ਼ਿਲ੍ਹੇ ਦਾ ਚੈਂਪੀਅਨ ਰਿਹਾ, ਪਰ ਅੱਗੇ ਜਾ ਕੇ ਖੇਡ ਜਾਰੀ ਨਹੀਂ ਰੱਖ ਸਕਿਆ। ਪ੍ਰਦੁੱਮਣ ਦੇ ਦੋ ਪੜਪੋਤਰੇ- ਪ੍ਰਿੰਸਪ੍ਰੀਤ ਸਿੰਘ ਤੇ ਯਸ਼ਰਾਜ ਸਿੰਘ ਹਨ। ਬਠਿੰਡਾ ਜ਼ਿਲ੍ਹੇ ਨੂੰ ਮਾਣ ਹੈ ਕਿ ਪ੍ਰਦੁੱਮਣ ਸਿੰਘ ਦੇ ਰੂਪ ਵਿੱਚ ਦੇਸ਼ ਨੂੰ ਵੱਡਾ ਖਿਡਾਰੀ ਦਿੱਤਾ। ਜ਼ਿਲ੍ਹਾ ਖੇਡ ਅਫਸਰ ਬਠਿੰਡਾ ਦੇ ਦਫਤਰ ਵਿੱਚ ਪ੍ਰਦੁੱਮਣ ਸਿੰਘ ਦੀ ਤਸਵੀਰ ਲੱਗੀ ਹੈ, ਜਿਸ ਨੂੰ ਵੇਖ ਕੇ ਉਸ ਦੀਆਂ ਗੱਲਾਂ ਕਰਨ ਬਾਰੇ ਜਦੋਂ ਉਸ ਬਾਰੇ ਪੁੱਛਦੇ ਹਨ ਤਾਂ ਦੁੱਖ ਵੀ ਹੁੰਦਾ ਹੈ ਕਿ ਅਜੋਕੀ ਪੀੜ੍ਹੀ ਸਾਡੇ ਇੱਡੇ ਵੱਡੇ ਖਿਡਾਰੀ ਨੂੰ ਨਹੀਂ ਜਾਣਦੀ। ਮਿਲਖਾ ਸਿੰਘ, ਕੌਰ ਸਿੰਘ ਵਾਂਗ ਪ੍ਰਦੁੱਮਣ ਸਿੰਘ ਦੇ ਜੀਵਨ ਉਪਰ ਵੀ ਫਿਲਮ ਬਣਨੀ ਚਾਹੀਦੀ ਹੈ।

ਵੰਡ ‘47 ਦੀ

ਕਿਸ਼ਤ ਚੌਥੀ


## ਸੰਤਾਲੀ ਮੌਕੇ ਵੱਖਰਾ ਸਿੱਖ ਮੁਲਕ ਨਾ ਬਣ ਸਕਣ ਦੀ ਅਸਲੀਅਤ ਕੀ ਹੈ?

# ਵੱਲਭ ਭਾਈ ਪਟੇਲ ਨੇ ਵੰਡ ਦੇ ਹੱਕ ’ਚ ਲਾਬਿੰਗ ਕੀਤੀ!

***1947 ਦੇ ਮੁਲਕੀ ਵੰਡ-ਵੰਡਾਰੇ ਦੇ ਦੁਖਾਂਤ ਲਈ ਅਸਲ ਕਾਰਨ ਕੀ ਬਣੇ ਜਾਂ ਕਿਸ ਤਰ੍ਹਾਂ ਪ੍ਰਸਥਿਤੀਆਂ ਪੈਦਾ ਹੁੰਦੀਆਂ ਗਈਆਂ; ਜਾਂ ਇਸ ਸਭ ਲਈ ਅਸਲ ਦੋਸ਼ੀ ਕੌਣ ਸਨ? ਬਾਰੇ ਲਿਖਿਆ ਹਥਲਾ ਲੇਖ ਬਹੁਤ ਧਿਆਨ ਮੰਗਦਾ ਹੈ। ‘ਮੁਲਕ ਦੀ ਵੰਡ ਦੇ ਬੀਜ’ ਦੇ ਇਰਦ-ਗਿਰਦ ਜੁੜਦੀਆਂ ਗਈਆਂ ਜਾਂ ਪੈਦਾ ਕੀਤੀਆਂ ਗਈਆਂ ਘਟਨਾਵਾਂ ਦੇ ਪਰਿਪੇਖ ਵਿੱਚ ਵੱਖਰੇ ਕੋਣ ਤੋਂ ਨਜ਼ਰੀਆ ਜਾਹਰ ਕੀਤਾ ਗਿਆ ਹੈ। ਲੇਖਕ ਦੇ ਵਿਚਾਰਾਂ ਨਾਲ ‘ਪੰਜਾਬੀ ਪਰਵਾਜ਼’ ਦਾ ਸਹਿਮਤ ਹੋਣਾ ਜਾਂ ਨਾ ਹੋਣਾ ਜ਼ਰੂਰੀ ਨਹੀਂ, ਪਰ ਇਸ ਮਾਮਲੇ ਬਾਰੇ ਅਸੀਂ ਇਹ ਲੇਖ ਪਾਠਕਾਂ ਦੀ ਕਚਹਿਰੀ ਵਿੱਚ ਪੇਸ਼ ਕਰ ਰਹੇ ਹਾਂ, ਜਿਸ ਵਿੱਚ ‘1947 ਦੀ ਵੰਡ ਮੌਕੇ ਵੱਖਰਾ ਸਿੱਖ ਮੁਲਕ ਨਾ ਬਣ ਸਕਣ ਦੀ ਅਸਲੀਅਤ ਕੀ ਹੈ?’ ਉਤੇ ਵੀ ਚਰਚਾ ਕੀਤੀ ਗਈ ਹੈ। ਪੇਸ਼ ਹੈ, ’47 ਦੀ ਵੰਡ ਬਾਬਤ ਲੰਮੇ ਲੇਖ ਦੀ ਚੌਥੀ ਕਿਸ਼ਤ, ਜਿਸ ਵਿੱਚ ਵੰਡ ਦੇ ਹੱਕ ਵਿੱਚ ਲਾਬਿੰਗ, ਵੰਡ ਲਈ ਬਿਆਨਬਾਜ਼ੀ ਅਤੇ ਵੰਡਾਰਾ ਤਜਵੀਜ਼ ਦੀਆਂ ਮੁੱਖ ਗੱਲਾਂ ਸਮੇਤ ਹੋਰ ਵੇਰਵਾ ਸ਼ਾਮਲ ਹੈ...***

ਮਸਲੇ

ਗੁਰਪ੍ਰੀਤ ਸਿੰਘ ਮੰਡਿਆਣੀ
ਫੋਨ: +91-8872664000



ਨਹਿਰੂ ਤੇ ਪਟੇਲ ਭਾਵੇਂ ਖੁਦ ਵੰਡ ਨੂੰ ਮਨੋਂ ਸਹਿਮਤੀ ਦੇ ਚੁੱਕੇ ਸਨ, ਪਰ ਅਗਲਾ ਕਦਮ ਸਮੁੱਚੀ ਕਾਂਗਰਸੀ ਲੀਡਰਸ਼ਿਪ ਨੂੰ ਇਸਦੇ ਹੱਕ ਵਿੱਚ ਮਨਾਉਣਾ ਸੀ। ਨਹਿਰੂ ਤੇ ਪਟੇਲ ਇਕੱਠੇ ਹੋ ਕੇ ਐਨੇ ਤਾਕਤਵਰ ਹੋ ਜਾਂਦੇ ਸਨ ਕਿ ਪਾਰਟੀ ਵਿੱਚ ਉਨ੍ਹਾਂ ਦੀ ਗੱਲ ਮੰਨੀ ਹੀ ਜਾਂਦੀ ਸੀ। ਸੋ ਪਾਰਟੀ ਨੂੰ ਮਨਾਉਣ ਵਾਲਾ ਕਾਰਜ ਤਾਂ ਪਟੇਲ ਨੇ ਸਹਿਜੇ ਹੀ ਹੱਲ ਕਰ ਲਿਆ, ਪਰ ਔਖਾ ਕਾਰਜ ਸੀ ਅਖੰਡ ਭਾਰਤ ਦੇ ਮੁੱਦਈ ਮਹਾਤਮਾ ਗਾਂਧੀ ਨੂੰ ਮਨਾਉਣਾ। 2 ਅਪ੍ਰੈਲ 1947 ਨੂੰ ਭਾਰਤ ਦਾ ਗ੍ਰਹਿ ਮੰਤਰੀ ਵੱਲਭ ਭਾਈ ਪਟੇਲ ਮਹਾਤਮਾ ਗਾਂਧੀ ਨੂੰ 2 ਘੰਟੇ ਲਈ ਮਿਲਿਆ ਅਤੇ ਗਾਂਧੀ ਨੂੰ ਮਨਾ ਲਿਆ।

### ਵਾਇਸਰਾਏ ਵੱਲੋਂ ਵੰਡਾਰਾ ਤਜਵੀਜ਼ਾਂ ਦੀ ਤਿਆਰੀ

ਸਣੇ ਮਹਾਤਮਾ ਗਾਂਧੀ ਕਾਂਗਰਸੀ ਲੀਡਰਸ਼ਿਪ ਵੱਲੋਂ ਅੰਦਰ ਖਾਤੇ ਵੰਡਾਰੇ ਦੀ ਸਹਿਮਤੀ ਦੇਣ ਤੋਂ ਬਾਅਦ ਵਾਇਸਰਾਏ ਲਾਰਡ ਮਾਊਂਟਬੈਟਨ ਨੇ ਸ਼ਿਮਲੇ ਬੈਠ ਕੇ ਵੰਡਾਰਾ ਤਜਵੀਜ਼ਾਂ ਤਿਆਰ ਕਰਨੀਆਂ ਸ਼ੁਰੂ ਕਰ ਦਿੱਤੀਆਂ। ਵੰਡਾਰੇ ਦੀ ਤਜਵੀਜ਼ ਮੋਟੇ ਤੌਰ ‘ਤੇ ਵਾਇਸਰਾਏ ਨੇ ਗਵਰਨਰਾਂ ਦੀ ਕਾਨਫਰੰਸ ਵਿੱਚ ਪੇਸ਼ ਕੀਤੀ, ਜਿਸਨੂੰ ਸਹਿਮਤੀ ਮਿਲੀ।



3 ਜੂਨ ਦੀ ਪਲਾਨ ਨਸ਼ਰ ਕਰਨ ਤੋਂ ਪਹਿਲਾਂ ਦਿੱਲੀ ਵਿੱਚ 2 ਜੂਨ 1947 ਨੂੰ ਭਾਰਤੀ ਆਗੂ ਮੀਟਿੰਗ ਦੌਰਾਨ

ਵਾਇਸਰਾਏ ਦਾ ਦਫਤਰ ਅਤੇ ਰਿਹਾਇਸ਼ ਸ਼ਿਮਲੇ ਦੇ ਵਾਇਸ ਰੀਗਲ ਹਾਲ ਵਿੱਚ ਸੀ। ਪੰਡਤ ਨਹਿਰੂ ਵੀ ਵਾਇਸਰਾਏ ਦੇ ਮਹਿਮਾਨ ਦੀ ਆੜ ਵਿੱਚ ਵਾਇਸ ਰੀਗਲ ਹਾਲ ਵਿੱਚ ਹੀ ਠਹਿਰਿਆ ਹੋਇਆ ਸੀ। ਵਾਇਸਰਾਏ ਵੱਲੋਂ ਬਣਾਇਆ ਗਿਆ ਪਲਾਨ ਨਹਿਰੂ ਨੂੰ ਦਿਖਾਇਆ ਗਿਆ, ਪਰ ਉਹ ਨਹਿਰੂ ਨੂੰ ਸਾਰੇ ਦਾ ਸਾਰਾ ਪਸੰਦ ਨਹੀਂ ਆਇਆ। ਵਾਇਸਰਾਏ ਸਟਾਫ ਵਿਚਲੇ ਇੱਕੋ ਇੱਕ ਦੇਸੀ ਅਫਸਰ ਸ੍ਰੀ ਵੀ.ਪੀ. ਮੈਨਨ ਨੇ ਨਵਾਂ ਪਲਾਨ ਬਣਾ ਕੇ ਨਹਿਰੂ ਨੂੰ ਦਿਖਾਇਆ। ਨਹਿਰੂ ਨੇ ਉਸ ਵਿੱਚ ਕੁਝ ਹੋਰ ਸੋਧਾਂ ਕਰਕੇ ਵਾਇਸਰਾਏ ਨੂੰ ਫੜਾਈ। ਵਾਇਸਰਾਏ ਲਾਰਡ ਮਾਊਂਟਬੈਟਨ ਉਹੀ ਪਲਾਨ ਲੈ ਕੇ ਇੰਗਲੈਂਡ ਚਲਾ ਗਿਆ, ਜਿੱਥੇ ਉਸਨੇ ਪ੍ਰਧਾਨ ਮੰਤਰੀ ਨੂੰ ਇਸ ‘ਤੇ ਗੌਰ ਕਰਨ ਲਈ ਕਿਹਾ। ਪ੍ਰਧਾਨ ਮੰਤਰੀ ਲਾਰਡ ਐਟਲੇ ਨੇ ਇਹੀ ਪਲਾਨ ਆਪਣੀ ਕੈਬਨਿਟ ਵਿੱਚ ਰੱਖਿਆ, ਜਿੱਥੇ ਕੈਬਨਿਟ ਨੇ ਇਸਨੂੰ ਮਨਜ਼ੂਰੀ ਦੇਣ ਲਈ 5 ਮਿੰਟ ਵੀ ਨਹੀਂ ਲਾਏ। ਜਿਹੜੇ ਪਲਾਨ ਨੂੰ ਹਿੰਦੁਸਤਾਨ ਦੀ ਵੱਡੀ ਧਿਰ ਮੰਨਦੀ ਹੋਵੇ, ਉਸਨੂੰ ਸਹਿਮਤੀ ਦੇਣ ਵਿੱਚ ਬ੍ਰਿਟਿਸ਼ ਸਰਕਾਰ ਨੂੰ ਕੀ ਇਤਰਾਜ਼ ਹੋਣਾ ਸੀ! ਹੁਣ ਅਗਲਾ ਕੰਮ ਮੁਸਲਿਮ ਲੀਗ ਨੂੰ ਇਸ ‘ਤੇ ਸਹਿਮਤ ਕਰਨ ਦਾ ਰਹਿ ਗਿਆ ਸੀ, ਜਿਸ ਬਾਰੇ ਵਾਇਸਰਾਏ ਕਾਫੀ ਆਸਵੰਦ ਸੀ।

ਪਲਾਨ ਨੂੰ ਬਰਤਾਨਵੀ ਸਰਕਾਰ ਦੀ ਮਨਜ਼ੂਰੀ ਲੈ ਕੇ ਲਾਰਡ ਮਾਊਂਟਬੈਟਨ 31 ਮਈ ਨੂੰ ਭਾਰਤ ਪੁੱਜਾ। ਇਹ ਪਲਾਨ ਜਨਤਾ ਵਿੱਚ ਨਸ਼ਰ ਕਰਨ ਤੋਂ ਪਹਿਲਾਂ ਉਹਨੇ ਹਿੰਦੁਸਤਾਨੀ ਆਗੂਆਂ ਨਾਲ ਇਸਨੂੰ ਸਾਂਝਾ ਕੀਤਾ। ਇੱਥੇ ਗੌਰਤਲਬ ਹੈ ਕਿ ਇਸ ਤੋਂ ਪਹਿਲਾਂ ਤੇ ਇਸਦਾ ਪੂਰਾ ਪਤਾ ਸਿਰਫ ਨਹਿਰੂ ਨੂੰ ਹੀ ਸੀ। 2 ਜੂਨ ਨੂੰ ਵਾਇਸਰਾਏ ਨੇ ਜਿਨ੍ਹਾਂ ਹਿੰਦੁਸਤਾਨੀ ਆਗੂਆਂ ਨਾਲ ਇਸ ਪਲਾਨ ਬਾਰੇ ਗੱਲ ਕੀਤੀ, ਉਨ੍ਹਾਂ ਵਿੱਚ ਨਹਿਰੂ, ਪਟੇਲ, ਕਾਂਗਰਸ ਦੇ ਪ੍ਰਧਾਨ ਕ੍ਰਿਪਲਾਨੀ, ਮੁਸਲਿਮ ਲੀਗ ਵੱਲੋਂ ਅਬਦੁਰ ਰਬ ਨਿਸਤਰ, ਕੇਂਦਰੀ ਵਜ਼ੀਰ ਲਿਆਕਤ ਅਲੀ ਖਾਂ, ਮੁਸਲਿਮ ਲੀਗ ਦੇ ਪ੍ਰਧਾਨ ਮੁਹੰਮਦ ਅਲੀ ਜਿਨਾਹ ਅਤੇ ਕੇਂਦਰੀ ਵਜ਼ਾਰਤ ਵਿੱਚ ਸਿੱਖਾਂ ਦੇ ਨੁਮਾਇੰਦੇ ਬਲਦੇਵ ਸਿੰਘ ਸ਼ਾਮਿਲ ਸਨ। ਇਨ੍ਹਾਂ ਸਾਰਿਆਂ ਦੀ ਜ਼ੁਬਾਨੀ ਸਹਿਮਤੀ ਲੈਣ ਤੋਂ ਬਾਅਦ ਹੀ ਵਾਇਸਰਾਏ ਨੇ ਇਸਦਾ ਬਾਕਾਇਦਾ ਐਲਾਨ ਕੀਤਾ। ਅੰਗਰੇਜ਼ ਹਰੇਕ ਕਦਮ ਭਾਰਤੀ ਆਗੂਆਂ ਦੀ ਸਰਬਸੰਮਤੀ ਲੈਣ ਤੋਂ ਬਾਅਦ ਹੀ ਅਗਾਂਹ ਪੁੱਟਦਾ ਸੀ।

### ਵੰਡਾਰੇ ਦੀ ਤਜਵੀਜ਼ ਦਾ ਐਲਾਨ

3 ਜੂਨ ਨੂੰ ਵਾਇਸਰਾਏ ਮਾਊਂਟਬੈਟਨ ਨੇ ਇਸ ਪਲਾਨ ਦਾ ਬਕਾਇਦਾ ਰੇਡਿਓ ਰਾਹੀਂ ਐਲਾਨ ਕਰ ਦਿੱਤਾ। ਇਸ ਵਿੱਚ ਉਨ੍ਹਾਂ ਨੇ ਵੰਡਾਰੇ ਉਤੇ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ “ਮੇਰਾ ਇਹ ਪੱਕਾ ਵਿਚਾਰ ਰਿਹਾ ਹੈ ਕਿ ਸਾਰੀਆਂ ਧਿਰਾਂ ਦੀ ਰਜ਼ਾਮੰਦੀ ਨਾਲ ਅਖੰਡ ਹਿੰਦੁਸਤਾਨ ਹੀ ਦੇਸ਼ ਦੀ ਰਾਜਸੀ ਸਮੱਸਿਆ ਦਾ ਵਧੀਆ ਹੱਲ ਹੈ, ਪਰ ਕੋਈ ਅਜਿਹੀ ਤਜਵੀਜ਼, ਜਿਸ ਨਾਲ ਹਿੰਦੁਸਤਾਨ ਦੀ ਅਖੰਡਤਾ ਕਾਇਮ ਰਹੇ, ਅਸੀਂ ਹਿੰਦੁਸਤਾਨੀ ਲੀਡਰਾਂ ਕੋਲੋਂ ਮੰਨਵਾ ਨਹੀਂ ਸਕੇ।

ਮੁਸਲਿਮ ਲੀਗ ਮੁਲਕ ਦਾ ਵੰਡਾਰਾ ਚਾਹੁੰਦੀ ਹੈ ਤੇ ਕਾਂਗਰਸ ਕਹਿੰਦੀ ਹੈ ਕਿ ਇਸ ਵੰਡਾਰੇ ਦੇ ਅਸੂਲ ਨੂੰ ਸੂਬਿਆਂ ਉਤੇ ਵੀ ਲਾਗੂ ਕੀਤਾ ਜਾਵੇ, ਜੋ ਕਿ ਮੰਨਣਯੋਗ ਗੱਲ ਹੈ। ਇਉਂ ਪੰਜਾਬ, ਬੰਗਾਲ ਤੇ ਆਸਾਮ ਦਾ ਵੰਡਾਰਾ ਵੀ ਕਰਨਾ ਪਵੇਗਾ ਅਤੇ ਵੰਡਾਰੇ ਦੀ ਹੱਦਬੰਦੀ ਇੱਕ ਨਿਰਪੱਖ ਕਮਿਸ਼ਨ ਕਰੇਗਾ। ਸਿੱਖਾਂ, ਜਿਨ੍ਹਾਂ ਬਾਬਤ ਅਸੀਂ ਫਿਕਰਮੰਦ ਹਾਂ, ਦੀ ਪੁਜ਼ੀਸ਼ਨ ਇਹ ਹੈ ਕਿ ਪੰਜਾਬ ਦਾ ਵੰਡਾਰਾ, ਹਰ ਹਾਲਤ ਵਿੱਚ ਉਨ੍ਹਾਂ ਦੀ ਕੌਮ ਦਾ ਵੰਡਾਰਾ ਕਰ ਦੇਵੇਗਾ; ਪਰ ਸਿੱਖ ਲੀਡਰ ਵੰਡਾਰਾ ਕਬੂਲ ਕਰਦੇ ਹਨ।” ਮੁਲਕ ਦੇ ਵੰਡਾਰੇ ਦਾ ਸਭ ਤੋਂ ਵੱਡਾ ਨੁਕਸਾਨ ਸਿੱਖਾਂ ਨੂੰ ਹੀ ਹੋਇਆ। ਮਾਊਂਟਬੈਟਨ ਦਾ ਇਹ ਕਹਿਣਾ ਕਿ “ਵੰਡਾਰਾ ਸਿੱਖਾਂ ਦਾ ਨੁਕਸਾਨ ਕਰੂਗਾ, ਪਰ ਸਿੱਖ ਲੀਡਰ ਵੰਡਾਰਾ ਕਬੂਲ ਕਰਦੇ ਹਨ” ਇਹ ਫਿਕਰਾ ਸਿੱਖਾਂ ਨੂੰ ਸਿੱਧਾ ਇਸ਼ਾਰਾ ਕਰਦਾ ਸੀ ਕਿ ਜੇ ਤੁਹਾਡੇ ਲੀਡਰ ਹੀ ਵੰਡਾਰਾ ਚਾਹੁੰਦੇ ਹਨ ਤਾਂ ਸਾਡਾ ਕੀ ਕਸੂਰ?

### ਹਿੰਦੂ ਨੁਮਾਇੰਦਿਆਂ ਵੱਲੋਂ ਵੰਡ ਦੇ ਹੱਕ ‘ਚ ਬਿਆਨਬਾਜ਼ੀ

ਮਹਾਤਮਾ ਗਾਂਧੀ ਕੋਲ ਭਾਵੇਂ ਕਾਂਗਰਸ ਦਾ ਕੋਈ ਅਹੁਦਾ ਨਹੀਂ ਸੀ, ਪਰ ਉਹਦਾ ਕੱਦ-ਬੁੱਤ ਸਾਰੇ ਕਾਂਗਰਸੀਆਂ ਤੋਂ ਵੱਡਾ ਸੀ, ਕਿਉਂਕਿ ਉਹ ਵੰਡ ਦਾ ਸਭ ਤੋਂ ਵੱਡਾ ਵਿਰੋਧੀ ਸੀ, ਜਿਸ ਕਰਕੇ ਵੰਡਾਰਾ ਪਲਾਨ ਉਤੇ ਉਸਦੇ ਵਿਚਾਰ ਸਭ ਤੋਂ ਵੱਡੀ ਅਹਿਮੀਅਤ ਰੱਖਦੇ ਸਨ। 3 ਜੂਨ ਨੂੰ ਵੰਡਾਰਾ ਤਜਵੀਜ਼ ਨਸ਼ਰ ਹੋਣ ਤੋਂ ਅਗਲੇ ਦਿਨ ਪ੍ਰਾਰਥਨਾ ਸਭਾ ਤੋਂ ਬਾਅਦ ਗਾਂਧੀ ਜੀ ਨੇ ਕਿਹਾ ਕਿ “ਬ੍ਰਿਟਿਸ਼ ਸਰਕਾਰ ਦੇਸ਼ ਦੀਆਂ ਵੰਡੀਆਂ ਪਾ ਕੇ ਖੁਸ਼ ਨਹੀਂ, ਪਰ ਜੇ ਹਿੰਦੂ ਤੇ ਮੁਸਲਮਾਨ ਜ਼ਿਦ ਕਰਨ, ਤਾਂ ਅੰਗਰੇਜ਼ ਵਿਚਾਰੇ ਕੀ ਕਰਨ?”

ਵੱਲਭ ਭਾਈ ਪਟੇਲ ਨੇ ਵੰਡਾਰਾ ਪਲਾਨ ਨੂੰ ਸਹਿਮਤੀ ਦਿੰਦਿਆਂ ਬਿਆਨ ਜਾਰੀ ਕੀਤਾ ਕਿ ਝਗੜਿਆਂ-ਝਮੇਲਿਆਂ ਵਾਲੇ ਕਮਜ਼ੋਰ ਪਰ ਵੱਡੇ ਹਿੰਦੁਸਤਾਨ ਨਾਲੋਂ ਛੋਟਾ ਹਿੰਦੁਸਤਾਨ ਹੀ ਬਿਹਤਰ ਹੈ। 15 ਜੂਨ ਨੂੰ ਨਹਿਰੂ ਨੇ ਕਾਂਗਰਸ ਦੀ ਮੀਟਿੰਗ ਵਿੱਚ ਕਿਹਾ ਕਿ ਜੋ ਲੋਕ ਭਾਰਤ ਵਿੱਚ ਨਹੀਂ ਰਹਿਣਾ ਚਾਹੁੰਦੇ, ਉਨ੍ਹਾਂ ਨੂੰ ਤਲਵਾਰਾਂ ਦੇ ਜ਼ੋਰ ਨਾਲ ਇਸ ਗੱਲ ‘ਤੇ ਮਜਬੂਰ ਕਰਨਾ ਸੰਭਵ ਨਹੀਂ। ਇਹੋ ਜਿਹੇ ਵਿਚਾਰ ਹੀ ਪੰਡਤ ਨਹਿਰੂ ਨੇ ਵੰਡਾਰੇ ਤੋਂ ਬਾਅਦ ਵਿੱਚ ਮੁਲਕ ਦੀ ਵੰਡ ਜਾਇਜ਼ ਠਹਿਰਾਉਣ ਲਈ ਦਿੱਤੇ। 8 ਫਰਵਰੀ 1959 ਦੇ ‘ਦ ਟ੍ਰਿਬਿਊਨ’ ਵਿੱਚ ਛਪੇ ਬਿਆਨ ਦੁਆਰਾ ਨਹਿਰੂ ਨੇ ਕਿਹਾ “ਅਸੀਂ ਮਹਿਸੂਸ ਕੀਤਾ ਕਿ ਜੇ ਵੰਡ ਨੂੰ ਰੋਕਣ ਖਾਤਰ ਕੋਈ ਸਮਝੌਤਾ ਕੀਤਾ ਜਾਂਦਾ ਤਾਂ ਵੀ ਝਗੜੇ ਤੇ ਗੜਬੜ ਜਾਰੀ ਰਹਿਣੀ ਸੀ। ਜੋ ਬਾਅਦ ‘ਚ ਤਰੱਕੀ ਵਿੱਚ ਰੋੜਾ ਬਣਨੀ ਸੀ।”

### ਲੀਗ ਅਤੇ ਕਾਂਗਰਸ ਨੇ ਵੰਡ ਨੂੰ ਲਿਖਤੀ ਮਨਜ਼ੂਰੀ ਦਿੱਤੀ

ਜਿਨਾਹ ਨੇ ਪੰਜਾਬ ਅਤੇ ਬੰਗਾਲ ਦੀ ਵੰਡ ਦਾ ਵਿਰੋਧ ਕਰਦਿਆਂ ਕਿਹਾ ਕਿ ਇਨ੍ਹਾਂ ਸੂਬਿਆਂ ਦੀ ਵੰਡ ਗੈਰ-ਅਸੂਲਨ ਹੈ। ਵਾਇਸਰਾਇ ਮਾਊਂਟਬੈਟਨ ਨੇ ਜਿਨਾਹ ਦੇ ਇਤਰਾਜ਼ ਦੇ ਜਵਾਬ ਵਿੱਚ ਕਿਹਾ ਕਿ ਜਿੰਨੀ ਤਕਲੀਫ ਤੈਨੂੰ ਬੰਗਾਲ ਅਤੇ ਪੰਜਾਬ ਦੀ ਵੰਡ ਨਾਲ ਹੁੰਦੀ ਹੈ, ਉਨੀ ਹੀ ਤਕਲੀਫ ਨਹਿਰੂ ਹੋਰਾਂ ਨੂੰ ਮੁਲਕ ਦੀ ਵੰਡ ਨਾਲ ਹੁੰਦੀ ਹੈ। ਆਖਰ ਨੂੰ ਜਿਨਾਹ ਮੰਨ ਗਿਆ। 9 ਜੂਨ ਨੂੰ ਮੁਸਲਿਮ ਲੀਗ ਨੇ ਵੰਡ ਦੇ ਹੱਕ ’ਚ ਮਤਾ ਪਾ ਦਿੱਤਾ। 15 ਜੂਨ ਨੂੰ ਕਾਂਗਰਸ ਨੇ ਵੰਡ ਨੂੰ ਬਾਕਾਇਦਾ ਤਸਲੀਮ ਕਰ ਲਿਆ। ਸਿੱਖ ਨੁਮਾਇੰਦੇ ਵਜੋਂ ਕੇਂਦਰੀ ਵਜ਼ੀਰ ਬਲਦੇਵ ਸਿੰਘ ਨੇ ਵੀ ਵੰਡ ਨੂੰ ਮਨਜ਼ੂਰ ਕੀਤਾ।

### ਵੰਡ ਨੂੰ ਰੋਕਣ ਖਾਤਰ ਦੋ ਆਖਰੀ ਤਜਵੀਜ਼ਾਂ

ਵੰਡਾਰਾ ਪਲਾਨ ਦੀ ਮਨਜ਼ੂਰੀ ਤੋਂ ਪਹਿਲਾਂ ਮਹਾਤਮਾ ਗਾਂਧੀ ਨੇ ਵੰਡ ਨੂੰ ਰੋਕਣ ਖਾਤਰ ਇੱਕ ਹੋਰ ਤਜਵੀਜ਼ ਪੇਸ਼ ਕੀਤੀ, ਜਿਸ ਵਿੱਚ ਕਿਹਾ ਗਿਆ ਕਿ ਜਿਨਾਹ ਨੂੰ ਮੁਲਕ ਦਾ ਪ੍ਰਧਾਨ ਮੰਤਰੀ ਬਣਾ ਕੇ ਜਿਨਾਹ ਨੂੰ ਵੱਖਰਾ ਮੁਲਕ ਬਣਾਉਣੋਂ ਰੋਕਿਆ ਜਾਵੇ। ਮਾਊਂਟਬੈਟਨ ਨੇ ਗਾਂਧੀ ਦੇ ਸੁਝਾਅ ਦਾ ਸਵਾਗਤ ਕਰਦਿਆਂ ਕਿਹਾ ਕਿ ਜੇ ਕਿਸੇ ਤਰੀਕੇ ਨਾਲ ਵੰਡ ਰੁਕਦੀ ਹੈ ਤਾਂ ਇਹ ਚੰਗੀ ਗੱਲ ਹੈ। ਗਾਂਧੀ ਦੇ ਇਸ ਬਿਆਨ ‘ਤੇ ਨਹਿਰੂ ਅਤੇ ਪਟੇਲ ਭੜਕ ਗਏ ਤੇ ਗਾਂਧੀ ਨੂੰ ਬਿਆਨ ਵਾਪਸ ਲੈਣ ਲਈ ਕਿਹਾ। ਵੰਡ ਨੂੰ ਰੋਕਣ ਲਈ ਸਭ ਤੋਂ ਆਖਰੀ ਤਜਵੀਜ਼ ਕੇਂਦਰੀ ਵਜ਼ੀਰ ਅਤੇ ਕਾਂਗਰਸੀ ਆਗੂ ਮੌਲਾਨਾ ਅਬਦੁਲ ਕਲਾਮ ਆਜ਼ਾਦ ਨੇ ਪੇਸ਼ ਕੀਤੀ। ਉਸਨੇ ਗਾਂਧੀ ਨੂੰ ਕਿਹਾ ਕਿ ਮੌਜੂਦਾ ਹਾਲਤ ਨੂੰ ਹੋਰ ਦੋ-ਤਿੰਨ ਸਾਲ ਜਿਉਂ ਦੀ ਤਿਉਂ ਕਾਇਮ ਰੱਖਿਆ ਜਾਵੇ, ਸ਼ਾਇਦ ਸਮਾਂ ਪੈਣ ਨਾਲ ਕੋਈ ਹੋਰ ਹੱਲ ਲੱਭ ਜਾਵੇ ਤਾਂ ਜੋ ਮੁਲਕ ਦੀ ਵੰਡ ਨਾ ਹੋਵੇ। ਉਸਨੇ ਆਜ਼ਾਦ ਦੇ ਸੁਝਾਅ ਦਾ ਹੁੰਗਾਰਾ ਤਾਂ ਭਰਿਆ, ਪਰ ਨਹਿਰੂ ਤੇ ਪਟੇਲ ਦਾ ਘੂਰਿਆ ਹੋਇਆ ਗਾਂਧੀ ਇਸ ਸੁਝਾਅ ‘ਤੇ ਕੋਈ ਉਤਸ਼ਾਹ ਨਾ ਦਿਖਾ ਸਕਿਆ।

### ਵੰਡਾਰਾ ਤਜਵੀਜ਼ ਦੀਆਂ ਮੁੱਖ ਗੱਲਾਂ

ਮੁਸਲਮਾਨ ਬਹੁਗਿਣਤੀ ਵਾਲੇ ਸੂਬੇ ਪਾਕਿਸਤਾਨ ਵਿੱਚ ਜਾਣਗੇ, ਜਦਕਿ ਹਿੰਦੂ ਬਹੁਗਿਣਤੀ ਵਾਲੇ ਸੂਬੇ ਹਿੰਦੁਸਤਾਨ ਵਿੱਚ ਰਹਿਣਗੇ। ਪੰਜਾਬ ਅਤੇ ਬੰਗਾਲ ਵਿਧਾਨ ਸਭਾਵਾਂ ਵਿਚਲੇ ਹਿੰਦੂ-ਸਿੱਖ ਅਤੇ ਮੁਸਲਮਾਨ ਬਹੁਗਿਣਤੀ ਵਾਲੇ (1941 ਦੀ ਮਰਦਮਸ਼ੁਮਾਰੀ ਮੁਤਾਬਕ) ਜ਼ਿਲ੍ਹਿਆਂ ਦੇ ਮੈਂਬਰ ਵੱਖੋ-ਵੱਖਰੇ ਇਜਲਾਸਾਂ ਵਿੱਚ ਬੈਠਣਗੇ। ਜੇ ਇੱਕ ਹਿੱਸਾ ਵੰਡ ਨੂੰ ਸਹਿਮਤੀ ਦੇ ਦਿੰਦਾ ਹੈ ਤਾਂ ਸੂਬੇ ਦੀ ਵੰਡ ਕਰ ਦਿੱਤੀ ਜਾਵੇਗੀ। ਹਿੰਦੁਸਤਾਨੀ ਰਿਆਸਤਾਂ ਬਰਤਾਨਵੀ ਸਰਕਾਰ ਨਾਲ ਹੋਈਆਂ ਸੰਧੀਆਂ ਤੋਂ ਆਜ਼ਾਦ ਹੋ ਜਾਣਗੀਆਂ। ਭਾਵ ਉਹ ਜਿਧਰ ਮਰਜੀ ਜਾਣ ਜਾਂ ਆਜ਼ਾਦ ਰਹਿਣ, ਇਹ ਉਨ੍ਹਾਂ ਦੀ ਮਨਸ਼ਾ ਹੈ। ਜੇ ਪੰਜਾਬ ਜਾਂ ਬੰਗਾਲ ਦੀ ਵੰਡ ਕਰਨੀ ਪਵੇ ਤਾਂ ਇਸ ਲਈ ਇੱਕ ਹੱਦਬੰਦੀ ਕਮਿਸ਼ਨ ਬਣਾਇਆ ਜਾਵੇਗਾ। ਇੱਕ ਕੇਂਦਰੀ ਵੰਡਾਰਾ ਕੌਂਸਲ ਬਣੇਗੀ, ਜੋ ਦੋਹਾਂ ਮੁਲਕਾਂ ਵਿੱਚ ਅਸਾਸਿਆਂ ਦੀ ਵੰਡ ਤੋਂ ਇਲਾਵਾ ਹੋਰ ਮਸਲਿਆਂ ਦਾ ਹੱਲ ਕਰੇਗੀ। ਵਾਇਸਰਾਏ ਇਸਦਾ ਚੇਅਰਮੈਨ ਹੋਵੇਗਾ ਤੇ ਦੋਹਾਂ ਧਿਰਾਂ ਦੇ ਬਰਾਬਰ ਦੇ ਨੁਮਾਇੰਦੇ ਹੋਣਗੇ। ਇਸੇ ਤਰ੍ਹਾਂ ਪੰਜਾਬ ਅਤੇ ਬੰਗਾਲ ਲਈ ਗਵਰਨਰ ਦੀ ਅਗਵਾਈ ਵਿੱਚ ਵੰਡਾਰਾ ਕੌਂਸਲ ਬਣੇਗੀ।

ਕਿਉਂਕਿ ਹਿੰਦੁਸਤਾਨ ਦੀ ਸਰਕਾਰ ਗਵਰਨਮੈਂਟ ਆਫ ਇੰਡੀਆ ਐਕਟ 1935 ਤਹਿਤ ਕੰਮ ਕਰਦੀ ਸੀ, ਸੋ ਦੋਹਾਂ ਮੁਲਕਾਂ ਦੇ ਹੋਂਦ ਵਿੱਚ ਆਉਣ ਅਤੇ ਉਥੇ ਨਵੀਆਂ ਸਰਕਾਰਾਂ ਕਾਇਮ ਕਰਨ ਲਈ 1935 ਵਾਲੇ ਐਕਟ ਨੂੰ ਖਤਮ ਕਰਨਾ ਜ਼ਰੂਰੀ ਸੀ। 3 ਜੂਨ ਦੀ ਤਜਵੀਜ਼ ਨੂੰ ਮਨਜ਼ੂਰੀ ਮਿਲਣ ਤੋਂ ਬਾਅਦ ਬਰਤਾਨਵੀ ਪਾਰਲੀਮੈਂਟ ਨੇ 1935 ਵਾਲੇ ਐਕਟ ਦੀ ਥਾਂ ‘ਤੇ ਇੱਕ ਨਵਾਂ ਇੰਡੀਅਨ ਇੰਡੀਪੈਂਡੈਂਸ ਐਕਟ 1947 ਬਣਾ ਕੇ ਹਿੰਦੁਸਤਾਨ ਦੇ ਵੰਡਾਰੇ ਨੂੰ ਕਾਨੂੰਨੀ ਸ਼ਕਲ ਦਿੰਦਿਆਂ ਨਵੀਆਂ ਸਰਕਾਰਾਂ ਨੂੰ ਕਾਨੂੰਨ ਦੁਆਰਾ ਮਾਨਤਾ ਦੇ ਦਿੱਤੀ। ਇਸ ਵਿੱਚ 15 ਅਗਸਤ 1947 ਨੂੰ ਦੋ ਮੁਲਕ ਹੋਂਦ ਵਿੱਚ ਆਉਣ ਦਾ ਜ਼ਿਕਰ ਸੀ। ਇਹ ਵੀ ਕਿਹਾ ਗਿਆ ਕਿ ਇਹ ਨਵਾਂ ਐਕਟ 3 ਜੂਨ 1947 ਤੋਂ ਹੀ ਅਮਲ ਵਿੱਚ ਸਮਝਿਆ ਜਾਵੇ।

### ਪੰਜਾਬ ਤੇ ਬੰਗਾਲ ਦੇ ਵੰਡਾਰੇ ਲਈ ਵਿਧਾਨ ਸਭਾ ‘ਚ ਵੋਟਿੰਗ ਹੋਈ

3 ਜੂਨ ਦੀ ਪਲਾਨ ਦੇ ਪੈਰਾ ਨੰਬਰ 9 ਵਿੱਚ ਇਹ ਦਰਜ ਸੀ ਕਿ ਬੰਗਾਲ ਅਤੇ ਪੰਜਾਬ ਦੀਆਂ ਵਿਧਾਨ ਸਭਾਵਾਂ ਦੀ ਮੀਟਿੰਗਾਂ ਦੋ-ਦੋ ਹਿੱਸਿਆਂ ਵਿੱਚ ਹੋਣਗੀਆਂ। ਇੱਕ ਹਿੱਸੇ ਵਿੱਚ ਮੁਸਲਮਾਨ ਬਹੁ-ਸੰਮਤੀ ਵਾਲੇ ਜ਼ਿਲ੍ਹਿਆਂ ਦੇ ਮੈਂਬਰ ਬੈਠਣਗੇ, ਜਦਕਿ ਦੂਜੇ ਹਿੱਸੇ ਵਿੱਚ ਗੈਰ-ਮੁਸਲਿਮ ਬਹੁ-ਗਿਣਤੀ ਜ਼ਿਲ੍ਹਿਆਂ ਦੇ ਮੈਂਬਰ ਬੈਠਣਗੇ। ਦੋਵੇਂ ਹਿੱਸੇ ਇਹ ਫੈਸਲਾ ਕਰਨਗੇ ਕਿ ਉਹ ਸੂਬੇ ਦਾ ਵੰਡਾਰਾ ਚਾਹੁੰਦੇ ਹਨ ਕਿ ਨਹੀਂ! ਜੇ ਇੱਕ ਹਿੱਸੇ ਨੇ ਵੰਡਾਰੇ ਦੇ ਹੱਕ ਵਿੱਚ ਮਤਾ ਪਾਸ ਕਰ ਦਿੱਤਾ ਤਾਂ ਵੰਡਾਰਾ ਹੋ ਜਾਵੇਗਾ।

ਵੰਡਾਰੇ ਦੀ ਸੂਰਤ ਵਿੱਚ ਉਨ੍ਹਾਂ ਨੂੰ ਇਹ ਦੱਸਣਾ ਪੈਣਾ ਸੀ ਕਿ ਉਹ ਪਾਕਿਸਤਾਨ ਵਿੱਚ ਜਾਣਾ ਚਾਹੁੰਦੇ ਹਨ ਜਾਂ ਹਿੰਦੁਸਤਾਨ ਵਿੱਚ ਰਹਿਣਾ ਚਾਹੁੰਦੇ ਨੇ। ਇਸੇ ਮੁਤਾਬਕ ਪੰਜਾਬ ਵਿਧਾਨ ਸਭਾ 23 ਜੂਨ 1947 ਦੋ ਹਿੱਸਿਆਂ ਵਿੱਚ ਬੈਠੀ। ਮੁਸਲਮਾਨ ਬਹੁ ਗਿਣਤੀ ਵਾਲੇ ਜ਼ਿਲ੍ਹਿਆਂ ਦੇ ਐਮ.ਐਲ.ਏਜ਼ ਨੇ ਮਤਾ ਪਾ ਕੇ ਪਾਕਿਸਤਾਨ ਵਿੱਚ ਜਾਣ ਦੀ ਇੱਛਾ ਜਾਹਰ ਕੀਤੀ; ਜਦਕਿ ਦੂਜੇ ਹਿੱਸਿਆਂ ਨੇ ਭਾਰਤ ਵਿੱਚ ਰਹਿਣ ਦਾ ਐਲਾਨ ਕੀਤਾ। ਇਸੇ ਤਰ੍ਹਾਂ ਬੰਗਾਲ ਦੀ ਵੰਡ ਹੋਈ। ਸੋ ਇਸ ਤਰ੍ਹਾਂ ਦੋਵੇਂ ਸੂਬਿਆਂ ਦੀ ਵੰਡ ਅਮਲ ਵਿੱਚ ਆਈ।

### ਵੰਡ ਲਈ ਰਸਮੀ ਕਾਰਵਾਈ

ਨਵੇਂ ਐਕਟ ਮੁਤਾਬਕ ਵਾਇਸਰਾਏ ਨੇ ਕੇਂਦਰੀ ਵੰਡਾਰਾ ਕੌਂਸਲ ਕਾਇਮ ਕੀਤੀ। ਇਸੇ ਤਰ੍ਹਾਂ ਪੰਜਾਬ ਅਤੇ ਬੰਗਾਲ ਲਈ ਸੂਬਾਈ ਵੰਡਾਰਾ ਕੌਂਸਲਾਂ ਕਾਇਮ ਹੋਈਆਂ। ਪੰਜਾਬ ਲਈ ਵੰਡਾਰਾ ਕੌਂਸਲ ਦੇ ਮੈਂਬਰਾਂ ਵਿੱਚ ਪੱਛਮੀ ਪੰਜਾਬ ਵਾਲੇ ਪਾਸਿਓਂ ਮੁਮਤਾਜ਼ ਦੌਲਤਾਨਾ ਅਤੇ ਜ਼ਹੀਰ ਹੁਸੈਨ ਮੈਂਬਰ ਲਏ ਗਏ, ਜਦਕਿ ਪੂਰਬੀ ਪੰਜਾਬ ਵੱਲੋਂ ਡਾ. ਗੋਪੀ ਚੰਦ ਭਾਰਗਵ ਅਤੇ ਸਰਵਨ ਸਿੰਘ ਮੈਂਬਰ ਬਣੇ। ਪੰਜਾਬ ਦਾ ਗਵਰਨਰ ਮਿਸਟਰ ਜੈਕਸਨ ਇਸਦਾ ਚੇਅਰਮੈਨ ਸੀ। ਇਸ ਕਮੇਟੀ ਜ਼ਿੰਮੇ ਸੂਬੇ ਦੇ ਪ੍ਰਸ਼ਾਸਨ ਨੂੰ ਦੋ ਹਿੱਸਿਆਂ ਵਿੱਚ ਵੰਡਣ ਦਾ ਜ਼ਿੰਮਾ ਸੀ ਅਤੇ ਖਜ਼ਾਨਾ, ਦੇਣਦਾਰੀਆਂ, ਲੈਣਦਾਰੀਆਂ ਤੇ ਹੋਰ ਜਾਇਦਾਦ ਦੇ ਵੰਡਾਰੇ ਨੂੰ ਵੀ ਇਸ ਕਮੇਟੀ ਨੂੰ ਸਹੀ ਤਰੀਕੇ ਨਾਲ ਸਰਅੰਜ਼ਾਮ ਦੇਣਾ ਸੀ।

ਇਸ ਕਮੇਟੀ ਦੀ ਪਹਿਲੀ ਮੀਟਿੰਗ 1 ਜੁਲਾਈ 1947 ਨੂੰ ਹੋਈ। ਉਸ ਵਿੱਚ ਪੰਜਾਬ ਸਰਕਾਰ ਦੇ ਸਾਰੇ ਮੁਲਾਜ਼ਮਾਂ ਨੂੰ ਪੁੱਛਿਆ ਗਿਆ ਕਿ ਉਹ ਆਪਣੀ ਇੱਛਾ ਮੁਤਾਬਕ ਜਿਹੜੇ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

ਪਾਸੇ ਜਾਣਾ ਚਾਹੁਣ, ਜਾ ਸਕਦੇ ਨੇ। ਕਮੇਟੀ ਨੇ 1941 ਦੀ ਮਰਦਮਸ਼ੁਮਾਰੀ ਮੁਤਾਬਕ ਮੋਟੇ ਤੌਰ 'ਤੇ ਪੰਜਾਬ ਨੂੰ ਮੁਸਲਿਮ ਅਤੇ ਗੈਰ-ਮੁਸਲਿਮ ਇਲਾਕਿਆਂ ਮੁਤਾਬਕ ਜ਼ਿਲ੍ਹਾਵਾਰ ਵੰਡ 'ਤੇ ਸਹਿਮਤੀ ਕਰ ਲਈ। ਗੁਰਦਾਸਪੁਰ, ਅੰਮ੍ਰਿਤਸਰ ਅਤੇ ਲਾਹੌਰ ਵਿਵਾਦ ਵਾਲੇ ਜ਼ਿਲ੍ਹੇ ਮੰਨੇ ਗਏ। ਇਨ੍ਹਾਂ ਜ਼ਿਲ੍ਹਿਆਂ ਵਿੱਚ ਡਿਪਟੀ ਕਮਿਸ਼ਨਰ ਅਤੇ ਪੁਲਿਸ ਮੁਖੀ ਅੰਗਰੇਜ਼ ਨਿਯੁਕਤ ਕਰ ਦਿੱਤੇ ਗਏ। ਇਹ ਫੈਸਲਾ ਕੀਤਾ ਗਿਆ ਕਿ ਪੰਜਾਬ ਦਾ ਸਾਂਝਾ ਸਿਵਲ ਸਕੱਤਰੇਤ 10 ਅਗਸਤ ਨੂੰ ਬੰਦ ਹੋ ਜਾਵੇਗਾ ਅਤੇ ਫੇਰ ਜਦੋਂ ਇਹ ਖੁੱਲ੍ਹੇਗਾ ਤਾਂ ਦੋ ਵੱਖ-ਵੱਖ ਹਿੱਸਿਆਂ 'ਚ ਹੀ ਖੁੱਲ੍ਹੇਗਾ। ਪੂਰਬੀ ਪੰਜਾਬ ਦੇ ਸਕੱਤਰੇਤ ਨੂੰ ਸ਼ਿਮਲੇ ਤਬਦੀਲ ਕਰਨ ਦਾ ਫੈਸਲਾ ਹੋਇਆ।

### ਸਾਲਸੀ ਅਦਾਲਤ (ਆਰਬੀਟਰਲ ਟ੍ਰਿਬਿਊਨਲ)

3 ਜੂਨ ਦੇ ਪਲਾਨ ਮੁਤਾਬਕ ਇੱਕ ਸਾਲਸੀ ਅਦਾਲਤ ਕਾਇਮ ਕੀਤੀ ਗਈ, ਜਿਸਦੀ ਜ਼ਿੰਮੇਵਾਰੀ ਇਹ ਸੀ ਕਿ ਜਿਹੜੇ ਝਗੜਿਆਂ ਦਾ ਨਿਬੇੜਾ ਵੰਡਾਰਾ ਕੌਂਸਲ ਨਹੀਂ ਕਰ ਸਕੇਗੀ, ਉਸਦਾ ਫੈਸਲਾ ਬਾਅਦ ਵਿੱਚ ਸਾਲਸੀ ਅਦਾਲਤ ਕਰਦੀ ਰਹੇਗੀ। ਇਸਦਾ ਮਨੋਰਥ ਇਹ ਸੀ ਕਿ ਝਗੜਿਆਂ ਦਾ ਹੱਲ ਨਾ ਹੋਣਾ ਮੁਲਕ ਦੀ ਆਜ਼ਾਦੀ ਵਿੱਚ ਦੇਰੀ ਨਾ ਬਣੇ। ਇਸਦੀ ਮੁਨਿਆਦ 1 ਦਸੰਬਰ 1947 ਮਿੱਥੀ ਗਈ। ਪ੍ਰਧਾਨ ਦੀ ਇਜਾਜ਼ਤ ਨਾਲ ਇੱਕ ਮਹੀਨਾ ਹੋਰ ਵਧਾਇਆ ਜਾ ਸਕਦਾ ਹੈ। ਇਸ ਅਦਾਲਤ ਦੀ ਕਾਇਮੀ ਲਈ ਹੁਕਮ 12 ਅਗਸਤ 1947 ਨੂੰ ਜਾਰੀ ਹੈ। ਇਸ ਵਿੱਚ ਭਾਰਤ ਵਾਲੇ ਪਾਸਿਓਂ ਜਸਟਿਸ ਕਾਨਿਆ ਅਤੇ ਪਾਕਿਸਤਾਨ ਵੱਲੋਂ ਜਸਟਿਸ ਮੁਹੰਮਦ ਇਸਮਾਇਲ ਨਿਯੁਕਤ ਹੋਏ।

### ਪੰਜਾਬ ਤੇ ਬੰਗਾਲ ਹੱਦਬੰਦੀ ਕਮਿਸ਼ਨ ਦੀ ਨਿਯੁਕਤੀ

ਮੁਲਕ ਦੇ ਵੰਡਾਰੇ ਦਾ ਆਖਰੀ ਮਰਹਲਾ ਹੱਦਬੰਦੀ ਕਮਿਸ਼ਨ ਦੀ ਕਾਇਮੀ ਸੀ। 3 ਜੂਨ ਪਲਾਨ ਮੁਤਾਬਕ ਇਨ੍ਹਾਂ ਦੋਵੇਂ ਸੂਬਿਆਂ ਦੀ ਵੰਡ ਸੂਬਾਈ ਵੰਡਾਰਾ ਕਮੇਟੀਆਂ ਨੇ ਮੋਟੇ ਤੌਰ 'ਤੇ ਕਰ ਲੈਣੀ ਸੀ। ਵਿਵਾਦ ਵਾਲੇ ਜ਼ਿਲ੍ਹਿਆਂ ਲਈ ਇੱਕ ਹੱਦਬੰਦੀ ਕਮਿਸ਼ਨ ਕਾਇਮ ਹੋਣਾ ਸੀ, ਜਿਸਦੇ ਫੈਸਲੇ ਨੂੰ ਮੰਨਣ ਲਈ ਦੋਵੇਂ ਧਿਰਾਂ ਨੇ ਲਿਖਤੀ ਬਚਨ ਦਿੱਤਾ ਸੀ। ਪੂਰਬੀ ਬੰਗਾਲ ਦੇ ਨਾਲ ਲੱਗਦੇ ਸੂਬੇ ਵਿੱਚ




**4 ਅਗਸਤ ਨੂੰ ਕੇਂਦਰੀ ਬਟਵਾਰਾ ਕੌਂਸਲ ਦੀ ਪ੍ਰਧਾਨਗੀ ਕਰਦੇ ਹੋਏ ਲਾਰਡ ਮਾਊਂਟਬੈਟਨ। ਪਿੱਛੇ ਲੱਗਿਆ 15 ਅਗਸਤ ਦੀ ਪੁੱਠੀ ਗਿਣਤੀ ਵਾਲਾ ਕੈਲੰਡਰ, ਜੋ ਆਜ਼ਾਦੀ ਦੇ 11 ਦਿਨ ਬਕਾਇਆ ਦਰਸਾ ਰਿਹਾ ਹੈ**

ਇੱਕ ਸਿਲਹਟ ਜ਼ਿਲ੍ਹਾ ਐਸਾ ਸੀ, ਜੋ ਬੰਗਾਲੀ ਭਾਸ਼ੀ ਮੁਸਲਮਾਨਾਂ ਦਾ ਸੀ। ਇਸ ਬਾਰੇ ਫੈਸਲਾ ਹੋਇਆ ਸੀ ਕਿ ਇੱਥੇ ਰਾਇਸ਼ੁਮਾਰੀ ਕਰਾਈ ਜਾਵੇਗੀ, ਜਿਸ ਰਾਹੀਂ ਇਹ ਜ਼ਿਲ੍ਹਾ ਜਿਧਰ ਜਾਣਾ ਚਾਹੇਗਾ, ਉਧਰ ਭੇਜ ਦਿੱਤਾ ਜਾਵੇਗਾ। ਰਾਇਸ਼ੁਮਾਰੀ ਪੂਰਬੀ ਬੰਗਾਲ ਦੇ ਹੱਕ ਵਿੱਚ ਨਿਕਲੀ ਇਸ ਕਰਕੇ ਇਹ ਪੂਰਬੀ ਬੰਗਾਲ ਦੇ ਨਾਲ ਨਾਲ ਹੀ ਪਾਕਿਸਤਾਨ ਵਿੱਚ ਚਲਿਆ ਗਿਆ। ਪੰਜਾਬ ਦੀ ਵੰਡਾਰਾ ਕਮੇਟੀ ਨੇ ਹੱਦਬੰਦੀ ਕਮਿਸ਼ਨ ਲਈ ਆਪਣੇ ਵੱਲੋਂ ਇਹ ਨਾਂ ਪੇਸ਼ ਕੀਤੇ, ਜਿਨ੍ਹਾਂ ਵਿੱਚੋਂ ਜਸਟਿਸ ਦੀਨ ਮੁਹੰਮਦ ਅਤੇ ਜਸਟਿਸ ਮੁਹੰਮਦ ਮੁਨੀਰ ਪੱਛਮੀ ਪੰਜਾਬ ਵੱਲੋਂ ਸਨ। ਜਸਟਿਸ ਮੇਹਰ ਚੰਦ ਮਹਾਜਨ ਅਤੇ ਜਸਟਿਸ ਤੇਜਾ ਸਿੰਘ ਪੂਰਬੀ ਪੰਜਾਬ ਦੇ ਨੁਮਾਇੰਦਿਆਂ ਵਜੋਂ ਸਨ। ਇਸੇ ਤਰੀਕੇ ਨਾਲ ਬੰਗਾਲ ਦੀ ਵੰਡ ਲਈ ਵੱਖਰਾ ਹੱਦਬੰਦੀ ਕਮਿਸ਼ਨ ਕਾਇਮ ਹੋਇਆ।

### ਹੱਦਬੰਦੀ ਕਮਿਸ਼ਨ ਦੇ ਚੇਅਰਮੈਨ ਦੀ ਨਿਯੁਕਤੀ

ਹੱਦਬੰਦੀ ਕਮਿਸ਼ਨ ਦੇ ਚੇਅਰਮੈਨ ਵਜੋਂ ਮੁਹੰਮਦ ਅਲੀ ਜਿਨਾਹ ਨੇ ਬ੍ਰਿਟਿਸ਼ ਬਾਰ ਕੌਂਸਲ ਦੇ ਵਾਇਸ ਚੇਅਰਮੈਨ ਸਰ ਸੀਰਿਲ ਰੈੱਡਕਲਿਫ ਦਾ ਨਾਂ ਪੇਸ਼ ਕੀਤਾ, ਜੋ ਕਿ ਬੰਗਾਲ ਅਤੇ ਪੰਜਾਬ ਦੇ ਹੱਦਬੰਦੀ ਕਮਿਸ਼ਨਾਂ ਦਾ ਸਾਂਝਾ ਚੇਅਰਮੈਨ ਹੋਣਾ ਸੀ। ਸੈਕਟਰੀ ਆਫ ਸਟੇਟ ਫਾਰ ਇੰਡੀਆ ਨੇ ਸਰ ਸੀਰਿਲ ਰੈੱਡਕਲਿਫ ਦੇ ਨਾਂ ਦੀ ਪ੍ਰੋੜ੍ਹਤਾ ਕੀਤੀ ਅਤੇ ਉਸ ਬਾਰੇ ਲਿਖਿਆ ਕਿ ਉਹ "ਇਕ ਬਹੁਤ ਹੀ ਈਮਾਨਦਾਰ, ਕਾਨੂੰਨ ਦੇ ਮਾਹਰ ਅਤੇ ਭਾਰੀ ਤਜ਼ਰਬਾ ਰੱਖਣ ਵਾਲੇ ਵਿਅਕਤੀ ਹਨ।" ਸਰ ਸੀਰਿਲ ਰੈੱਡਕਲਿਫ (ਜੋ ਬਾਅਦ ਵਿੱਚ ਲਾਰਡ ਰੈੱਡਕਲਿਫ ਹੋ ਗਏ) ਦੀ ਨਿਯੁਕਤੀ ਦੀ ਰਸਮੀ ਤਜਵੀਜ਼ ਲਾਰਡ ਮਾਊਂਟਬੈਟਨ ਨੇ 26 ਜੂਨ ਨੂੰ ਇੱਕ ਨੋਟ ਦੇ ਰੂਪ ਵਿੱਚ ਪੇਸ਼ ਕੀਤੀ, ਜਿਸ ਨੂੰ 27 ਜੂਨ 1947 ਨੂੰ ਕੇਂਦਰੀ ਬਟਵਾਰਾ ਕੌਂਸਲ ਦੀ ਪਹਿਲੀ ਮੀਟਿੰਗ ਵਿੱਚ ਸਰਬਸੰਮਤੀ ਨਾਲ ਮਨਜ਼ੂਰ ਕਰ ਲਿਆ ਗਿਆ।

ਇਸ ਕੌਂਸਲ ਵਿੱਚ ਦੋਵੇਂ ਧਿਰਾਂ ਦੇ ਬਰਾਬਰ ਦੇ ਨੁਮਾਇੰਦੇ ਸਨ। ਕੇਂਦਰੀ ਵੰਡਾਰਾ ਕੌਂਸਲ ਨੇ ਹੀ ਫੈਸਲਾ ਕੀਤਾ ਕਿ ਕਮਿਸ਼ਨ ਦਾ ਚੇਅਰਮੈਨ ਅੰਗਰੇਜ਼ ਹੀ ਹੋਣਾ ਚਾਹੀਦਾ ਹੈ। ਇਹ ਦੇਖ ਕੇ ਕਿ ਕਮਿਸ਼ਨ ਦੇ ਮੁਸਲਿਮ ਅਤੇ ਗੈਰ-ਮੁਸਲਿਮ ਮੈਂਬਰਾਂ ਦੀ ਗਿਣਤੀ ਇਕੋ ਜਿਹੀ ਹੋਣ ਕਰਕੇ ਆਖਰੀ ਫੈਸਲੇ ਦਾ ਅਖਤਿਆਰ ਚੇਅਰਮੈਨ ਕੋਲ ਹੋਵੇ; ਜਿਸ ਕਰਕੇ ਇੰਡੀਅਨ ਇੰਡੀਪੈਂਡਿਸ ਐਕਟ 1947 ਦੀ ਧਾਰਾ 4 ਵਿੱਚ ਤਰਮੀਮ ਕਰਕੇ ਇਹ ਗੱਲ ਬਾਕਾਇਦਾ ਦਰਜ ਕੀਤੀ ਗਈ। ਇਹ ਗੱਲ ਵੀ ਕੇਂਦਰੀ ਬਟਵਾਰਾ ਕੌਂਸਲ ਦੀ ਸਹਿਮਤੀ ਨਾਲ ਕੀਤੀ ਗਈ। 22 ਜੁਲਾਈ 1947 ਨੂੰ ਵਾਇਸਰਾਇ ਨੇ ਕੌਂਸਲ ਦੀਆਂ ਦੋਹਾਂ ਧਿਰਾਂ ਦੇ ਮੈਂਬਰਾਂ ਤੋਂ ਇਹ ਬਚਨ ਵੀ ਲਿਆ ਗਿਆ ਕਿ ਜੇ ਕਮਿਸ਼ਨ ਸਰਬਸੰਮਤੀ ਨਾਲ ਕੋਈ ਫੈਸਲਾ ਨਾ ਕਰ ਸਕਿਆ ਤਾਂ ਇਸਦਾ ਚੇਅਰਮੈਨ ਜੋ ਵੀ ਫੈਸਲਾ ਕਰੇਗਾ, ਉਹ ਦੋਹਾਂ ਧਿਰਾਂ ਨੂੰ ਹਰ ਹਾਲਤ ਵਿੱਚ ਮਨਜ਼ੂਰ ਹੋਵੇਗਾ।

### ਹੱਦਬੰਦੀ ਕਮਿਸ਼ਨ ਦੇ ਕੰਮ ਦਾ ਤਰੀਕਾ

ਕਮਿਸ਼ਨ ਨੇ ਹੱਦਬੰਦੀ ਕਰਨ ਦੇ ਆਮ ਲੋਕਾਂ ਅਤੇ ਸਿਆਸੀ ਧਿਰਾਂ ਦੇ ਲਾਹੌਰ ਰਹਿ ਕੇ ਵਿਚਾਰ ਸੁਣੇ। 31 ਜੁਲਾਈ 1947 ਮਗਰੋਂ ਕਮਿਸ਼ਨ ਸ਼ਿਮਲੇ ਚਲਾ ਗਿਆ। 3 ਅਗਸਤ 1947 ਨੂੰ ਜਸਟਿਸ ਮੇਹਰ ਚੰਦ ਮਹਾਜਨ ਨੇ ਰਿਪੋਰਟ ਪੇਸ਼ ਕੀਤੀ। 4 ਅਗਸਤ ਨੂੰ ਜਸਟਿਸ ਤੇਜਾ ਸਿੰਘ ਨੇ ਆਪਣੀ ਰਿਪੋਰਟ ਪੇਸ਼ ਕੀਤੀ। 5 ਅਗਸਤ ਨੂੰ ਜਸਟਿਸ ਦੀਨ ਮੁਹੰਮਦ ਅਤੇ 6 ਅਗਸਤ ਨੂੰ ਜਸਟਿਸ ਮੁਹੰਮਦ ਮੁਨੀਰ ਨੇ ਆਪਣੀ ਰਿਪੋਰਟ ਪੇਸ਼ ਕੀਤੀ। ਇਹ ਦੋਵੇਂ ਧਿਰਾਂ ਦੀਆਂ ਰਿਪੋਰਟਾਂ ਆਮ ਸਹਿਮਤੀ ਦੇ ਨੇੜੇ-ਤੇੜੇ ਨਹੀਂ ਸਨ। ਕਮਿਸ਼ਨ ਦੀ ਆਖਰੀ ਮੀਟਿੰਗ ਸਰਵਿਸ ਕਲੱਬ ਸ਼ਿਮਲਾ ਵਿਖੇ ਹੋਈ, ਜਿਸ ਵਿੱਚ ਬੋਲਦਿਆਂ ਚੇਅਰਮੈਨ ਸਰ ਰੈੱਡਕਲਿਫ ਨੇ ਕਿਹਾ ਕਿ ਭਾਈ ਸਾਹਿਬ ਤੁਸੀਂ ਹੱਦਬੰਦੀ 'ਤੇ ਆਪਸ ਵਿੱਚ ਕੋਈ ਸਹਿਮਤੀ ਨਹੀਂ ਬਣਾ ਸਕੇ, ਜਿਸ ਕਰਕੇ ਮੇਰਾ ਇਹ ਫਰਜ਼ ਬਣਦਾ ਹੈ ਕਿ ਕਾਨੂੰਨ ਮੁਤਾਬਕ ਮਿਲੇ ਹੋਏ ਅਖਤਿਆਰਾਂ ਦੀ ਵਰਤੋਂ ਕਰਕੇ ਮੈਂ ਆਪਣਾ ਆਖਰੀ ਫੈਸਲਾ ਦੇਵਾਂ, ਜੋ ਕਿ ਮੈਂ ਬਾਅਦ ਵਿੱਚ ਦੇਵਾਂਗਾ।

### ਹੱਦਬੰਦੀ ਕਮਿਸ਼ਨ ਦਾ ਫੈਸਲਾ

ਕਮਿਸ਼ਨ ਦੇ ਚੇਅਰਮੈਨ ਨੇ ਆਖਰੀ ਫੈਸਲੇ ਵਿੱਚ ਆਬਾਦੀ ਵਾਲੇ ਸਿਧਾਂਤ ਤੋਂ ਇਲਾਵਾ ਹੋਰ ਗੱਲਾਂ ਨੇ ਧਿਆਨ ਵਿੱਚ ਰੱਖਣ ਦੀ ਮਿਲੀ ਹਦਾਇਤ ਨੂੰ ਮੁੱਖ ਰੱਖਦਿਆਂ ਮਿਸਾਲ ਦੇ ਤੌਰ 'ਤੇ ਮੁਸਲਿਮ ਆਬਾਦੀ ਵਾਲਾ ਫਿਰੋਜ਼ਪੁਰ ਜ਼ਿਲ੍ਹਾ ਭਾਰਤ ਨੂੰ ਦਿੱਤਾ, ਜਦਕਿ ਗੁਰਦਾਸਪੁਰ ਜ਼ਿਲ੍ਹੇ ਦੀ ਤਹਿਸੀਲ ਸ਼ੱਕਰਗੜ੍ਹ ਪਾਕਿਸਤਾਨ ਨੂੰ ਦਿੱਤੀ। ਇਸ ਨਾਲ ਹਰੀਕੇ ਅਤੇ ਹੁਸੈਨੀਵਾਲਾ ਹੈੱਡਵਰਕਸ ਹਿੰਦੁਸਤਾਨ ਨੂੰ ਮਿਲ ਸਕੇ। ਕਮਿਸ਼ਨ ਨੇ ਦਰਿਆਈ ਪਾਣੀਆਂ ਦੀ ਵੰਡ ਅਤੇ ਆਵਾਜਾਈ ਦੇ ਸਾਧਨਾਂ ਨੂੰ ਵੀ ਧਿਆਨ ਵਿੱਚ ਰੱਖਿਆ। ਹੱਦਬੰਦੀ ਦੇ ਕਮਿਸ਼ਨ ਦੇ ਫੈਸਲੇ ਦਾ ਐਲਾਨ ਹੋਣ ਸਾਰ ਹੀ ਪਾਕਿਸਤਾਨੀ ਧਿਰ ਨੇ ਇਸਦੀ ਤਿੱਖੀ ਨੁਕਤਾਚੀਨੀ ਕੀਤੀ, ਜਿਸ ਵਿੱਚ ਫਿਰੋਜ਼ਪੁਰ ਅਤੇ ਗੁਰਦਾਸਪੁਰ ਮੁਸਲਮਾਨ ਬਹੁਗਿਣਤੀ ਵਾਲੇ ਜ਼ਿਲ੍ਹੇ ਹੋਣ ਦੇ ਬਾਵਜੂਦ ਵੀ ਭਾਰਤ ਨੂੰ ਦੇਣ ਦੀ ਗੱਲ ਸੀ। ਇਸੇ ਤਰ੍ਹਾਂ ਸਿੱਖਾਂ ਨੇ ਇਸ ਫੈਸਲੇ ਦੀ ਇਹ ਕਹਿ ਕੇ ਨੁਕਤਾਚੀਨੀ ਕੀਤੀ ਕਿ ਇਸ ਨਾਲ ਸਿੱਖਾਂ ਦੇ ਇਤਿਹਾਸਕ ਗੁਰਦੁਆਰੇ ਪਾਕਿਸਤਾਨ ਵਿੱਚ ਰਹਿ ਗਏ ਹਨ। ਵਾਇਸਰਾਇ ਲਾਰਡ ਮਾਊਂਟਬੈਟਨ ਨੇ ਇਸਦੇ ਜੁਆਬ ਵਿੱਚ ਕਿਹਾ ਕਿ ਫੈਸਲੇ ਨਾਲ ਦੋਵੇਂ ਧਿਰਾਂ ਦੀ ਬਰਾਬਰ ਸੰਤੁਸ਼ਟੀ ਤਾਂ ਸੰਭਵ ਨਹੀਂ ਸੀ, ਪਰ ਕਿਉਂਕਿ ਦੋਵੇਂ ਧਿਰਾਂ ਬਰਾਬਰ ਦੀਆਂ ਅਸੰਤੁਸ਼ਟ ਨੇ ਇਸ ਕਰਕੇ ਮੈਨੂੰ ਇਸ ਗੱਲ ਦੀ ਤਸੱਲੀ ਹੈ ਕਿ ਕਮਿਸ਼ਨ ਦਾ ਫੈਸਲਾ ਠੀਕ ਹੈ।

ਵਾਇਸਰਾਏ ਨੇ ਆਪਣੇ ਵੱਲੋਂ ਕੋਈ ਅਜਿਹੀ ਗੱਲ ਨਹੀਂ ਕੀਤੀ, ਜਿਸ ਨਾਲ ਇਹ ਗੱਲ ਜਾਪਦੀ ਕਿ ਉਸ ਵੱਲੋਂ ਕਮਿਸ਼ਨ 'ਤੇ ਆਪਣੇ ਰਸੂਖ ਦੀ ਵਰਤੋਂ ਕੀਤੀ ਜਾ ਰਹੀ ਹੈ। ਪ੍ਰਸਿੱਧ ਇਤਿਹਾਸਕਾਰ ਡਾ. ਕਿਰਪਾਲ ਸਿੰਘ ਆਪਣੀ ਕਿਤਾਬ "ਪੰਜਾਬ ਦਾ ਬਟਵਾਰਾ" ਦੇ ਸਫ਼ਾ ਨੰ: 92 'ਤੇ ਲਿਖਦੇ ਹਨ ਕਿ ਇਸ ਗੱਲ ਦਾ ਕੋਈ ਸਬੂਤ ਨਹੀਂ ਮਿਲਦਾ ਕਿ ਵਾਇਸਰਾਏ ਨੇ ਹੱਦਬੰਦੀ ਕਮਿਸ਼ਨ ਦੇ ਕਾਰਜ-ਸੰਚਾਲਨ ਵਿੱਚ ਕੋਈ ਦਖ਼ਲ ਦਿੱਤਾ ਹੋਵੇ। ਇਸ ਦੇ ਉਲਟ ਏਲਨ ਕੈਂਪਬੈਲ ਜਾਹਨਸਨ ਲਿਖਦਾ ਹੈ, "ਮਾਊਂਟਬੈਟਨ ਨੇ ਸ਼ੁਰੂ ਵਿੱਚ ਹੀ ਆਪਣੇ ਅਮਲੇ ਨੂੰ ਬਹੁਤ ਹੀ ਸਪੱਸ਼ਟ ਹਦਾਇਤਾਂ ਦੇ ਦਿੱਤੀਆਂ ਸਨ ਕਿ ਉਹ ਉਸ ਸਮੇਂ ਲਈ ਰੈੱਡਕਲਿਫ਼ ਨਾਲ ਕਿਸੇ ਪ੍ਰਕਾਰ ਦਾ ਵੀ ਕੋਈ ਸੰਬੰਧ ਨਾ ਰੱਖਣ, ਜਦੋਂ ਤੱਕ ਕਿ ਉਹ ਹੱਦਬੰਦੀ ਦੇ ਔਕੜਪੂਰਣ ਅਤੇ ਨਾਜ਼ੁਕ ਕਾਰਜ ਵਿੱਚ ਰੁਝਿਆ ਰਹੇ ਅਤੇ ਉਹ ਆਪ ਵੀ ਉਸ ਨੂੰ ਪਹਿਲੀ ਵਾਰ 'ਜੀ ਆਇਆਂ' ਆਖਣ ਤੋਂ ਉਪਰੰਤ ਉਸ ਤੋਂ ਦੂਰ ਹੀ ਰਿਹਾ। ਇਸੇ ਪ੍ਰਕਾਰ ਬਰੈਸ਼ਰ ਲਿਖਦਾ ਹੈ, "ਲੇਖਕ ਨੂੰ ਕਈ ਵਿਅਕਤੀਆਂ ਨੇ ਦੱਸਿਆ ਕਿ ਕਮਿਸ਼ਨ ਦੇ ਸਮੁੱਚੇ ਸਮੇਂ ਦੌਰਾਨ ਮਾਊਂਟਬੈਟਨ ਅਤੇ ਰੈੱਡਕਲਿਫ਼ ਵਿਚਕਾਰ ਕੋਈ ਪੱਤਰ-ਵਿਵਹਾਰ ਨਹੀਂ ਹੋਇਆ। ਅਕਾਲੀ ਨੇਤਾ ਮਾਸਟਰ ਤਾਰਾ ਸਿੰਘ ਅਤੇ ਗਿਆਨੀ ਕਰਤਾਰ ਸਿੰਘ ਨੇ ਲੇਖਕ ਨੂੰ ਦੱਸਿਆ ਕਿ ਸਿੱਖਾਂ ਦੇ ਹੱਕ ਵਿੱਚ ਮੇਜਰ ਸ਼ਰਟ ਦੀ ਦਲੀਲਬਾਜ਼ੀ ਕਾਰਨ ਹੀ ਹੱਦਬੰਦੀ ਫੈਸਲਾ ਭਾਰਤ ਲਈ ਲਾਹੇਵੰਦ ਰਿਹਾ। ਇਹ ਗੱਲ ਸਹੀ ਪ੍ਰਤੀਤ ਨਹੀਂ ਹੁੰਦੀ, ਕਿਉਂਕਿ ਮੇਜਰ ਸ਼ਾਰਟ ਕਿਸੇ ਉੱਚ ਪੱਦਵੀ 'ਤੇ ਨਿਯੁਕਤ ਨਹੀਂ ਸੀ, ਜੋ ਕਿ ਅਜਿਹੀਆਂ ਘਟਨਾਵਾਂ 'ਤੇ ਅੰਸਰ ਅੰਦਾਜ਼ ਹੋ ਸਕਦਾ। ਇਹ ਗੱਲ ਉਸਨੇ ਲੇਖਕ ਨਾਲ ਗੱਲਬਾਤ ਦੌਰਾਨ ਆਪ ਮੰਨੀ ਹੈ। ਜੁਲਾਈ 1947 ਦੇ ਤੀਜੇ ਹਫਤੇ ਉਸ ਨੂੰ ਲਾਰਡ ਮਾਊਂਟਬੈਟਨ ਦੇ ਚੀਫ਼ ਆਫ਼ ਦੀ ਸਟਾਫ਼ ਲਾਰਡ ਇਸਮੇ ਦਾ ਪੀ.ਏ. ਨਿਯੁਕਤ ਕੀਤਾ ਗਿਆ ਸੀ।

*(ਅਗਲੀ ਕਿਸ਼ਤ ਅਗਲੇ ਅੰਕ ਵਿੱਚ ਪੜ੍ਹੋ)*

# ਜੰਮੂ-ਕਸ਼ਮੀਰ ਵਿੱਚ ਇੰਡੀਆ ਗੱਠਜੋੜ ਅਤੇ ਹਰਿਆਣਾ ਵਿੱਚ ਭਾਜਪਾ ਜਿੱਤੀ

*ਸਫਾ ਇੱਕ ਦੀ ਬਾਕੀ ⇒*

ਸਟੇਟ ਦਾ ਦਰਜਾ ਦੇਣ ਵਾਲੀ ਧਾਰਾ 370 ਖਤਮ ਕਰ ਦਿੱਤੀ ਗਈ ਸੀ ਅਤੇ ਰਾਸ਼ਟਰਪਤੀ ਰਾਜ ਲਾਗੂ ਕਰ ਕੇ ਇਸ ਖੇਤਰ ਨੂੰ ਯੂਨੀਅਨ ਟੈਰੀਟਰੀ ਐਲਾਨ ਦਿੱਤਾ ਗਿਆ ਸੀ। ਇਸ ਤੋਂ ਬਾਅਦ ਪੈਦਾ ਹੋਏ ਰੋਸ ਨੂੰ ਦਬਾਉਣ ਲਈ ਵੱਡੀ ਗਿਣਤੀ ਵਿੱਚ ਸੁਰੱਖਿਆ ਫੋਰਸਾਂ ਤਾਇਨਾਤ ਕੀਤੀਆਂ ਗਈਆਂ ਅਤੇ ਕਈ ਦੇਰ ਤੱਕ ਕਰਫਿਊ ਲੱਗਿਆ ਰਿਹਾ। ਇੰਟਰਨੈਟ ਦੀ ਸਹੂਲਤ ਕੱਟ ਦਿੱਤੀ ਗਈ ਸੀ ਅਤੇ ਲੋਕਾਂ ਨੂੰ ਘਰਾਂ ਵਿੱਚ ਤਾੜ ਦਿੱਤਾ ਗਿਆ ਸੀ। ਸਾਰਾ ਜੰਮੂ-ਕਸ਼ਮੀਰ ਦੁਨੀਆਂ ਨਾਲੋਂ ਕੱਟ ਕੇ ਰਹਿ ਗਿਆ ਸੀ। ਧਾਰਾ 370 ਹਟਾਏ ਜਾਣ ਦਾ ਵੱਡਾ ਰੋਸ ਇੱਥੋਂ ਦੇ ਮੁਸਲਿਮ ਭਾਈਚਾਰੇ ਵਿੱਚ ਸੀ, ਜਦਕਿ ਜੰਮੂ ਵਿੱਚ ਹਿੰਦੂ ਭਾਈਚਾਰਾ ਵੀ ਵੱਡੀ ਗਿਣਤੀ ਵਿੱਚ ਰਹਿੰਦਾ ਹੈ। ਇਹ ਚੋਣਾਂ ਦਰਸਾਉਂਦੀਆਂ ਹਨ ਕਿ ਚੋਣਾਂ ਵਿੱਚ ਧਾਰਾ 370 ਹਟਾਉਣ ਖਿਲਾਫ ਮੁਸਲਿਮ ਭਾਈਚਾਰੇ ਦਾ ਰੋਸ ਹਾਲੇ ਵੀ ਕਾਇਮ ਹੈ। ਇਸੇ ਕਾਰਨ ਕਸ਼ਮੀਰ ਵਾਦੀ ਵਿੱਚ ਭਾਜਪਾ ਕੋਈ ਸੀਟ ਨਹੀਂ ਜਿੱਤ ਸਕੀ। ਉਸ ਨੂੰ ਸਾਰੀਆਂ ਸੀਟਾਂ ਜੰਮੂ ਦੇ ਹਿੰਦੂ ਬਹੁਲ ਖੇਤਰ ਵਿੱਚੋਂ ਹੀ ਮਿਲੀਆਂ ਹਨ। ਇਸ ਵਰਤਾਰੇ ਤੋਂ ਸਾਫ ਹੁੰਦਾ ਹੈ ਕਿ ਜੰਮੂ-ਕਸ਼ਮੀਰ ਵਿੱਚ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਧਰੁਵੀਕਰਨ ਦੀ ਲਕੀਰ ਬੇਹੱਦ ਡੂੰਘੀ ਹੋ ਗਈ ਹੈ।

ਭਾਜਪਾ ਨੇ ਜੰਮੂ-ਕਸ਼ਮੀਰ ਵਿੱਚ ਮਸਲਿਮ ਬਹੁਲਤਾ ਨੂੰ ਘੱਟ ਕਰਨ ਲਈ ਡੀਲਿਮੀਟੇਸ਼ਨ ਦਾ ਅਮਲ ਵੀ ਚਲਾਇਆ। ਭਾਵ ਸੀਟਾਂ ਦੀ ਮੁੜ ਵੰਡ ਕੀਤੀ ਗਈ ਅਤੇ ਜੰਮੂ ਖੇਤਰ ਲਈ 6 ਸੀਟਾਂ ਦਾ ਵਾਧਾ ਕੀਤਾ ਗਿਆ। ਇਸ ਤੋਂ ਇਲਾਵਾ ਕਸ਼ਮੀਰ ਵਾਦੀ ਵਿੱਚ ਇੱਕ ਸੀਟ ਵਧਾਈ ਗਈ। ਇਹ ਮੱਦ ਵੀ ਰੱਖੀ ਗਈ ਹੈ ਕਿ 5 ਅਸੈਂਬਲੀ ਮੈਂਬਰ ਰਾਜ ਦੇ ਰਾਜਪਾਲ (ਲੈਫਟੀਨੈਂਟ ਗਵਰਨਰ) ਵੱਲੋਂ ਨਾਮਜਦ ਕੀਤੇ ਜਾਣਗੇ। ਯਾਦ ਰਹੇ, ਧਾਰਾ 370 ਹਟਾਉਣ ਤੋਂ ਪਹਿਲਾਂ ਇਸ ਰਾਜ ਵਿੱਚ ਕੁੱਲ ਵਿਧਾਨ ਸਭਾ ਸੀਟਾਂ 83 ਸਨ, ਜਦਕਿ ਇਸ ਵਾਰ 90 ਸੀਟਾਂ 'ਤੇ ਵੋਟਾਂ ਪਈਆਂ ਹਨ। ਭਾਜਪਾ ਨੂੰ ਇਸ ਡੀਲਿਮੀਟੇਸ਼ਨ ਦਾ ਸੀਟਾਂ ਦੇ ਮਾਮਲੇ ਵਿੱਚ ਥੋੜ੍ਹਾ ਫਾਇਦਾ ਹੋਇਆ ਹੈ ਅਤੇ ਵੋਟ ਫੀਸਦੀ 2014 ਦੇ 23 ਫੀਸਦੀ ਦੇ ਮੁਕਾਬਲੇ ਵਧ ਕੇ 25.6 ਫੀਸਦੀ ਹੋ ਗਈ ਹੈ। ਕਸ਼ਮੀਰ ਵਾਦੀ ਵਿੱਚ ਭਾਜਪਾ ਦੀ ਝੋਲੀ 2014 ਵਿੱਚ ਵੀ ਖਾਲੀ ਰਹੀ ਸੀ ਅਤੇ ਇਸ ਵਾਰ ਵੀ ਖਾਲੀ ਰਹੀ ਹੈ। ਜੰਮੂ ਖੇਤਰ ਵਿੱਚ 6 ਜ਼ਿਲ੍ਹਿਆਂ ਵਿੱਚ ਮੁਸਲਮਾਨਾਂ ਦੀ ਬਹੁਗਿਣਤੀ ਹੈ ਅਤੇ ਚਾਰ ਜ਼ਿਲ੍ਹਿਆਂ ਵਿੱਚ ਹਿੰਦੂ ਭਾਈਚਾਰੇ ਦੀ ਬਹੁਗਿਣਤੀ ਹੈ। ਭਾਜਪਾ ਨੇ ਇਸ ਵਾਰ ਡੀਲਿਮੀਟੇਸ਼ਨ ਰਾਹੀਂ ਹਿੰਦੂ ਬਹੁਲ ਖੇਤਰ ਵਿੱਚ 3 ਸੀਟਾਂ ਵਧਾ ਲਈਆਂ ਸਨ। ਇਹ ਸੀਟਾਂ ਇਸੇ ਪਾਰਟੀ ਦੀ ਝੋਲੀ ਪਈਆਂ ਹਨ। ਜੇ ਸਮੁੱਚੇ ਰੂਪ ਵਿੱਚ ਵੇਖਣਾ ਹੋਵੇ ਤਾਂ ਹਰਿਆਣਾ ਅਤੇ ਜੰਮੂ-ਕਸ਼ਮੀਰ, ਦੋਹਾਂ ਖੇਤਰਾਂ ਵਿੱਚ ਹੀ ਤਿੱਖੇ ਕਿਸਮ ਦਾ ਧਰੁਵੀਕਰਨ ਹੋਇਆ।

ਜਿੱਥੇ ਕਸ਼ਮੀਰ ਵਿੱਚ ਇਹ ਧਰੁਵੀਕਰਨ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਹੋਇਆ ਹੈ, ਉਥੇ ਹਰਿਆਣਾ ਵਿੱਚ ਜਾਟ ਬਨਾਮ ਗੈਰ ਜਾਟ ਜਾਤੀਆਂ ਵਿਚਕਾਰ ਧਰੁਵੀਕਰਨ ਕੀਤਾ ਗਿਆ। ਹਰਿਆਣਾ ਵਿੱਚ ਭਾਜਪਾ ਵੱਲੋਂ ਜਾਟ ਭਾਈਚਾਰੇ ਨੂੰ ਦਰਕਿਨਾਰ ਕਰਕੇ ਗੈਰ ਜਾਟ ਵੋਟਾਂ ਨੂੰ ਆਪਣੇ ਪੱਖ ਵਿੱਚ ਲਾਮਬੰਦ ਕਰਨ ਦਾ ਪੱਤਾ ਜ਼ਿਆਦਾ ਕਾਮਯਾਬ ਰਿਹਾ ਹੈ। ਜਦਕਿ ਕਾਂਗਰਸ ਪਾਰਟੀ ਦੀ ਕਾਰਗੁਜ਼ਾਰੀ ਇਸੇ ਸਾਲ ਮਈ ਮਹੀਨੇ ਵਿੱਚ ਹੋਈਆਂ ਲੋਕ ਸਭਾ ਚੋਣਾਂ ਨਾਲੋਂ ਹੇਠਾਂ ਵੱਲ ਗਈ ਹੈ। ਇਸ ਦਾ ਕਾਰਨ ਵੱਖ-ਵੱਖ ਵਿਸ਼ਲੇਸ਼ਕ ਵੱਖੋ-ਵੱਖਰਾ ਦੱਸਦੇ ਹਨ। ਕੁਝ ਦਾ ਆਖਣਾ ਹੈ ਕਿ ਭਾਜਪਾ ਨੇ ਚੋਣਾਂ ਤੋਂ ਪਹਿਲਾਂ ਹਰਿਆਣਾ ਦਾ ਮੁੱਖ ਮੰਤਰੀ ਬਦਲ ਕੇ ਅਤੇ ਪਿਛਲੇ ਵਿਧਾਇਕਾਂ ਦੀਆਂ ਸੀਟਾਂ ਕੱਟ ਕੇ ਆਪਣੇ 10 ਸਾਲ ਦੇ ਰਾਜ ਵਿੱਚ ਬਣੀ ਸਰਕਾਰ ਵਿਰੋਧੀ ਭਾਵਨਾ ਨੂੰ ਖਾਰਜ ਕਰ ਦਿੱਤਾ। ਦੂਜੇ ਪਾਸੇ ਆਮ ਆਦਮੀ ਪਾਰਟੀ ਨਾਲ ਨਜ਼ਦੀਕੀਆਂ ਰੱਖਣ ਵਾਲੇ ਵਿਸ਼ਲੇਸ਼ਣਕਾਰਾਂ ਅਨੁਸਾਰ ਕਾਂਗਰਸ ਪਾਰਟੀ ਨੇ 'ਆਪ' ਨਾਲ ਗੱਠਜੋੜ ਨਾ ਕਰਕੇ ਗਲਤੀ ਕੀਤੀ। ਇਹ ਕਾਂਗਰਸ ਪਾਰਟੀ ਦਾ ਹੱਦੋਂ ਵੱਧ ਆਤਮ ਵਿਸ਼ਵਾਸ ਸੀ। ਇਸ ਤੋਂ ਇਲਾਵਾ ਇਹ ਵੀ ਸਾਹਮਣੇ ਆ ਰਿਹਾ ਹੈ ਕਿ ਘੱਟੋ-ਘੱਟ 10 ਸੀਟਾਂ 'ਤੇ ਕਾਂਗਰਸ ਤੋਂ ਬਾਗੀ ਹੋਏ ਉਮੀਦਵਾਰ ਖੜ੍ਹੇ ਸਨ। ਇਨ੍ਹਾਂ ਉਮੀਦਵਾਰਾਂ ਨੂੰ ਜੋ ਵੋਟ ਪਈ, ਉਹੀ ਕਾਂਗਰਸ ਪਾਰਟੀ ਦੇ ਉਮੀਦਵਾਰਾਂ ਦੀ ਹਾਰ ਦਾ ਕਾਰਨ ਬਣੀ।

ਉਪਰੋਕਤ ਦਲੀਲਾਂ ਵੀ ਠੀਕ ਹਨ, ਪਰ ਕਾਂਗਰਸ ਦੀ ਹਾਰ ਦਾ ਸਭ ਤੋਂ ਵੱਡਾ ਕਾਰਨ ਇਹ ਰਿਹਾ ਕਿ ਕਾਂਗਰਸ ਨੇ ਪਾਰਟੀ ਵਿਚਲੀ ਅੰਦਰੂਨੀ ਫੁੱਟ ਨੂੰ ਕਾਬੂ ਕਰਨ ਵਿੱਚ ਦੇਰ ਕਰ ਦਿੱਤੀ। ਭਾਵੇਂ ਵੋਟਾਂ ਤੋਂ ਪਹਿਲਾਂ ਰਾਹੁਲ ਗਾਂਧੀ ਨੇ ਜਾਟ ਆਗੂ ਭੁਪਿੰਦਰ ਸਿੰਘ ਹੁੱਡਾ ਅਤੇ ਦਲਿਤ ਕਾਂਗਰਸੀ ਆਗੂ ਕੁਮਾਰੀ ਸ਼ੈਲਜਾ ਵਿਚਕਾਰ ਏਕਤਾ ਕਰਵਾਉਣ ਦਾ ਯਤਨ ਕੀਤਾ, ਪਰ ਉਦੋਂ ਤੱਕ ਕਾਫੀ ਦੇਰ ਹੋ ਚੁਕੀ ਸੀ। ਇਸ ਸਭ ਦੇ ਬਾਵਜੂਦ ਹਰਿਆਣਾ ਵਿੱਚ ਭਾਜਪਾ ਅਤੇ ਕਾਂਗਰਸ ਵਿਚਕਾਰ ਵੋਟ ਫੀਸਦੀ ਦਾ ਬਹੁਤਾ ਫਰਕ ਨਹੀਂ ਹੈ। ਭਾਜਪਾ ਨੂੰ 39.94 ਅਤੇ ਕਾਂਗਰਸ ਨੂੰ 39.9 ਫੀਸਦੀ ਵੋਟ ਮਿਲੇ। ਫਿਰ ਵੀ ਜਾਪਦਾ ਹੈ ਕਿ ਕਾਂਗਰਸ ਪਾਰਟੀ ਨੇ ਲੋਕ ਸਭਾ ਚੋਣਾਂ ਵਿੱਚ ਹਾਸਲ ਕੀਤੀ ਗਤੀਸ਼ੀਲਤਾ ਫਿਲਹਾਲ ਗੁਆ ਦਿੱਤੀ ਹੈ। ਇਸ ਦਾ ਮਹਾਰਾਸ਼ਟਰ ਸਮੇਤ ਅਗਲੇ ਸਾਲ ਦੋ ਰਾਜਾਂ ਵਿੱਚ ਹੋਣ ਵਾਲੀਆਂ ਚੋਣਾਂ 'ਤੇ ਕਾਫੀ ਅਸਰ ਪੈ ਸਕਦਾ ਹੈ। ਉਂਝ ਕਾਂਗਰਸ ਪਾਰਟੀ ਦਾ ਆਖਣਾ ਹੈ ਕਿ ਤਿੰਨ ਜ਼ਿਲ੍ਹਿਆਂ ਵਿੱਚ ਈ.ਵੀ.ਐਮ. ਨਾਲ ਛੇੜ-ਛਾੜ ਕੀਤੀ ਗਈ ਹੈ। ਇਸ ਬਾਰੇ ਪਾਰਟੀ ਤੱਥਾਂ ਸਹਿਤ ਵਿਸਥਾਰਤ ਰਿਪੋਰਟ ਪੇਸ਼ ਕਰੇਗੀ।

ਸਹਾਇਤਾ ਦੀ ਲੋੜ ਹੈ
HELP WANTED
ਘਰ ਦੀ ਦੇਖ-ਭਾਲ ਲਈ ਸਹਾਇਤਾ ਦੀ ਲੋੜ ਹੈ
ਕੈਰੀ ਨੇੜੇ ਸਕੂਲ ਵਿੱਚ ਬੱਚੇ ਨੂੰ ਛੱਡਣ ਤੇ ਲੈ ਕੇ ਆਉਣ ਅਤੇ ਹਲਕੇ ਕੰਮਾਂ ਤੇ ਖਾਣਾ ਪਕਾਉਣ ਲਈ ਰੋਜ਼ਾਨਾ ਘਰੇਲੂ ਮਦਦ ਦੀ ਲੋੜ ਹੈ
*ਸਮਾਂ ਤੇ ਘੰਟੇ ਚਰਚਾ ਕੀਤੇ ਜਾਣਗੇ*
*ਉਮੀਦਵਾਰ ਗੱਡੀ ਚਲਾ ਸਕਦਾ ਹੋਵੇ, ਵਾਹਨ ਹੋਣਾ ਜ਼ਰੂਰੀ ਹੈ*
ਸੰਪਰਕ ਕਰੋ, ਫੋਨ: 847-287-3478

ਅਹਿਮੀਅਤ

**ਬਲਵਿੰਦਰ ਬਾਲਮ**
**ਫੋਨ:+91-9815625409**



## ਗੁਰੂ ਨਾਨਕ ਬਾਣੀ ਵਿੱਚ ਕੁਦਰਤ ਦਾ ਖ਼ੂਬਸੂਰਤ ਵਰਣਨ (2)

# ਤੇਰਾ ਅੰਤੁ ਨ ਜਾਈ ਲਖਿਆ



## ਮਾਨਵਤਾ ਲਈ ਪ੍ਰਤੀਕਾਤਮਿਕ ਸੰਦੇਸ਼

ਉਨ ਵਿਘਨ ਛਾਏ ਬਰਸੁ ਸੁਭਾਏ ਮਨਿ ਤਨਿ ਪ੍ਰੇਮੁ ਸੁਖਾਵੈ॥

ਨਾਨਕ ਵਰਸੈ ਅੰਮ੍ਰਿਤ ਬਾਣੀ ਕਰਿ ਕਿਰਪਾ ਘਰਿ ਆਵੈ॥

ਭਾਵ ਝੁਕ-ਝੁਕ ਕੇ ਬੱਦਲ ਛਾਏ ਹਨ, ਵਰਖਾ ਸ਼ੋਭਮਾਨ ਹੋਈ ਹੈ ਅਤੇ ਮਨ-ਤਨ ਪ੍ਰੇਮ ਸੁਖਾਂਦਾ ਹੈ। ਕਿਰਪਾ ਹੋਣ 'ਤੇ ਉਹ ਹਰੀ ਮਨ ਵਿੱਚ ਆ ਜਾਂਦਾ ਹੈ ।

**ਸੰਦੇਸ਼:** ਚਾਰੇ ਪਾਸੇ ਬੱਦਲ ਛਾਏ ਹੋਏ ਹਨ, ਇਵੇਂ ਹਰੀ ਹਿਰਦੇ ਵਿੱਚ ਬਰਸਦਾ ਹੈ। ਉਸਦੇ ਨਾਮ ਨਾਲ ਠੰਡ ਵਰਤ ਜਾਂਦੀ ਹੈ, ਮਨ ਵਿੱਚ ਸਕੂਨ ਉਤਪਨ ਹੋ ਜਾਂਦਾ ਹੈ।

ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ॥

ਪਿਰ ਘਰਿ ਨਹੀਂ ਆਵੈ ਧਨ ਕਿਉ ਸੁਖੁ ਪਾਵੈ ਬਿਰਹਿ ਬਿਰੋਧ ਤਨੁ ਛੀਜੈ॥

ਕੋ ਦਿਲ ਅੰਬਿ ਸੁਹਾਵੀ ਬੋਲੈ ਕਿਉ ਦੁਖੁ ਅੰਕਿ ਸਹੀਜੈ॥

ਭਵਰੁ ਭਵੰਤਾ ਫੂਲੀ ਡਾਲੀ ਕਿਉ ਜੀਵਾ ਮਰੁ ਮਾਏ॥

ਭਾਵ ਬਾਹਰ ਦੇ ਇਲਾਕੇ ਵਿੱਚ ਜੰਗਲ ਫੁੱਲ ਪਵੇ, ਜੇ ਮੇਰੇ ਘਰ ਪਤੀ ਵਾਪਸ ਆਏ; ਜਿਸ ਤਰ੍ਹਾਂ ਮਾਰੂਥਲ ਵਿੱਚ, ਉਜਾੜ ਵਿੱਚ ਜੰਗਲ ਹਰਿਆ-ਭਰਿਆ ਹੋ ਜਾਂਦਾ ਹੈ, ਤਾਂ ਬਹਾਰਾਂ ਹੀ ਬਹਾਰਾਂ ਆ ਜਾਂਦੀਆਂ ਹਨ, ਤਿਵੇਂ ਪਤੀ ਦੇ ਘਰ ਪੈਰ ਪਾਉਣ ਨਾਲ ਘਰ ਵਿੱਚ ਖੁਸ਼ੀਆਂ ਹੀ ਖੁਸ਼ੀਆਂ ਆ ਜਾਂਦੀਆਂ ਹਨ। ਵਿਛੋੜੇ ਕਰਕੇ ਸਰੀਰ ਟੁੱਟ ਰਿਹਾ ਹੈ, ਕਿਵੇਂ ਦੁੱਖ ਨੂੰ ਦਿਲ ਅੰਦਰ ਸਹਾਰਾਂ! ਅੰਬਾਂ ਉਤੇ ਕੋਇਲ ਸੁਹਾਵਣੇ ਬੋਲ ਕੂਕਦੀ ਹੈ। ਹੇ ਮਾਈ! ਮੈਂ ਕਿਵੇਂ ਜੀਵਾਂ, ਭੌਰਾ ਫੁੱਲਾਂ ਲੱਦੀ ਟਹਿਣੀ ਉਤੇ ਘੁੰਮ ਰਿਹਾ ਹੈ। ਬਸੰਤ ਦੀ ਖੁਸ਼ੀ ਦਾ ਸੁੰਦਰ ਦ੍ਰਿਸ਼ ਵਰਣਨ ਹੈ।

**ਸੰਦੇਸ਼:** ਮਨਮੋਹਣੇ ਪ੍ਰਤੀਕਾਂ ਦੇ ਨਾਲ ਕਵੀ ਗੁਰੂ ਸਮਝਾਉਂਦਿਆਂ ਮਨੁੱਖ ਨੂੰ ਪ੍ਰਭੂ ਨਾਲ ਜੋੜਨ ਦੀ ਵਿਧੀ ਦੱਸਦੇ ਹਨ। ਪ੍ਰਭੂ ਦੇ ਮੇਲ ਨਾਲ ਹਿਰਦੇ ਦੇ ਜੰਗਲ ਹਰੇ-ਭਰੇ ਹੋ ਜਾਂਦੇ ਹਨ। ਉਸਦੇ ਮਿਲਣ ਨਾਲ ਤ੍ਰਿਸ਼ਨਾਵਾਂ ਪੂਰੀਆਂ ਹੋ ਜਾਂਦੀਆਂ ਹਨ। ਪ੍ਰਭੂ ਦੇ ਨਾਮ ਵਿੱਚ ਅਥਾਹ ਸ਼ਕਤੀ ਹੈ।

ਭਾਦਉ ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ॥

ਜਲ ਥਲ ਨੀਰਿ ਭਰੇ ਬਰਸ ਰੁਤੇ ਰੰਗ ਮਾਣੀ॥

ਬਰਸੈ ਨਿਸਿ ਕਾਲੀ ਕਿਉ ਸੁਖੁ ਬਾਲੀ ਦਾਦਰ ਮੋਰ ਲਵੰਤੇ॥

ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ ਭੁਇਅੰਗਮ ਫਿਰਹਿ ਡਸੰਤੇ॥

ਮਛਰ ਡੰਗ ਸਾਇਰ ਭਰ ਸੁਤਰ ਬਿਨੁ ਹਰਿ ਕਿਉ ਸੁਖੁ ਪਾਈਐ॥

ਨਾਨਕ ਪੂਛਿ ਚਲਉ ਗੁਰ ਅਪੁਨੇ ਜਹ ਪ੍ਰਭੁ ਤਹ ਹੀ ਜਾਈਐ॥

ਭਾਵ ਭਾਦਰੋਂ ਮਾਹ ਵਿੱਚ ਬੱਦਲ ਧੜਾ-ਧੜ ਆਉਂਦੇ ਹਨ, ਪਰ ਜਲਦੀ ਹੀ ਉਡ ਜਾਂਦੇ ਹਨ, ਇਹ ਮੌਸਮ ਹੋਰ ਹੀ ਤਰ੍ਹਾਂ ਦਾ ਹੈ ਅਤੇ ਭੁਲੇਖਾਮਈ ਹੁੰਦਾ ਹੈ; ਇਸੇ ਤਰ੍ਹਾਂ ਹੀ ਜੀਵ ਰੂਪੀ ਇਸਤਰੀ ਵੀ ਭਰਮ ਵਿੱਚ ਭੁੱਲੀ ਹੋਈ ਆਪਣੇ ਹਾਰ ਸ਼ਿੰਗਾਰ ਵਿੱਚ ਲੱਗੀ ਹੋਈ ਹੈ। ਚਾਰ-ਚੁਫੇਰੇ ਜਲ-ਥਲ ਪਾਣੀ ਨਾਲ ਭਰੇ ਅਤੇ ਮੌਜ ਮਾਣਨ ਵਾਲੀ ਬਾਰਿਸ਼ ਦੀ ਰੁੱਤ ਹੈ, ਕਾਲੀ ਰੁੱਤ ਨੂੰ ਮੀਂਹ ਵਰਦਾ ਹੈ, ਡੱਡੂ ਗੁੜੈਂ-ਗੁੜੈਂ ਕਰਦੇ ਹਨ, ਮੋਰ ਕੁਹਕਦੇ ਹਨ, ਪਪੀਹਾ ਵੀ ਪ੍ਰਿਉ-ਪ੍ਰਿਉ ਕਰਦਾ ਹੈ, ਪਰ ਪਤੀ ਤੋਂ ਵਿਛੜੀ ਨਾਰ ਨੂੰ ਇਸ ਸੁਹਾਵਣੇ ਰੰਗ ਤੋਂ ਆਨੰਦ ਨਹੀਂ ਮਿਲਦਾ, ਉਸਨੂੰ ਤਾਂ ਇਹੀ ਲੱਗਦਾ ਹੈ ਕਿ ਮੱਛਰ ਡੰਗ ਮਾਰਦੇ ਹਨ, ਸੱਪ ਡੱਸਦੇ ਫਿਰਦੇ ਹਨ। ਇਸੇ ਤਰ੍ਹਾਂ ਜੀਵ ਰੂਪੀ ਇਸਤਰੀ ਨੂੰ ਵੀ ਪ੍ਰਭੂ ਪਤੀ ਦੇ ਵਿਛੋੜੇ ਦਾ ਅਹਿਸਾਸ ਹੋ ਜਾਂਦਾ ਹੈ ਅਤੇ ਉਸਨੂੰ ਹੋਰ ਰੰਗ ਤਮਾਸ਼ਿਆਂ ਵਿੱਚੋਂ ਆਤਮਿਕ ਆਨੰਦ ਨਹੀਂ ਮਿਲਦਾ, ਸਗੋਂ ਰੰਗ ਤਮਾਸ਼ੇ ਮੱਛਰ ਤੇ ਸੱਪਾਂ ਵਾਂਗੂ ਡੰਗ ਮਾਰਦੇ ਪ੍ਰਤੀਤ ਹੁੰਦੇ ਹਨ। ਹੇ ਨਾਨਕ! ਤੂੰ ਆਖ ਕਿ ਮੈਂ ਤੇ ਆਪਣੇ ਗੁਰੂ ਦੇ ਦੱਸੇ ਹੋਏ ਰਾਹ 'ਤੇ ਤੁਰਾਂਗੀ ਤੇ ਉਥੇ ਹੀ ਜਾਵਾਂਗੀ, ਜਿੱਥੇ ਮੇਰਾ ਪ੍ਰਭੂ ਪਤੀ ਮਿਲ ਸਕਦਾ ਹੈ।

**ਸੰਦੇਸ਼:** ਬਾਹਰੀ ਸੁੱਖਾਂ ਦੀ ਭਾਲ ਨਾਲੋਂ ਹਰੀ ਨਾਮ ਦਾ ਸੁੱਖ ਉਤਮ ਹੈ। ਕਵੀ ਨਾਨਕ ਜੀ ਨੇ ਕਮਾਲ ਦੇ ਪ੍ਰਤੀਕ ਲੈ ਕੇ ਸਮਝਾਇਆ ਹੈ। ਜਿਸ ਤਰ੍ਹਾਂ ਇਕ ਨਾਰੀ ਪਤੀ ਪ੍ਰੇਮ ਲਈ ਵਿਆਕੁਲ ਹੋ ਜਾਂਦੀ ਹੈ, ਇਸੇ ਤਰ੍ਹਾਂ ਹੀ ਹਰੀ-ਪ੍ਰਭੂ ਦਾ ਭਗਤ, ਉਸਦੀ ਸ਼ਰਨ, ਉਸਦੀ ਪ੍ਰਾਪਤੀ ਲੋਚਦਾ ਹੈ। ਉਸਨੂੰ ਪ੍ਰਭੂ ਦੇ ਸਿਮਰਨ 'ਚ ਆਨੰਦ ਮਿਲਦਾ ਹੈ।

ਆਗੈ ਘਾਮ ਪਿਛੈ ਰੁਤਿ ਜਾਡਾ ਦੇਖਿ ਚਲਤ ਮਨੁ ਡੋਲੇ॥

ਦਹ ਦਿਸਿ ਸਾਖ ਹਰੀ ਹਰੀ ਆਵਲ ਸਹਿਜ ਪਕੈ ਸੋ ਮੀਠਾ॥

ਨਾਨਕ ਅਸੁਨਿ ਮਿਲਹੁ ਪਿਆਰੇ ਸਤਿਗੁਰੂ ਭਏ ਬਸੀਠਾ॥

ਭਾਵ ਜਿਵੇਂ ਭਾਦਰੋਂ ਦੇ ਘੁੰਮੇ ਦੇ ਦਿਨ ਅਤੇ ਅੱਸੂ ਦੀ ਰੁੱਤੇ ਇਸਤਰੀ ਦੇ ਮਨ ਵਿੱਚ ਪਤੀ ਨੂੰ ਮਿਲਣ ਦੀ ਤਾਂਘ ਹੁੰਦੀ ਹੈ, ਤਿਵੇਂ ਜਿਸ ਜੀਵ ਰੂਪੀ ਇਸਤਰੀ ਨੇ ਪ੍ਰਭੂ ਦੇ ਵਿਛੋੜੇ ਵਿੱਚ ਕਾਮਦਾਇਕ ਵੈਰੀਆਂ ਦੇ ਹੱਲਿਆਂ ਦੇ ਦੁਖ ਦੇਖ ਲਏ ਹਨ, ਉਹ ਅਰਦਾਸ ਕਰਦੀ ਹੈ, ਹੇ ਪ੍ਰਭੂ ਪਤੀ! ਮੇਰੇ ਹਿਰਦੇ ਵਿੱਚ ਆ ਵੱਸੋ। ਦੁਨੀਆ ਦੇ ਝੂਠੇ ਮੋਹ ਵਿੱਚ ਫਸ ਕੇ ਮੈਂ ਖੁਆਰ ਹੋ ਰਹੀ ਹਾਂ। ਸਰੀਰਕ ਕਮਜ਼ੋਰੀ ਤੇ ਕੇਸ ਚਿੱਟੇ ਹੋਣ ਕਰਕੇ ਮੇਰਾ ਮਨ ਡੋਲਦਾ ਹੈ ਕਿ ਅਜੇ ਤਕ ਪ੍ਰਭੂ ਪਤੀ ਦਾ ਦੀਦਾਰ ਨਹੀਂ ਹੋ ਸਕਿਆ; ਪਰ ਹਰ ਪਾਸੇ ਹਰੀਆਂ ਸ਼ਾਖਾਂ ਦੀ ਹਰਿਆਵਲ ਵੇਖ ਕੇ ਮਨ ਨੂੰ ਧੀਰਜ ਬੱਝਦਾ ਹੈ ਕਿ ਜਿਹੜਾ ਜੀਵ ਅਡੋਲ ਅਵਸਥਾ ਵਿੱਚ ਦ੍ਰਿੜ ਰਹਿੰਦਾ ਹੈ, ਉਸਨੂੰ ਪ੍ਰਭੂ ਮਿਲਾਪ ਦੀ ਖੁਸ਼ੀ ਮਿਲਦੀ ਹੈ। ਹੇ ਨਾਨਕ! ਤੂੰ ਵੀ ਆਖ ਤੇ ਅਰਦਾਸਾ ਕਰ ਕਿ ਹੇ ਪਿਆਰੇ ਪ੍ਰਭੂ! ਤੂੰ ਮਿਹਰ ਕਰ ਤੇ ਗੁਰੂ ਵਿਚੋਲੇ ਰਾਹੀਂ ਮੈਨੂੰ ਆਪਣਾ ਮਿਲਾਪ ਬਖ਼ਸ਼।

**ਸੰਦੇਸ਼:** ਕਵੀ ਗੁਰੂ ਨਾਨਕ ਸਾਹਿਬ ਨੇ ਰੁੱਤਾਂ, ਮਹੀਨਿਆਂ ਦੇ ਪ੍ਰਤੀਕ ਲੈ ਕੇ ਮਨੁੱਖ ਨੂੰ ਕਿਹਾ ਹੈ ਕਿ ਪ੍ਰਭੂ ਦਾ ਨਾਮ ਝੂਠੇ ਮੋਹ ਸੰਸਾਰ ਤੋਂ ਉਪਰ ਹੈ। ਉਸਦੀ ਮਿਹਰ ਸਦਕਾ ਹੀ ਸਭ ਕੁਝ ਹੁੰਦਾ ਹੈ। ਜਿਸ ਮਨੁੱਖ ਵਿੱਚ ਧੀਰਜ, ਹੌਸਲਾ ਸ਼ਕਤੀਆਂ ਹਨ, ਉਸਨੂੰ ਹੀ ਪ੍ਰਭੂ ਮਿਲਣ ਦੀ ਬਖਸ਼ਿਸ਼ ਹੁੰਦੀ ਹੈ।

ਮਨਿ ਤਨਿ ਰਵਿ ਰਹਿਆ ਜਗਜੀਵਨੁ ਗੁਰ ਸਬਦੀ ਰੰਗੁ ਮਾਣੀ॥

ਅੰਡਜ ਜੇਰਜ ਸੇਤਜ ਉਤਭੁਜ ਘਟਿ ਘਟਿ ਜੋਤਿ ਸਮਾਣੀ॥

ਭਾਵ ਜਿਸ ਜੀਵ ਦੇ ਮਨ ਅਤੇ ਤਨ ਵਿੱਚ ਸਾਰੇ ਜਗਤ ਨੂੰ ਜੀਵਨ ਦੇਣ ਵਾਲਾ ਪ੍ਰਭੂ ਆ ਕੇ ਵੱਸ ਜਾਂਦਾ ਹੈ, ਉਹ ਗੁਰੂ ਦੇ ਸ਼ਬਦ ਵਿੱਚ ਜੁੜ ਕੇ ਪ੍ਰਭੂ ਦੇ ਮਿਲਾਪ ਦਾ ਆਨੰਦ ਮਾਣਦਾ ਹੈ ਤੇ ਉਸਨੂੰ ਚਹੁੰ ਪਾਸੇ ਦੇ ਜੀਵਾਂ ਵਿੱਚ ਉਸ ਪ੍ਰਭੂ ਦੀ ਜੋਤ ਸਮਾਈ ਹੋਈ ਦਿਸਦੀ ਹੈ। ਅੰਡਜ- ਆਂਡੇ ਤੋਂ ਪੈਦਾ ਹੋਣ ਵਾਲੇ ਜੀਵ; ਜੇਰਜ- ਜ਼ੇਰ ਤੋਂ ਪੈਦਾ ਹੋਣ ਵਾਲੇ ਜੀਵ; ਸੇਤਜ- ਮੁੜ੍ਹਕੇ ਤੋਂ ਪੈਦਾ ਹੋਣ ਵਾਲੇ ਜੀਵ; ਉਤਭੁਜ- ਧਰਤੀ ਤੋਂ ਪੈਦਾ ਹੋਈ ਉਤਪਤੀ।

**ਸੰਦੇਸ਼:** ਕਣ-ਕਣ ਵਿੱਚ ਉਸ ਪ੍ਰਭੂ ਦਾ ਵਾਸਾ ਹੈ। ਹਰ ਜੀਵ-ਪ੍ਰਾਣੀ ਨਾਲ ਮੋਹ-ਪਿਆਰ ਨਾਲ ਰਿਹਾ ਜਾਵੇ।

ਰਵਿ ਰਹਿਆ ਸੋਈ ਅਵਰੁ ਨ ਕੋਈ ਮਨ ਹੀ ਤੇ ਮਨੁ ਮਾਨਿਆ॥

ਜਿਨਿ ਜਲ ਥਲ ਤ੍ਰਿਭਵਣ ਘਟੁ ਘਟੁ ਥਾਪਿਆ ਸੋ ਪ੍ਰਭ ਗੁਰਮਖਿ ਜਾਨਿਆ॥

ਭਾਵ ਸਾਰੀ ਸ੍ਰਿਸ਼ਟੀ ਵਿੱਚ ਵਾਹਿਗੁਰੂ ਜੀ ਹੀ ਵਿਆਪਕ ਹਨ, ਹੋਰ ਕੋਈ ਨਹੀਂ, ਇਹ ਸਮਝ ਉਸਨੂੰ ਪੈਂਦੀ ਹੈ, ਜੋ ਅੰਤਰ-ਆਤਮੇ ਦੇ ਨਾਮ ਵਿੱਚ ਪਰੋਤਾ ਰਹਿੰਦਾ ਹੈ। ਜਿਸ ਪ੍ਰਭੂ ਨੇ ਪਾਣੀ, ਧਰਤੀ, ਤ੍ਰਿਲੋਕੀ ਤੇ ਹਰੇਕ ਸਰੀਰ ਬਣਾਇਆ ਹੈ, ਉਸਦੀ ਸਮਝ ਉਸ ਜੀਵ ਨੂੰ ਗੁਰੂ ਰਾਹੀਂ ਸਹੀ ਪੈ ਜਾਂਦੀ ਹੈ।

**ਸੰਦੇਸ਼:** ਗੁਰੂ ਰਾਹੀਂ ਹੀ ਮਨੁੱਖ ਨੂੰ ਸਹੀ ਰਸਤਾ ਮਿਲਦਾ ਹੈ। ਜੋ ਵਿਅਕਤੀ ਸਾਧਕ ਅੰਤਰ-ਆਤਮਾ ਦੇ ਨਾਮ ਨਾਲ ਭਿੱਜਿਆ ਹੈ, ਉਹ ਹੀ ਸੱਚੇ ਨਾਮ ਦਾ ਮਾਲਿਕ ਹੈ।

ਸਤਿਗੁਰੂ ਸਬਦੀ ਮਿਲੈ ਵਿਛੁਨੀ ਤਨੁ-ਮਨੂ ਆਗੈ ਰਾਖੈ॥

ਨਾਨਕ ਅੰਮ੍ਰਿਤ ਬਿਰਖੁ ਮਹਾਰਸ ਫਲਿਆ ਮਿਲਿ ਪ੍ਰੀਤਮ ਰਸੁ ਚਾਖੈ॥

ਭਾਵ, ਹੇ ਨਾਨਕ! ਜਿਹੜੀ ਜੀਵ ਰੂਪੀ ਇਸਤਰੀ ਗੁਰੂ ਦੇ ਸ਼ਬਦ ਰਾਹੀਂ ਆਪਣਾ ਤਨ ਤੇ ਮਨ ਉਸ ਪ੍ਰਭੂ ਦੇ ਹਵਾਲੇ ਕਰ ਦਿੰਦੀ ਹੈ, ਉਸਨੂੰ ਉਸ ਪ੍ਰਭੂ ਦੇ ਮੇਲ ਹੋ ਜਾਂਦੇ ਹਨ। ਪਰਮਾਤਮਾ ਦਾ ਨਾਮ ਜੀਵ ਨੂੰ ਆਤਮਿਕ ਜੀਵਨ ਦੇਣ ਵਾਲਾ ਐਸਾ ਰੁੱਖ ਹੈ, ਜਿਸਨੂੰ ਉਚੇ ਆਤਮਿਕ ਗੁਣਾਂ ਦੇ ਫਲ ਲੱਗੇ ਰਹਿੰਦੇ ਹਨ ਅਤੇ ਗੁਰੂ ਸ਼ਬਦ ਰਾਹੀਂ ਪ੍ਰਭੂ ਅੱਗੇ ਆਪਣਾ ਤਨ-ਮਨ ਭੇਟ ਕਰਨ ਵਾਲੀ ਜੀਵ ਰੂਪੀ ਇਸਤਰੀ ਇਸ ਅੰਮ੍ਰਿਤ ਰੁੱਖ ਦੇ ਫੁੱਲਾਂ ਦਾ ਸੁਆਦ ਚੱਖਦੀ ਰਹਿੰਦੀ ਹੈ।

**ਸੰਦੇਸ਼:** ਗੁਰੂ ਸ਼ਬਦ ਰਾਹੀਂ ਹੀ ਮਨੁੱਖ ਪ੍ਰਭੂ ਦੀ ਪ੍ਰਾਪਤੀ ਤਕ ਚੰਗੇ ਕੰਮਾਂ ਦੀ ਬੁਨਿਆਦੀ ਤਕ ਪਹੁੰਚ ਸਕਦਾ ਹੈ।

ਗੁਰ ਰੂਪ ਮੁਰਾਰੇ ਤ੍ਰਿਭਵਣ ਧਾਰੇ ਤਾ ਕਾ ਅੰਤੁ ਨ ਪਾਇਆ॥

ਰੰਗੀ ਜਿਨਸੀ ਜੰਤ ਉਪਾਏ ਨਿਤ ਦੇਵੈ ਚੜੈ ਸਵਾਇਆ॥

ਭਾਵ ਵੱਡੀ ਹਸਤੀ ਵਾਲੇ ਪਰਮਾਤਮਾ ਨੇ ਤਿੰਨਾਂ ਭਵਨਾਂ (ਧਰਤੀ, ਆਕਾਸ਼, ਪਾਤਾਲ) ਨੂੰ ਆਪਣਾ ਆਸਰਾ ਦੇ ਕੇ ਰੱਖਿਆ ਹੋਇਆ ਹੈ, ਉਸ ਦੇ ਗੁਣਾਂ ਦਾ ਅੱਜ ਤਕ ਕਿਸੇ ਨੇ ਅੰਤ ਨਹੀਂ ਪਾਇਆ ਅਤੇ ਉਸਨੇ ਕਈ ਰੰਗਾਂ ਅਤੇ ਕਈ ਜਿਨਸਾਂ ਦੇ ਜੀਵ ਪੈਦਾ ਕੀਤੇ ਹੋਏ ਹਨ ਤੇ ਉਨ੍ਹਾਂ ਨੂੰ ਨਿੱਤ ਦਾਨ ਦਿੰਦਾ ਰਹਿੰਦਾ ਹੈ, ਉਸਦਾ ਭੰਡਾਰ ਮੁੱਕਦਾ ਨਹੀਂ, ਸਦਾ ਵਧਦਾ ਹੀ ਰਹਿੰਦਾ ਹੈ।

**ਸੰਦੇਸ਼:** ਸਾਰੀ ਕਾਇਨਾਤ ਧਰਤੀ, ਆਕਾਸ਼, ਪਾਤਾਲ ਨੂੰ ਉਸ ਪ੍ਰਭੂ ਦਾ ਹੀ ਆਸਰਾ ਹੈ। ਉਸਦੇ ਬੇਅੰਤ ਗੁਣਾਂ ਕਰਕੇ ਸਭ ਨੂੰ ਕੁਝ ਨਾ ਕੁਝ ਮਿਲ ਰਿਹਾ ਹੈ। ਜੀਵ-ਪ੍ਰਾਣੀ ਜੋ ਪੈਦਾ ਕੀਤੇ ਹਨ, ਉਨ੍ਹਾਂ ਦਾ ਉਹੋ ਹੀ ਪਾਲਣਹਾਰ ਹੈ। ਮਨੁੱਖ ਨੂੰ ਆਪਣੇ ਕੀਤੇ ਕਰਮਾਂ 'ਤੇ ਘੁਮੰਡ ਨਹੀਂ ਹੋਣਾ ਚਾਹੀਦਾ, ਕਿਉਂਕਿ ਸਭ ਕੁਝ ਪਰਮਾਤਮਾ ਕਰ ਰਿਹਾ ਹੈ।

ਹਰਿ ਸਿਮਰਿ ਏਕੰਕਾਰੁ ਸਾਚਾ ਸਭ ਜਗਤੁ ਜਿੰਨਿ ਉਪਾਇਆ॥

ਪਉਣੁ ਪਾਣੀ ਅਗਨਿ ਬਾਧੇ ਗੁਰਿ ਖੇਲੁ ਜਗਤਿ ਦਿਖਾਇਆ॥

ਭਾਵ ਹੇ ਮੇਰੇ ਮਨ! ਉਸ ਸਰਬ-ਵਿਆਪਕ ਤੇ ਸਦਾ ਕਾਇਮ ਰਹਿਣ ਵਾਲੇ ਪਰਮਾਤਮਾ ਨੂੰ ਸਿਮਰਦਾ ਰਹਿ, ਜਿਸ ਨੇ ਸਾਰਾ ਜਗਤ ਪੈਦਾ ਕੀਤਾ ਹੈ ਅਤੇ ਹਵਾ ਪਾਣੀ ਅੱਗ (ਆਦਿਕ ਤੱਤਾਂ) ਨੂੰ ਨਿਯਮ ਬੱਧ ਕੀਤਾ ਹੋਇਆ ਹੈ, ਵਾਹਿਗੁਰੂ ਜੀ ਦੇ ਇਸ ਖੇਲ ਦੀ ਸਮਝ ਗੁਰੂ ਰਾਹੀਂ ਹੀ ਜੀਵ ਨੂੰ ਪੈਂਦੀ ਹੈ।

**ਸੰਦੇਸ਼:** ਜਿਸ ਪ੍ਰਭੂ ਨੇ ਸਭ ਕੁਝ ਨਿਯਮਬੱਧ ਕੀਤਾ ਹੈ, ਤੂੰ ਉਸ ਦਾ ਨਾਮ ਸਿਮਰਦਾ ਰਹਿ। ਇਹੋ ਤੇਰੇ ਸੁੱਖ ਦਾ ਰਸਤਾ ਹੈ।

ਏ ਮਨ ਮੇਰਿਆ ਬਿਨੁ ਬੇੜੀ ਪਾਰਿ ਨਾ ਅੰਬੜੈ ਰਾਮ॥

ਪਾਰਿ ਸਾਜਨੁ ਅਪਾਰੁ ਪ੍ਰੀਤਮੁ ਗੁਰ ਸ਼ਬਦ ਸੁਰਤਿ ਲੰਘਾਵਏ॥

ਮਿਲਿ ਸਾਧ ਸੰਗਤਿ ਕਰਹਿ ਰਲੀਆ ਫਿਰਿ ਨ ਪਛੋਤਾਵਏ॥

ਜਿਵੇਂ ਬੇੜੀ ਤੋਂ ਬਗੈਰ ਪਾਰ ਨਹੀਂ ਜਾਇਆ ਜਾ ਸਕਦਾ, ਤਿਵੇਂ ਰਾਮ ਦੇ ਨਾਮ ਤੋਂ ਬਿਨਾ ਪਾਰ ਉਤਾਰਾ ਨਹੀਂ ਹੋ ਸਕਦਾ। ਜਿਵੇਂ ਬੇੜੀ ਤੋਂ ਬਿਨਾ ਮਨੁੱਖ ਨਦੀ ਤੋਂ ਪਾਰ ਨਹੀਂ ਹੋ ਸਕਦਾ। ਇਸ (ਸੰਸਾਰ-ਸਮੁੰਦਰ) ਦੀਆਂ ਵਿਸ਼ੇ-ਵਿਕਾਰ ਰੂਪੀ ਲਹਿਰਾਂ ਪੈ ਰਹੀਆਂ, ਨਾਲ ਭਰਪੂਰ ਸੰਸਾਰ ਸਮੁੰਦਰ ਤੋਂ ਪਾਰਲੇ ਪਾਸੇ ਸੱਜਣ ਪ੍ਰਭੂ ਵੱਸਦਾ ਹੈ, ਗੁਰੂ ਸ਼ਬਦ ਦੀ ਸੁਰਤਿ ਹੀ ਇਸ ਸਮੁੰਦਰ ਤੋਂ ਪਾਰ ਕਰ ਸਕਦੀ ਹੈ। ਹੇ ਮਨ! ਤੂੰ ਸਾਧ ਸੰਗਤ ਵਿੱਚ ਮਿਲ ਕੇ ਵਾਹਿਗੁਰੂ ਨੂੰ ਸਿਮਰ ਕੇ ਆਨੰਦ ਮਾਣਦਾ ਰਹੇਂ ਤਾਂ ਤੂੰ ਵੀ ਪਾਰ ਹੋ ਜਾਏਗਾ ਅਤੇ ਫਿਰ ਤੈਨੂੰ ਪਛਤਾਣਾ ਨਹੀਂ ਪਵੇਗਾ।

**ਸੰਦੇਸ਼:** ਵਾਹਿਗੁਰੂ ਦੇ ਸੱਚੇ ਸ਼ਬਦ ਨਾਲ ਹੀ ਤੂੰ ਭਵਸਾਗਰ ਪਾਰ ਕਰ ਸਕਦਾ ਏਂ। ਨਾਮ ਸਿਮਰਨ ਤੋਂ ਬਿਨਾ ਤੂੰ ਮੰਜ਼ਿਲ ਨਹੀਂ ਪਾ ਸਕਦਾ।

ਮਾਹਾ ਰੁਤੀ ਆਵਣਾ ਵੇਖਹੁ ਕਰਮ ਕਮਾਇ॥

ਨਾਨਕ ਹਰੇ ਨ ਸੂਕ ਹੀ ਜਿ ਗੁਰਮੁਖਿ ਰਹੇ ਸਮਾਇ॥

ਭਾਵ, ਹੇ ਭਾਈ! ਇਹ ਦੁਨੀਆ ਦੀਆਂ ਰੁੱਤਾਂ ਤੇ ਮਹੀਨੇ ਆਂਵਦੇ-ਜਾਂਵਦੇ ਹਨ, ਪਰ ਤੁਸੀਂ ਹਉਮੈ ਨੂੰ ਵਿਸਾਰਨ ਵਾਲੇ ਕਰਮ ਕਰਕੇ ਵੇਖੋ, ਉਹ ਸਦਾ ਖੇੜੇ ਵਾਲੀ ਰੁੱਤ ਕਦੇ ਅਲੋਪ ਨਹੀਂ ਹੋਵੇਗੀ। ਹੇ ਨਾਨਕ! ਜਿਹੜੇ ਮਨੁੱਖ ਗੁਰੂ ਦੇ ਦੱਸੇ ਰਾਹ 'ਤੇ ਤੁਰ ਕੇ ਪ੍ਰਭੂ ਯਾਦ ਵਿੱਚ ਟਿਕ ਜਾਂਦੇ ਹਨ, ਉਨ੍ਹਾਂ ਦੀ ਆਤਮਾ ਸਦਾ ਖਿੜੀ ਰਹਿੰਦੀ ਹੈ ਅਤੇ ਉਹ ਖੇੜਾ ਕਦੇ ਸੁੱਕਦਾ ਨਹੀਂ।

**ਸੰਦੇਸ਼:** ਐ ਮਨੱਖ ਇਹ ਖ਼ੂਬਸੂਰਤ ਰੁੱਤਾਂ-ਮਹੀਨੇ ਆਉਂਦੇ-ਜਾਂਦੇ ਰਹਿੰਦੇ ਹਨ। ਮਨੁੱਖ ਹਉਮੈ ਨੂੰ ਤਿਆਗੇ। ਪ੍ਰਭੂ ਦੇ ਨਾਮ ਵਾਲੀ ਖੇੜੇ ਦੀ ਰੁੱਤ ਸਦਾ ਹੀ ਰਹਿੰਦੀ ਹੈ।

ਰੁਤਿ ਆਈਲੇ ਸਰਸ ਬਸੰਤ ਮਾਹਿ॥

ਰੰਗ ਰਾਤੇ ਰਵਹਿ ਸਿ ਤੇਰੈ ਚਾਇ॥

ਭਾਵ ਹੇ ਵਾਹਿਗੁਰੂ! ਜਿਹੜੇ ਬੰਦੇ ਤੇਰੇ ਪਿਆਰ ਦੇ ਰੰਗ ਵਿੱਚ ਰੰਗੇ ਜਾਂਦੇ ਹਨ ਅਤੇ ਜਿਹੜੇ ਤੈਨੂੰ ਸਿਮਰਦੇ ਹਨ, ਉਹ ਤੇਰੇ ਮਿਲਾਪ ਦੀ ਖੁਸ਼ੀ ਵਿੱਚ ਰਹਿੰਦੇ ਹਨ, ਮਾਨੋ ਮਨੁੱਖਾ ਜਨਮ ਉਨ੍ਹਾਂ ਵਾਸਤੇ ਬਸੰਤ ਰੁੱਤ ਆਈ ਹੋਈ ਹੈ।

**ਸੰਦੇਸ਼:** ਮਨੱਖ ਜਨਮ ਕੀਮਤੀ ਜਨਮ ਹੈ, ਜਿਸਨੇ ਦੁਬਾਰਾ ਨਹੀਂ ਆਉਣਾ। ਇਸ ਜੀਵਨ ਨੂੰ ਬਸੰਤ ਰੁੱਤ ਵਾਂਗ ਹੀ ਉਹ ਮਨੁੱਖ ਸਮਝਦੇ ਹਨ, ਜਿਨ੍ਹਾਂ ਨੂੰ ਪ੍ਰਭੂ ਨਾਮ ਦੀ ਸੋਝੀ ਹੈ।

ਜੇਹੀ ਰੁਤਿ ਕਾਇਆ ਸੁਖੁ ਤੇਹਾ ਤੇਹੋ ਜੇਹੀ ਦੇਹੀ॥

ਨਾਨਕ ਰੁਤਿ ਸੁਹਾਵੀ ਸਾਈ ਬਿਨੁ ਨਾਵੈ ਰੁਤਿ ਕੇਹੀ॥

ਭਾਵ ਇਨਸਾਨੀ ਜੀਵਨ ਵਾਸਤੇ ਦੋ ਹੀ ਰੁੱਤਾਂ ਹਨ- ਸਿਮਰਨ ਅਤੇ ਨਾਮਹੀਣਤਾ; ਇਨ੍ਹਾਂ ਵਿੱਚੋਂ ਜਿਹੜੀ ਰੁੱਤ ਦੇ ਪ੍ਰਭਾਵ ਹੇਠ ਜੀਵ ਆਪਣਾ ਜੀਵਨ ਗੁਜ਼ਾਰਦਾ ਹੈ, ਇਸ ਦੇ ਸਰੀਰ ਨੂੰ ਉਹੋ ਜਿਹਾ ਹੀ ਸੁੱਖ ਜਾਂ ਦੁੱਖ ਮਿਲਦਾ ਹੈ, ਉਸੇ ਪ੍ਰਭਾਵ ਹੇਠ ਹੀ ਇਸ ਦਾ ਸਰੀਰ ਅਤੇ ਗਿਆਨ ਇੰਦਰੀਆਂ ਚੱਲਦੀਆਂ ਹਨ।

**ਸੰਦੇਸ਼:** ਹੇ ਨਾਨਕ! ਮਨੁੱਖ ਵਾਸਤੇ ਉਹੀ ਰੁੱਤ ਸੋਹਣੀ ਹੈ, ਜਦੋਂ ਇਹ ਨਾਮ ਸਿਮਰਦਾ ਹੈ, ਨਾਮ ਸਿਮਰਨ ਤੋਂ ਬਿਨਾ ਕੁਦਰਤ ਦੀ ਬਦਲਦੀ ਹੋਈ ਕੋਈ ਰੁੱਤ ਵੀ ਇਸਨੂੰ ਆਤਮਿਕ ਸੁੱਖ ਨਹੀਂ ਦੇ ਸਕਦੀ। ਆਦਮੀ ਦੇ ਚਾਲ ਚਲਨ ਮੁਤਾਬਿਕ ਹੀ ਉਸਦੇ ਸੁੱਖ ਦੁੱਖ ਹੁੰਦੇ ਹਨ। ਸਿਮਰਨ ਕਰਨ ਵਾਲੇ ਮਨੁੱਖ ਸੁੱਖਾਂ ਦੇ ਭਾਗੀ ਹੁੰਦੇ ਹਨ।

ਨਾਨੀ ਸੀ ਬੂੰਦ ਪਵਨੁ ਪਤਿ ਖੋਵੈ ਜਨਮਿ ਮਰੈ ਖਿਨੁ ਤਾਈ॥

ਨਦੀ ਉਪਕੰਠਿ ਜੈਸੇ ਘਰੁ ਤਰਵਰੁ ਸਰਪਨਿ ਘਰੁ ਘਰ ਮਾਹੀ॥

ਉਲਟੀ ਨਦੀ ਕਹਾਂ ਘਰੁ ਤਰਵਰੁ ਸਰਪਨਿ ਡਸੈ ਦੂਜਾ ਮਨ ਮਾਂਹੀ॥

ਭਾਵ ਇਹ ਜਗਤ ਮਾਨੋ ਕਾਗਜ਼ਾਂ ਦਾ ਕਿਲ੍ਹਾ ਹੈ, ਜਿਸਨੂੰ ਪ੍ਰਭੂ ਨੇ ਆਪਣੀ ਸਿਆਣਪ ਨਾਲ ਸਜਾਵਟ ਅਤੇ ਰੂਪ ਰੇਖਾ ਦਿੱਤੀ ਹੋਈ ਹੈ, ਪਰ ਜਿਵੇਂ ਇੱਕ ਨਿੱਕੀ ਜਿਹੀ ਬੂੰਦ ਜਾਂ ਹਵਾ ਦਾ ਬੁੱਲਾ ਕਾਗਜ਼ ਦੇ ਕਿਲ੍ਹੇ ਦੀ ਸ਼ੋਭਾ ਗਵਾ ਦਿੰਦਾ ਹੈ, ਤਿਵੇਂ ਇਹ ਜਗਤ ਪਲ ਵਿੱਚ ਜੰਮਦਾ ਅਤੇ ਮਰਦਾ ਹੈ। ਜਿਵੇਂ ਕਿਸੇ ਨਦੀ ਦੇ ਕੰਢੇ 'ਤੇ ਕੋਈ ਘਰ ਹੋਵੇ ਜਾਂ ਰੁੱਖ ਹੋਵੇ, ਜਦੋਂ ਨਦੀ ਦਾ ਵੇਗ ਉਲਟਦਾ ਹੈ ਤਾਂ ਫਿਰ ਨਾ ਘਰ ਰਹਿੰਦਾ ਹੈ ਅਤੇ ਨਾ ਹੀ ਉਹ ਰੁੱਖ। ਜਿਵੇਂ, ਜੇ ਕਿਸੇ ਮਨੁੱਖ ਦੇ ਘਰ ਵਿੱਚ ਸੱਪਣੀ ਦਾ ਘਰ ਹੋਵੇ ਤਾਂ ਜਦੋਂ ਵੀ ਮੌਕਾ ਮਿਲਦਾ ਹੈ, ਸੱਪਣੀ ਉਸਨੂੰ ਡੰਗ ਮਾਰੇਗੀ, ਇਸੇ ਤਰ੍ਹਾਂ ਮਨੁੱਖ ਦੇ ਮਨ ਵਿੱਚ ਪਰਮਾਤਮਾ ਤੋਂ ਬਿਨਾ ਕਿਸੇ ਹੋਰ ਦਾ ਆਸਰਾ ਉਸ ਨਦੀ ਦੇ ਉਲਟੇ ਹੜ੍ਹ ਵਾਂਗ ਅਤੇ ਉਸ ਘਰ ਵਿੱਚ ਵੱਸਦੀ ਸੱਪਣੀ ਵਾਂਗ ਹੈ, ਇਹ ਦੂਜੀ ਝਾਕ ਆਤਮਿਕ ਮੌਤ ਲਿਆਉਂਦੀ ਹੈ।

**ਸੰਦੇਸ਼:** ਮਨੁੱਖ ਜੀਵਨ ਦਾ ਕੋਈ ਭਰੋਸਾ ਨਹੀਂ, ਕਦ ਦੁਨੀਆ ਤੋਂ ਰੁਖਸਤ ਹੋ ਜਾਏ। ਗੁਰੂ ਜੀ ਨੇ ਬਹੁਤ ਵਧੀਆ ਤਸ਼ਬੀਹਾਂ ਦੇ ਕੇ ਸਮਝਾਇਆ ਕਿ ਮਨੁੱਖੀ ਜੀਵਨ ਕਾਗਜ਼ੀ ਕਿਲ੍ਹਾ ਭਾਵ ਮਨੁੱਖ 'ਤੇ ਲੱਗਾ ਦਾਗ਼ ਉਸਦੀ ਸ਼ਖਸੀਅਤ ਖ਼ਤਮ ਕਰ ਦਿੰਦਾ ਹੈ। ਪ੍ਰਭੂ ਦਾ ਨਾਮ ਹੀ ਉਸਨੂੰ ਪਾਕ-ਪਵਿੱਤਰ ਰੱਖਦਾ ਹੈ।

ਚਾਤ੍ਰਿਕ ਮੀਨ ਜਲ ਹੀ ਤੇ ਸੁਖੁ ਪਾਵਹਿ ਸਾਰਿੰਗ ਸਬਦਿ ਸੁਹਾਈ॥

ਰੈਨਿ ਬਬੀਹਾ ਬੋਲਿਓ ਮੇਰੀ ਮਾਈ॥

ਭਾਵ ਹੇ ਮੇਰੀ ਮਾਂ! ਸਵਾਂਤੀ ਬੂੰਦ ਦੀ ਤਾਂਘ ਵਿੱਚ ਰਾਤੀਂ ਬਬੀਹਾ ਬੜੇ ਵੈਰਾਗ ਵਿੱਚ ਬੋਲਿਆ, ਉਸਦੀ ਵਿਲਕਦੀ ਆਵਾਜ਼ ਸੁਣ ਕੇ ਮੇਰੇ ਅੰਦਰ ਵੀ ਧੂਹ ਪਈ ਹੈ। ਮੇਰੀ ਮਾਂ! ਬਬੀਹੇ ਦੀ ਕੂਕ ਸੁਣ ਕੇ ਮੈਨੂੰ ਸਮਝ ਆਈ ਕਿ ਬਬੀਹਾ ਤੇ ਮੱਛੀ ਪਾਣੀ ਤੋਂ ਹੀ ਸੁੱਖ ਪਾਂਦੇ ਹਨ।

**ਸੰਦੇਸ਼:** ਜਿਸ ਤਰ੍ਹਾਂ ਮੱਛੀ ਤੇ ਬਬੀਹਾ ਪਾਣੀ ਤੋਂ ਸੁੱਖ ਲੈਂਦੇ ਹਨ, ਇਸੇ ਤਰ੍ਹਾਂ ਹੀ ਮਨੁੱਖ ਦੀ ਆਤਮਿਕ ਖ਼ੁਰਾਕ ਪ੍ਰਭੂ ਦਾ ਸੱਚਾ ਨਾਮ ਹੈ। ਪ੍ਰਭੂ ਦੇ ਨਾਮ ਵਿੱਚ ਹੀ ਮਨੁੱਖ ਦੀਆਂ ਹੋਰ ਪ੍ਰਾਪਤੀਆਂ ਦੀ ਜਿੱਤ ਹੁੰਦੀ ਹੈ।

ਅਖਲੀ ਊਡੀ ਜਲੁ ਭਰ ਨਾਲਿ॥

ਡੂਗਰੁ ਊਚਉ ਗੜੁ ਪਾਤਾਲਿ॥

ਸਾਗਰ ਸੀਤਲੁ ਗੁਰ ਸ਼ਬਦ ਵੀਚਾਰਿ॥

ਮਾਰਗ ਮੁਕਤਾ ਹਉਮੈ ਮਾਰਿ॥

ਭਾਵ ਲਮਢੀਂਗ (ਪੰਛੀ) ਉਚੇ ਆਕਾਸ਼ ਵਿੱਚ ਉਡ ਰਿਹਾ ਹੈ ਤਾਂ ਉਥੇ ਉਡਦੇ ਨੂੰ ਪਾਣੀ ਨਹੀਂ ਮਿਲ ਸਕਦਾ, ਕਿਉਂਕਿ ਪਾਣੀ ਸਮੁੰਦਰ ਵਿੱਚ ਹੈ। ਆਤਮਿਕ ਸ਼ਾਂਤੀ ਸ਼ੀਤਲਤਾ ਨਿਮਰਤਾ ਵਿੱਚ ਹੈ, ਉਸ ਮਨੁੱਖ ਨੂੰ ਨਹੀਂ ਪ੍ਰਾਪਤ ਹੋ ਸਕਦੀ, ਜਿਸਦਾ ਦਿਮਾਗ ਮਾਇਆ ਆਦਿ ਦੇ ਅਹੰਕਾਰ ਵਿੱਚ ਅਸਮਾਨੀ ਚੜ੍ਹਿਆ ਹੋਵੇ। ਜੇ ਕੋਈ ਮਨੁੱਖ ਸਤਸੰਗ ਆਦਿ ਦਾ ਆਸਰਾ ਲੋੜਦਾ ਹੈ, ਪਰ ਚੜ੍ਹਿਆ ਹੋਵੇ ਅਹੰਕਾਰ ਦੇ ਪਹਾੜ ਉਤੇ ਤਾਂ ਉਸ ਰਾਹੇ ਪੈ ਕੇ ਵੈਰੀਆਂ ਦੀ ਚੋਟ ਤੋਂ ਬਚ ਨਹੀਂ ਸਕਦਾ। ਗੁਰੂ ਦੇ ਸ਼ਬਦ ਦੀ ਵਿਚਾਰ ਕੀਤਿਆਂ ਗੁਰ ਸ਼ਬਦ ਦੀ ਸਹਾਇਤਾ ਸਦਾ ਜੀਵਨ ਦਾ ਰਸਤਾ ਖੁੱਲ੍ਹਾ ਹੋ ਜਾਂਦਾ ਹੈ ਅਤੇ ਸੰਸਾਰ ਸਮੁੰਦਰ ਜੋ ਵਿਸ਼ੇ-ਵਿਕਾਰਾਂ ਨਾਲ ਤਪ ਰਿਹਾ ਹੈ, ਠੰਡਾ ਠਾਰ ਹੋ ਜਾਂਦਾ ਹੈ।

**ਸੰਦੇਸ਼:** ਹੰਕਾਰੀ ਆਦਮੀ ਨੂੰ ਪ੍ਰਭੂ ਦਾ ਸੁੱਖ ਪ੍ਰਾਪਤ ਨਹੀਂ ਹੁੰਦਾ। ਕਿਸੇ ਵੀ ਕਿਸਮ ਦਾ ਹੰਕਾਰ ਮਨੁੱਖ ਦੇ ਰਸਤੇ ਵਿੱਚ ਰੁਕਾਵਟਾਂ ਪੈਦਾ ਕਰਦਾ ਹੈ। ਮਨੁੱਖ ਆਪਣੇ ਹੰਕਾਰ ਨੂੰ ਪ੍ਰਭੂ ਨਾਮ ਨਾਲ ਖ਼ਤਮ ਕਰੇ। ਭਲਾਈ ਦੇ ਕੰਮ ਕਰੇ।

ਸੂਰਜ ਚੰਦੁ ਉਪਾਇ ਜੋਤਿ ਸਮਾਣਿਆ॥

ਕੀਤੇ ਰਾਤਿ ਦਿਨੰਤੁ ਚੋਜ ਵਿਡਾਣਿਆ॥

ਭਾਵ ਸਾਰੀ ਰਚਨਾ ਸੰਸਾਰ ਦੀ ਰਚ ਕੇ ਆਪਣੇ ਵੱਡੇ ਚੋਜ ਨਾਲ ਰਾਤ ਦਿਨ ਵੀ ਵਾਹਿਗੁਰੂ ਨੇ ਬਣਾਏ ਅਤੇ ਸੂਰਜ,

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

## ਯਾਦ ਪਟਾਰੀ

# ਡਾਕਟਰ ਲਵ

**ਡਾ. ਆਸਾ ਸਿੰਘ ਘੁੰਮਣ**
**ਫੋਨ: +91-9779853245**



ਜ਼ਿੰਦਗੀ ਵਿੱਚ ਕੁਝ ਘਟਨਾਵਾਂ ਅਜਿਹੀਆਂ ਵਾਪਰ ਜਾਂਦੀਆਂ ਹਨ, ਜੋ ਤਾਉਮਰ ਸਾਨੂੰ ਕਿਸੇ ਨਾ ਕਿਸੇ ਰੂਪ ਵਿੱਚ ਪ੍ਰਭਾਵਿਤ ਕਰਦੀਆਂ ਰਹਿੰਦੀਆਂ ਹਨ ਅਤੇ ਕੁਝ ਚੰਗਾ ਚੰਗਾ ਅਹਿਸਾਸ ਕਰਾਉਂਦੀਆਂ ਰਹਿੰਦੀਆਂ ਹਨ। ਅਸੀਂ ਬੀ.ਏ. ਫਾਈਨਲ ਦੇ ਇਮਤਿਹਾਨ ਦੇ ਰਹੇ ਸਾਂ ਕਿ ਸਾਡੇ ਪੰਜਾਬੀ ਦੇ ਅਧਿਆਪਕ ਪ੍ਰੋਫੈਸਰ ਤਰਲੋਕ ਸਿੰਘ ਹੁਰਾਂ ਦੱਸਿਆ ਕਿ ਪੰਜਾਬ ਸਰਕਾਰ ਦੇ ਯੂਥ ਵਿਭਾਗ ਵੱਲੋਂ ਇੱਕ ਯੂਥ ਲੀਡਰਸ਼ਿਪ ਕੈਂਪ ਬੇਰਿੰਗ ਕ੍ਰਿਸ਼ਚੀਅਨ ਕਾਲਜ ਬਟਾਲਾ ਵਿਖੇ ਲੱਗ ਰਿਹਾ ਹੈ, ਜਿਸ ਵਿੱਚ ਸਾਡੇ ਕਾਲਜ ਦੇ ਦਸ ਵਿਦਿਆਰਥੀ ਚੁਣੇ ਜਾਣੇ ਸਨ। ਵਿਦਿਆਰਥੀਆਂ ਦੀ ਚੋਣ ਕਰ ਲਈ ਗਈ ਅਤੇ ਮੈਨੂੰ ਲੀਡਰ ਨਿਸ਼ਚਿਤ ਕਰ ਦਿੱਤਾ ਗਿਆ। ਅਸੀਂ ਆਪਣਾ ਬੋਰੀਆ-ਬਿਸਤਰਾ ਚੁੱਕਿਆ ਤੇ ਨਿਰਧਾਰਤ ਮਿਤੀ 'ਤੇ ਬਟਾਲੇ ਪਹੁੰਚ ਗਏ। ਬੇਰਿੰਗ ਕਾਲਜ ਦੇ ਫਿਜ਼ੀਕਲ ਐਜੂਕੇਸ਼ਨ ਦੇ ਅਧਿਆਪਕ ਪ੍ਰੋਫੈਸਰ ਓਮ ਪ੍ਰਕਾਸ਼ ਅਤੇ ਕਮਿਸਟਰੀ ਦੇ ਪ੍ਰੋਫੈਸਰ ਗੁਪਤਾ ਇਸ ਕੈਂਪ ਦੇ ਮੁੱਖ ਪ੍ਰਬੰਧਕ ਸਨ। ਇਸ ਕੈਂਪ ਵਿੱਚ ਕਪੂਰਥਲਾ ਅਤੇ ਗੁਰਦਾਸਪੁਰ ਜ਼ਿਲ੍ਹੇ ਦੇ ਦਸ-ਬਾਰਾਂ ਕਾਲਜਾਂ ਦੇ ਸੌ ਕੁ ਵਿਦਿਆਰਥੀ ਹਿੱਸਾ ਲੈ ਰਹੇ ਸਨ। ਮੇਰੇ ਆਪਣੇ ਕਾਲਜ ਦੀ ਟੁਕੜੀ ਕੈਂਪ ਦੀਆਂ ਗਤੀਵਿਧੀਆਂ ਵਿੱਚ ਅਨੁਸ਼ਾਸਨਮਈ ਢੰਗ ਨਾਲ ਵਧੀਆ ਕਾਰਗੁਜ਼ਾਰੀ ਕਰ ਰਹੀ ਸੀ। ਮੈਂ ਸਮੁੱਚੇ ਰੂਪ ਵਿੱਚ ਵੀ ਕੈਂਪ-ਗਤੀਵਿਧੀਆਂ ਦੇ ਸੰਚਾਲਨ ਵਿੱਚ ਜ਼ਿੰਮੇਵਾਰੀ ਨਾਲ ਰੋਲ ਅਦਾ ਕਰ ਰਿਹਾ ਸਾਂ।

ਕੈਂਪ ਦੇ ਆਖਰੀ ਦਿਨ ਤੋਂ ਪਹਿਲੀ ਸ਼ਾਮ ਇੱਕ ਗੈਰ-ਰਸਮੀ ਗੱਲਬਾਤ ਵਿੱਚ ਪ੍ਰੋਫੈਸਰ ਓਮ ਪ੍ਰਕਾਸ਼ ਅਤੇ ਪ੍ਰੋਫੈਸਰ ਗੁਪਤਾ ਨੇ ਮੈਨੂੰ ਪੁੱਛਿਆ ਕਿ ਮੈਂ ਅੱਗੋਂ ਕੀ ਕਰਨ ਬਾਰੇ ਸੋਚਿਆ ਹੈ? ਮੈਂ ਦੱਸਿਆ ਕਿ ਮੈਂ ਜਲੰਧਰ ਡੀ.ਏ.ਵੀ. ਕਾਲਜ 'ਚੋਂ ਐੱਮ.ਏ. ਇੰਗਲਿਸ਼ ਕਰਨ ਬਾਰੇ ਸੋਚ ਰਿਹਾ ਹਾਂ। ਇਹ ਸੁਣਦਿਆਂ ਹੀ ਉਨ੍ਹਾਂ ਫੈਸਲਾਕੁੰਨ ਸੁਰ ਵਿੱਚ ਸੁਝਾਅ ਦਿੱਤਾ ਕਿ ਮੈਂ ਇੰਗਲਿਸ਼ ਬੇਰਿੰਗ ਕਾਲਜ ਤੋਂ ਕਰਾਂ, ਜਿੱਥੇ ਡਾਕਟਰ ਪੱਾਲ ਲਵ ਹੈੱਡ ਆਫ਼ ਦੀ ਡਿਪਾਰਟਮੈਂਟ ਹਨ। ਬਾਕੀ ਸਟਾਫ ਵੀ ਬਹੁਤ ਵਧੀਆ ਹੈ, ਲਾਇਬਰੇਰੀ ਬੜੀ ਕਮਾਲ ਦੀ ਹੈ ਅਤੇ ਬਾਕੀ ਸਮੁੱਚਾ ਪ੍ਰਬੰਧ ਵੀ ਸਲਾਹੁਣਯੋਗ ਹੈ।

ਬੇਰਿੰਗ ਵਾਲੇ ਐੱਮ.ਏ. 'ਚ ਉਸ ਵੇਲੇ ਸਿਰਫ 15-20 ਵਿਦਿਆਰਥੀ ਹੀ ਰੱਖਦੇ ਸਨ, ਪਰ ਅਡਮਿਸ਼ਨ ਲਈ ਕਾਫੀ ਰਸ਼ ਪੈਂਦਾ ਸੀ। ਖ਼ੈਰ! ਅਡਮਿਸ਼ਨ ਤਾਂ ਮਿਲ ਹੀ ਜਾਣਾ ਸੀ ਤੇ ਮਿਲ ਵੀ ਗਿਆ। ਉਂਝ ਡਾਕਟਰ ਲਵ ਦਾਖਲੇ ਤੋਂ ਪਹਿਲਾਂ ਹੀ ਇੱਕ ਸਾਲ ਦੀ ਛੁੱਟੀ 'ਤੇ ਅਮਰੀਕਾ ਚਲੇ ਗਏ ਸਨ। ਕਲਾਸਾਂ ਲੱਗਣ ਉਪਰੰਤ ਅਸੀਂ ਵੇਖਿਆ ਕਿ ਸਾਡੇ ਸੀਨੀਅਰ ਡਾਕਟਰ ਲਵ ਨੂੰ ਬਹੁਤ ਮਿੱਸ ਕਰ ਰਹੇ ਸਨ। ਉਹ ਗੱਲ ਗੱਲ 'ਤੇ ਉਸਦੇ ਗੁਣ-ਗਾਇਨ ਕਰਨ ਲੱਗ ਪੈਂਦੇ। ਐਂ ਸੀ ਜਿਵੇਂ ਡਾਕਟਰ ਲਵ ਬਿਨ ਓਦਰੇ ਪਏ ਹੋਣ!

ਮੇਰੀਆਂ ਆਰਥਿਕ ਅਤੇ ਮਾਨਸਿਕ ਮੁਸ਼ਕਲਾਂ ਤਾਂ ਪਹਿਲਾਂ ਹੀ ਬਹੁਤ ਸਨ, ਪਰ ਉਨ੍ਹਾਂ ਵਿੱਚ ਹੋਰ ਵਾਧਾ ਹੋਣ ਵਾਲਾ ਸੀ! ਨਵੰਬਰ-ਦਸੰਬਰ ਵਿੱਚ ਮੇਰੇ ਪਿਤਾ ਜੀ ਸਖ਼ਤ ਬਿਮਾਰ ਹੋ ਗਏ ਅਤੇ ਜਨਵਰੀ ਵਿੱਚ ਮਾਘੀ ਵਾਲੇ ਦਿਨ ਉਹ ਮੈਨੂੰ ਇਸ ਸੰਸਾਰ ਵਿੱਚ ਇਕੱਲੇ ਛੱਡ ਸਦੀਵੀ ਵਿਛੋੜਾ ਦੇ ਗਏ। ਮੈਂ ਦੁਬਿਧਾ ਵਿੱਚ ਸਾਂ ਕਿ ਹੁਣ ਆਪਣੀ ਪੜ੍ਹਾਈ ਜਾਰੀ ਰੱਖਾਂ ਤਾਂ ਕਿਵੇਂ ਰੱਖਾਂ? ਸੋਚ ਰਿਹਾ ਸਾਂ ਕਿ ਅਗਲੇ ਸੈਸ਼ਨ ਵਿੱਚ ਬੀ.ਐੱਡ. ਕਰ ਲਵਾਂਗਾ। ਮੇਰੀ ਇਹ ਦੁਬਿਧਾ ਵੇਖ ਕੇ ਅਫਸੋਸ 'ਤੇ ਮੇਰੇ ਪਿੰਡ ਪਹੁੰਚੇ ਸਹਿਪਾਠੀਆਂ ਵਿੱਚੋਂ ਇੱਕ, ਸਤੀਸ਼ ਡੋਗਰਾ ਨੇ ਡਾਕਟਰ ਲਵ ਨੂੰ ਮੇਰੀ ਸਾਰੀ ਅਵੱਸਥਾ ਦੱਸਦੇ ਹੋਏ ਅਮਰੀਕਾ ਵਿੱਚ ਚਿੱਠੀ ਲਿਖੀ ਦਿੱਤੀ (ਸਤੀਸ਼ ਡੋਗਰਾ ਬਾਅਦ ਵਿੱਚ ਆਈ.ਪੀ.ਐੱਸ. ਬਣੇ ਅਤੇ ਡੀ.ਜੀ.ਪੀ. ਤਾਮਿਲਨਾਡੂ ਰਿਟਾਇਰ ਹੋਏ)। ਡਾਕਟਰ ਲਵ ਨੇ ਅਮਰੀਕਾ ਤੋਂ ਤਤਕਾਲੀ ਮੁਖੀ ਅੰਗਰੇਜ਼ੀ ਵਿਭਾਗ, ਮਿਸਟਰ ਸਾਕੀ ਨੂੰ ਚਿੱਠੀ ਲਿਖੀ ਕਿ ਮੈਨੂੰ ਕਾਲਜ ਬੁਲਾਇਆ ਜਾਵੇ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਮੇਰੀ ਪੜ੍ਹਾਈ ਨਿਰੰਤਰ, ਨਿਰ-ਵਿਘਨ ਚੱਲਦੀ ਰਹੇ।

ਅਮਰੀਕਾ ਤੋਂ ਵਾਪਸ ਆਏ ਡਾਕਟਰ ਲਵ ਨੂੰ ਜਦੋਂ ਮੈਂ ਪਹਿਲੀ ਵਾਰ ਮਿਲਿਆ ਤਾਂ ਉਨ੍ਹਾਂ ਅਡੋਲ ਜਿਹੇ ਮੇਰਾ ਹੱਥ ਪਕੜ ਲਿਆ। ਹੱਥ ਨੂੰ ਨਿੱਕਾ-ਨਿੱਕਾ ਪਲੋਸਦੇ ਰਹੇ, ਘੁਟਦੇ ਰਹੇ! ਅਤੇ ਨਾਲ ਨਿੱਕੀਆਂ ਨਿੱਕੀਆਂ ਗੱਲਾਂ ਪੜ੍ਹਾਈ ਬਾਰੇ ਪੁੱਛਦੇ ਰਹੇ। ਹੱਥ ਪਕੜਨ ਦਾ ਉਹ ਅਹਿਸਾਸ ਮੇਰੇ ਮਨ-ਮਸਤਕ ਵਿੱਚ ਅੱਜ ਵੀ ਤਾਜ਼ਾ ਹੈ! ਜਿਵੇਂ ਕੋਈ ਅਮੂਕ ਭਾਸ਼ਾ ਵਿੱਚ ਕਹਿ ਰਿਹਾ ਹੋਵੇ, "ਡੋਲੀ ਦਾ ਨਹੀਂ।"

ਛੇਤੀ ਹੀ ਪਤਾ ਲੱਗਣਾ ਸ਼ੁਰੂ ਹੋ ਗਿਆ ਸੀ ਕਿ ਸਾਡੇ ਸੀਨੀਅਰ ਡਾਕਟਰ ਸਾਹਿਬ ਨੂੰ ਕਿਉਂ ਗੱਲੇ-ਕੱਥੇ ਯਾਦ ਕਰਦੇ ਰਹਿੰਦੇ ਸਨ। ਡਾਕਟਰ ਲਵ ਵਧੀਆ ਅਧਿਆਪਕ ਤਾਂ ਹੈ ਹੀ ਸਨ, ਪਰ ਇਨਸਾਨੀਅਤ ਪੱਖੋਂ ਉਨ੍ਹਾਂ ਦਾ ਕੋਈ ਮੁਕਾਬਲਾ ਨਹੀਂ ਸੀ। ਉਹ ਰੱਬੀ-ਰੂਹ ਸਨ, ਫਰਿਸ਼ਤਾ ਸਨ! ਥੋੜ੍ਹੇ ਵਿਦਿਆਰਥੀ ਹੋਣ ਕਰਕੇ ਉਨ੍ਹਾਂ ਦੀ ਵਿਦਿਆਰਥੀਆਂ ਨਾਲ ਸਾਂਝ ਬੜੀ ਨਜ਼ਦੀਕੀ ਵਾਲੀ ਸੀ। ਉਨ੍ਹਾਂ ਦਿਨਾਂ ਵਿੱਚ ਅੰਗਰੇਜ਼ੀ ਵਿਭਾਗ ਨੂੰ ਅਜੇ ਆਪਣੀ ਵੱਖਰੀ ਬਿਲਡਿੰਗ ਨਹੀਂ ਸੀ ਮਿਲੀ। ਕਲਾਸਾਂ ਕਈ ਵਾਰ ਡਾਕਟਰ ਸਾਹਿਬ ਦੇ ਡਰਾਇੰਗ ਰੂਮ ਵਿੱਚ ਲਗਦੀਆਂ। ਅਸੀਂ ਕਈ ਵਾਰੀ ਚੋਰੀ ਦੇਣੀ ਡਾਕਟਰ ਲਵ ਦੀ ਕਿਚਨ ਵਿੱਚ ਜਾ ਵੜਦੇ ਤੇ ਉਥੇ ਪਏ ਸੇਬ ਵਗੈਰਾ ਖਾ ਜਾਂਦੇ। ਜੇ ਕੋਈ ਅਜਿਹੀ ਗੁਸਤਾਖ਼ੀ ਕਰਦਾ ਫੜਿਆ ਵੀ ਜਾਂਦਾ ਤਾਂ ਡਾਕਟਰ ਲਵ ਅਣਜਾਣ ਜਿਹੇ ਬਣੇ ਰਹਿੰਦੇ ਜਾਂ ਉਸਦੀ ਸ਼ਰਾਰਤ 'ਤੇ ਮਾਸੂਮਾਂ ਵਾਂਗੂੰ ਮੁਸਕਰਾ ਛੱਡਦੇ।

ਡਾਕਟਰ ਲਵ ਬਾਰੇ ਬਹੁਤ ਮਸ਼ਹੂਰ ਸੀ ਕਿ ਕਲਾਸ ਵਿੱਚ ਕਿਸੇ ਵਿਦਿਆਰਥੀ ਦੇ ਗਲਤ ਤੋਂ ਗਲਤ ਜੁਆਬ ਨੂੰ ਵੀ ਉਹ ਸਪਾਟ ਦੇਣੀਂ 'ਗਲਤ' ਕਦੀ ਨਹੀਂ ਸਨ ਕਹਿੰਦੇ। ਉਹ ਗਲਤ ਜੁਆਬ ਦੇਣ ਵਾਲੇ ਵਿਦਿਆਰਥੀ ਦੀਆਂ ਅੱਖਾਂ ਵਿੱਚ ਅੱਖਾਂ ਪਾਉਂਦੇ, ਮਿੰਨਾ ਜਿਹਾ ਮੁਸਕਰਾਉਂਦੇ ਅਤੇ ਸਹਿਜੇ ਜਿਹੇ ਕਹਿੰਦੇ, "ਬੱਟ ਸੌਰੀ, ਆਸਾ, ਦਿਸ ਇਜ਼ ਨਾਟ ਦਾ ਰਾਈਟ ਆਨਸਰ।" ਜਿਹੜਾ ਪੇਪਰ ਉਹ ਪੜ੍ਹਾਉਂਦੇ ਸਨ, ਉਸ ਟੈਕਸਟ-ਬੁੱਕ ਦਾ ਬੈਸਟ ਅਡੀਸ਼ਨ ਉਹ ਖ਼ੁਦ ਚੁਣਦੇ, ਆਪ ਪੁਸਤਕਾਂ ਖ਼ਰੀਦਦੇ ਅਤੇ ਕਲਾਸ ਵਿੱਚ ਨਿਰਸ਼ੁਲਕ ਵੰਡ ਦਿੰਦੇ। ਸੈਕੰਡ ਹੈਂਡ ਕਿਤਾਬਾਂ ਵਰਤਣ ਦੀ ਸਾਨੂੰ ਇਜਾਜ਼ਤ ਨਹੀਂ ਸੀ। ਡਾਕਟਰ ਲਵ ਸੋਚਦੇ ਸਨ ਕਿ ਪੁਰਾਣੀ ਕਿਤਾਬ 'ਤੇ ਲਿਖੇ ਅਰਥ ਅਤੇ ਕਥਨ ਸਾਡੀ ਓਰਿਜ਼ਨੈਲਿਟੀ ਨੂੰ ਪ੍ਰਭਾਵਿਤ ਕਰਦੇ ਹਨ।

ਡਾਕਟਰ ਲਵ ਕ੍ਰਿਸਚੀਅਨ ਮਿਸ਼ਨਰੀ ਸਨ ਅਤੇ ਉਨ੍ਹਾਂ ਨੇ ਸ਼ਾਦੀ ਨਹੀਂ ਸੀ ਕਰਾਈ। ਉਹ ਆਪਣਾ ਸਾਰਾ ਕੁਝ ਲੋੜਵੰਦਾਂ ਨੂੰ ਸਮਰਪਿਤ ਕਰੀ ਜਾ ਰਹੇ ਸਨ। ਉਹ ਲੋੜਵੰਦ ਵਿਦਿਆਰਥੀਆਂ ਦੀ ਦਿਲ ਖੋਲ੍ਹ ਕੇ ਮਦਦ ਕਰਦੇ, ਖ਼ਾਸ ਤੌਰ 'ਤੇ ਹੋਸਟਲ-ਵਿਦਿਆਰਥੀਆਂ ਦੀ। ਮੈਨੂੰ ਯਾਦ ਹੈ, ਇੱਕ ਵਾਰ ਡਾਕਟਰ ਲਵ ਨੇ ਸਾਨੂੰ ਹੋਸਟਲ ਵਾਲਿਆਂ ਨੂੰ ਬੁਲਾਇਆ ਅਤੇ ਕਿਹਾ ਤੁਸੀਂ ਲਿਖ ਕੇ ਦਿਓ ਕਿ ਤੁਸੀਂ ਹਰ ਮਹੀਨੇ ਕਿੰਨੇ ਪੈਸੇ ਅਦਾ ਕਰ ਸਕਦੇ ਹੋ। ਆਪਣੇ ਇਮਾਨ ਨਾਲ ਲਿਖਣਾ ਹੁੰਦਾ ਸੀ। ਕੋਈ 'ਅਰਜ਼ੀ' ਨਹੀਂ, ਕੋਈ 'ਦਰਖ਼ਾਸਤ' ਨਹੀਂ। ਕੋਈ ਆਪਣੀ ਗਰੀਬੀ ਦਾ ਐਲਾਨਨਾਮਾ ਜਾਂ ਹਲਫੀਆ ਬਿਆਨ ਨਹੀਂ। ਬੱਸ, ਇੱਕ ਲਾਈਨ: ਮੈਂ ਏਨੇ ਪੈਸੇ ਦੇ ਸਕਦਾ ਹਾਂ। ਥੱਲੇ ਆਪਣੇ ਦਸਤਖ਼ਤ, ਕਲਾਸ ਅਤੇ ਰੋਲ ਨੰਬਰ। ਵਾਹ! ਡਾਕਟਰ ਲਵ, ਤੇਰੇ ਜਿਹਾ ਕੋਈ ਹੋਰ ਨਹੀਂ!

ਕਾਲਜ ਦੀ ਅਕਾਊਂਟ ਬਰਾਂਚ ਨੂੰ ਵੱਖਰੀ ਹਦਾਇਤ ਸੀ ਕਿ ਇੰਗਲਿਸ਼ ਡਿਪਾਰਟਮੈਂਟ ਦੇ ਕਿਸੇ ਵੀ ਡਿਫਾਲਟਰ ਵਿਦਿਆਰਥੀ ਦਾ ਨਾਂ ਨੋਟਿਸ ਬੋਰਡ 'ਤੇ ਨਹੀਂ ਜਾਣਾ ਚਾਹੀਦਾ। ਜੇ ਕੋਈ ਅਜਿਹਾ ਵਿਦਿਆਰਥੀ ਹੋਵੇ ਤਾਂ ਉਸਦਾ ਨਾਂ ਡਾਕਟਰ ਲਵ ਕੋਲ ਭੇਜਿਆ ਜਾਵੇ। ਬੱਸ ਫਿਰ ਉਹ ਜਾਨਣ ਤੇ ਉਨ੍ਹਾਂ ਦਾ ਕੰਮ!

ਮੇਰੇ ਪਿਛਲੇ ਕਾਲਜ ਗੁਰੂ ਨਾਨਕ ਪ੍ਰੇਮ ਕਰਮ ਸਰ ਕਾਲਜ ਨਡਾਲਾ ਵਿਖੇ ਅੰਗਰੇਜ਼ੀ ਦੇ ਸਾਡੇ ਹਰਮਨ ਪਿਆਰੇ ਅਧਿਆਪਕ ਪ੍ਰੋ. ਜਗੀਰ ਸਿੰਘ ਦੀ ਪਿਆਰ ਭਰੀ ਚਿੱਠੀ ਆਈ ਕਿ ਮੈਂ ਡਾਕਟਰ ਲਵ ਨੂੰ ਸਨਿਮਰ ਬੇਨਤੀ ਕਰਾਂ ਕਿ ਉਹ ਬੀ.ਏ. ਫਾਈਨਲ ਵਿੱਚ ਪੜ੍ਹਾਏ ਜਾ ਰਹੇ ਸ਼ੈਕਸਪੀਅਰ ਦੇ ਨਾਟਕ 'ਮਰਚੈਂਟ ਆਫ਼ ਵੈਨਿਸ' 'ਤੇ ਐਕਸਟੈਨਸ਼ਨ ਲੈਕਚਰ ਦੇਣ ਲਈ ਨਡਾਲੇ ਕਾਲਜ ਆਉਣ। ਮੈਂ ਸੋਚਿਆ ਡਾਕਟਰ ਲਵ ਨੂੰ ਮੈਂ ਅੰਗਰੇਜ਼ੀ ਵਿੱਚ ਕੀ ਸਮਝਾਂਦਾ ਫਿਰਾਂਗਾ, ਮੈਂ ਚਿੱਠੀ ਉਨ੍ਹਾਂ ਦੇ ਅੱਗੇ ਜਾ ਰੱਖੀ। ਉਨ੍ਹਾਂ ਚਿੱਠੀ ਪੜ੍ਹੀ, ਸਕਿੰਟ ਕੁ ਸੋਚਿਆ ਤੇ 'ਓ.ਕੇ. ਆਸਾ' ਕਹਿ ਕੇ ਮੇਰੀ ਖੁਸ਼ੀ ਨੂੰ ਖੰਭ ਲਾ ਦਿੱਤੇ, ਕਿਉਂਕਿ ਇਸ ਨਾਲ ਪਿਛਲੇ ਕਾਲਜ ਵਿੱਚ ਮੇਰੀ ਪੂਰੀ ਟੌਹਰ ਬਣ ਜਾਣੀ ਸੀ।

ਮੁਕੱਰਰ ਤਾਰੀਕ 'ਤੇ ਅਸੀਂ ਬਟਾਲੇ ਤੋਂ ਬੱਸ ਲੈ ਕੇ ਸੁਭਾਨਪੁਰ ਅਤੇ ਫਿਰ ਸੁਭਾਨਪੁਰ ਤੋਂ ਨਡਾਲੇ ਅੱਡੇ 'ਤੇ ਪਹੁੰਚ ਗਏ, ਤੇ ਫਿਰ ਅੱਡੇ ਤੋਂ ਤੁਰ ਕੇ ਕਾਲਜ। ਪੇਂਡੂ ਕਾਲਜ ਵਿੱਚ ਕਿਸੇ 'ਅੰਗਰੇਜ਼' ਦਾ ਲੈਕਚਰ ਦੇਣ ਆਉਣਾ ਬੜਾ ਦਿਲਕਸ਼ ਵਾਕਿਆ ਸੀ। ਵਿਦਿਆਰਥੀਆਂ ਨੇ ਲੈਕਚਰ ਬੜੇ ਧਿਆਨ ਨਾਲ ਸੁਣਿਆ। ਕੁਝ ਪੱਲੇ ਪਿਆ ਕਿ ਨਹੀਂ, ਅੱਲਾ ਜਾਣੇ! ਲੈਕਚਰ ਤੋਂ ਬਾਅਦ ਪ੍ਰੋ. ਸਾਹਿਬ ਵੱਲੋਂ ਅਗਾਊਂ ਲਿਖ ਕੇ ਦਿੱਤੇ ਸੁਆਲ ਵੀ ਪੁੱਛੇ ਗਏ। ਇੱਕ ਦੋ ਵਿਦਿਆਰਥੀ ਨੂੰ ਉਹ ਸੁਆਲ ਭੁੱਲ ਗਏ ਤੇ ਪੰਜਾਬੀ ਵਿੱਚ ਸੁਆਲ ਪੁੱਛਣ ਲੱਗੇ! ਡਾਕਟਰ ਲਵ ਸਭ ਕੁਝ ਸੁਣਦੇ ਰਹੇ, ਵਾਚਦੇ ਰਹੇ, ਮੁਸਕਰਾਂਦੇ ਰਹੇ ਅਤੇ ਹਾਲਾਤ ਮਾਣਦੇ ਰਹੇ।

ਬਟਾਲੇ ਵਿੱਚ ਰਹਿੰਦਿਆ ਸਾਨੂੰ ਤਾਂ ਇਸ ਤਰ੍ਹਾਂ ਹੀ ਲੱਗਦਾ ਹੈ ਕਿ ਉਨ੍ਹਾਂ ਦਾ ਕੋਈ ਖ਼ਾਸ ਸੋਸ਼ਲ ਸਰਕਲ ਨਹੀਂ ਸੀ, ਪਰ ਉਹ ਆਪਣੇ ਕਿੱਤੇ ਨੂੰ ਸਮਰਪਿਤ ਹਰ ਪਲ ਰੁੱਝੇ ਨਜ਼ਰ ਆਉਂਦੇ ਸਨ। ਅਸੀਂ ਉਨ੍ਹਾਂ ਨੂੰ ਅਕਸਰ 'ਬਿਜ਼ੀ ਬੀ' ਕਹਿੰਦੇ, ਉਹ ਅੱਗੋਂ ਹੱਸ ਕੇ ਕਹਿ ਛੱਡਦੇ, "ਬੱਟ ਨੱਾਟ ਏ ਬਿਜ਼ੀ ਬੀ।" ਉਨ੍ਹਾਂ ਦਾ ਇੱਕ ਵੱਖਰਾ ਹੀ ਪ੍ਰਭਾਵਸ਼ਾਲੀ ਔਰਾ ਸੀ। ਅਸੀਂ ਕਦੀ ਉਨ੍ਹਾਂ ਨੂੰ ਗੁੱਸੇ ਵਿੱਚ ਆਏ ਨਹੀਂ ਸੀ ਵੇਖਿਆ। ਉਹ ਹਮੇਸ਼ਾ ਨਿੱਕ-ਨਿੱਕਾ ਹੱਸਦੇ ਰਹਿੰਦੇ, ਘੱਟ ਬੋਲਦੇ ਪਰ ਜਦ ਬੋਲਦੇ ਆਪਣੇ ਵੱਖਰੇ ਹੀ ਅੰਦਾਜ਼ ਵਿੱਚ ਚਿਰ-ਸਥਾਈ ਪ੍ਰਭਾਵ ਛੱਡ ਜਾਂਦੇ।


ਉਹ ਭਾਵੇਂ ਖ਼ੁਦ ਗ੍ਰਹਿਸਥੀ ਨਹੀਂ ਸਨ, ਪਰ ਆਪਣੇ ਵਿਦਿਆਰਥੀਆਂ ਦੇ ਘਰ-ਪਰਿਵਾਰ ਵਿੱਚ ਉਹ ਪੂਰੀ ਦਿਲਚਸਪੀ ਦਿਖਾਉਂਦੇ ਸਨ। ਆਪਣੀ ਸ਼ਾਦੀ ਦੇ ਮੌਕੇ ਮੈਂ ਬੇਰਿੰਗ ਵਿੱਚ ਹੀ ਲੀਵ ਵੈਕੇਂਸੀ 'ਤੇ ਕੰਮ ਕਰ ਰਿਹਾ ਸਾਂ। ਮੈਂ ਝਕਦੇ-ਝਕਦੇ ਉਨ੍ਹਾਂ ਨੂੰ ਸ਼ਾਦੀ ਦਾ ਕਾਰਡ ਦੇਣ ਲਈ ਪਹੁੰਚ ਗਿਆ। ਉਹ ਕਾਰਡ ਪੜ੍ਹ ਕੇ ਖ਼ੂਬ ਮੁਸਕਰਾਏ ਅਤੇ ਮੇਰੀ ਹੈਰਾਨੀ ਦੀ ਹੱਦ ਨਾ ਰਹੀ ਜਦ ਉਹ ਸੱਚੀਂ-ਮੁਚੀਂ ਕਾਲਜ ਦੇ ਪ੍ਰਿੰਸੀਪਲ ਡਾਕਟਰ ਰੰਗ ਪਾਲ ਅਤੇ ਮੇਰੀ ਕਲਾਸ ਫੈਲੋ ਵਿਭਾ ਉਬਰਾਏ ਸਮੇਤ ਮੇਰੇ ਸਹੁਰੇ-ਪਿੰਡ ਪਹੁੰਚ ਗਏ। ਫੈਸਲਾ ਹੋਇਆ ਕਿ ਡਾਕਟਰ ਲਵ ਜੋੜੀ ਨੂੰ ਮੁਬਾਰਕਾਂ ਦੇਣਗੇ ਅਤੇ ਪ੍ਰੋ. ਜਗੀਰ ਸਿੰਘ ਉਸਦਾ ਨਾਲੋ-ਨਾਲ ਪੰਜਾਬੀ ਵਿੱਚ ਅਨੁਵਾਦ ਕਰੀ ਜਾਣਗੇ। ਉਹ ਮੌਕਾ ਇੱਕ ਯਾਦਗਰੀ ਬਣ ਗਿਆ, ਜਿਸਨੂੰ ਯਾਦ ਕਰਕੇ ਰਿਸ਼ਤੇਦਾਰ ਅੱਜ ਵੀ ਹੁਲਾਸ ਵਿੱਚ ਆ ਜਾਂਦੇ ਹਨ।

ਉਨ੍ਹਾਂ ਦਾ ਇੱਕ ਖ਼ਾਸ ਗੁਣ ਮੈਨੂੰ ਵਿਸ਼ੇਸ਼ ਤੌਰ 'ਤੇ ਅੱਜ ਵੀ ਵਰਨਣਯੋਗ ਲੱਗਦਾ ਹੈ ਕਿ ਏਡੇ ਵੱਡੇ ਦਾਨੀ ਅਤੇ ਕਲਿਆਣਕਾਰੀ ਪੁਰਸ਼ ਦੇ ਮੂੰਹੋਂ ਨਾ ਤਾਂ ਮੈਂ ਕਦੀ 'ਕਰਾਈਸਟ' ਨਿਕਲਦਾ ਸੁਣਿਆ ਸੀ, ਨਾ ਕਦੀ 'ਓ ਮਾਈ ਗੱਾਡ।' ਨਾ ਕਦੀ ਉਨ੍ਹਾਂ ਸਾਡੇ ਸਾਹਮਣੇ ਬਾਈਬਲ ਦਾ ਜ਼ਿਕਰ ਕੀਤਾ ਸੀ ਤੇ ਨਾ ਕਦੀ ਉਸ ਵਿਚਲੀਆਂ ਸਿਖਿਆਵਾਂ ਨੂੰ ਕੋਟ ਕੀਤਾ ਸੀ। ਨਾ ਹੀ ਮੈਂ ਉਨ੍ਹਾਂ ਨੂੰ ਆਪਣੇ ਹੱਥ ਨਾਲ ਕਦੀ ਹਿੱਕ 'ਤੇ ਕਰੱਾਸ ਬਣਾਉਂਦੇ ਦੇਖਿਆ ਸੀ। ਉਹ ਧਾਰਮਿਕਤਾ ਦੇ ਕੇਂਦਰੀ-ਭਾਵ ਨੂੰ ਕਰਮਯੋਗੀ ਬਣ ਕੇ ਨਿਭਾਅ ਰਹੇ ਲੱਗਦੇ ਸਨ।

ਸਮਾਂ ਪਾ ਕੇ ਉਹ ਬੇਰਿੰਗ ਕਾਲਜ ਤੋਂ ਅਮਰੀਕਨ ਕਾਲਜ ਮਦੁਰਾਈ ਚਲੇ ਗਏ, ਜਿੱਥੇ ਉਨ੍ਹਾਂ ਨੇ ਕਈ ਨਿਵੇਕਲੇ ਕੰਮ ਕੀਤੇ, ਜਿਨ੍ਹਾਂ ਦੀ ਜਾਣਕਾਰੀ ਉਹ ਹਰ ਨਵੇਂ ਸਾਲ ਆਪਣੀ ਲੰਮੀ ਚਿੱਠੀ ਵਿੱਚ ਨਵੇਂ ਸਾਲ ਦੀਆਂ ਸ਼ੁੱਭ ਕਾਮਨਾਵਾਂ ਸਮੇਤ ਸਾਨੂੰ ਦਿੰਦੇ ਰਹਿੰਦੇ। ਉਥੇ ਹੀ ਉਹ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ। ਇਹ ਮਨਹੂਸ ਖ਼ਬਰ ਸੁਣ ਕੇ ਪੁਰਾਣੇ ਵਿਦਿਆਰਥੀਆਂ ਵਿੱਚ ਗਮਗੀਨਤਾ ਦੀ ਲਹਿਰ ਫੈਲ ਗਈ। ਅਸੀਂ ਇੱਕ ਦੂਸਰੇ ਨੂੰ ਫੋਨ ਕਰਕੇ ਅਫਸੋਸ ਵਿੱਚ ਉਨ੍ਹਾਂ ਦੀ ਗੁਣਵੱਤਾ-ਜ਼ਿੰਦਗੀ ਦੀਆਂ ਗੱਲਾਂ ਕਰਦੇ ਥੱਕਦੇ ਨਾ।

ਉਨ੍ਹਾਂ ਦੀ ਨਿੱਜੀ ਜ਼ਿੰਦਗੀ ਬਾਰੇ ਸਾਨੂੰ ਸਿਰਫ਼ ਏਨਾ ਕੁ ਹੀ ਪਤਾ ਸੀ ਕਿ ਉਨ੍ਹਾਂ ਦਾ ਇੱਕ ਭਰਾ ਅਮਰੀਕਾ ਰਹਿੰਦਾ ਸੀ, ਜਿਸ ਕੋਲ ਉਹ ਜਾਂਦੇ-ਆਉਂਦੇ ਰਹਿੰਦੇ ਸਨ। ਉਨ੍ਹਾਂ ਦੀ ਸਦੀਵੀ ਵਿਦਾਇਗੀ ਤੋਂ ਬਾਅਦ ਪਤਾ ਚੱਲਿਆ ਸੀ ਕਿ ਉਨ੍ਹਾਂ ਦੀ ਵਿਦਿਆਰਥੀਆਂ ਨੂੰ ਸਮਰਪਿਤ ਕੁਰਬਾਨੀ ਭਰੀ ਇਸ ਜੀਵਨ-ਕਹਾਣੀ ਪਿੱਛੇ ਕੋਈ ਪਿਆਰ ਕਹਾਣੀ ਛੁਪੀ ਹੋਈ ਸੀ। ਡਾਕਟਰ ਲਵ ਦਾ ਕਿਸੇ ਮੁਟਿਆਰ ਨਾਲ ਪਿਆਰ ਅਗਿਆਤ ਕਾਰਨਾਂ ਕਰਕੇ ਸਿਰੇ ਨਹੀਂ ਸੀ ਚੜ੍ਹ ਸਕਿਆ ਅਤੇ ਉਨ੍ਹਾਂ ਦੋਹਾਂ ਨੇ ਆਪਣਾ ਆਪਣਾ ਜੀਵਨ ਸਦਾ ਲਈ ਮਨੁੱਖਤਾ ਨੂੰ ਸੌਂਪਣ ਦਾ ਵਾਅਦਾ ਕਰਕੇ ਇੱਕ-ਦੂਸਰੇ ਤੋਂ ਸਦੀਵੀ ਜੁਦਾਈ ਲੈ ਲਈ ਸੀ।

ਡਾਕਟਰ ਲਵ ਹਮੇਸ਼ਾ ਸਾਡੀਆਂ ਸਿਮਰਿਤੀਆਂ ਵਿੱਚ ਵੱਸਦੇ ਹਨ। ਅਸੀਂ ਪੁਰਾਣੇ ਵਿਦਿਆਰਥੀ ਅਕਸਰ ਉਨ੍ਹਾਂ ਬਾਰੇ ਗੱਲਾਂ ਕਰਦਿਆਂ ਇੱਕ ਦੂਸਰੇ ਨੂੰ ਪੁੱਛਦੇ ਹਾਂ ਕੀ ਹੁਣ ਤੱਕ ਦੀ ਜ਼ਿੰਦਗੀ ਵਿੱਚ ਕੋਈ ਡਾਕਟਰ ਲਵ ਵਰਗਾ ਵਿਅਕਤੀ ਮਿਲਿਆ? ਹਰ ਕਿਸੇ ਦਾ ਜੁਆਬ ਹੁੰਦਾ ਹੈ, "ਨਾ ਕੋਈ ਅੱਜ ਤੱਕ ਮਿਲਿਆ ਹੈ ਅਤੇ ਨਾ ਹੀ ਮਿਲਣ ਦੀ ਕੋਈ ਆਸ ਹੈ।"



***ਉਨ੍ਹਾਂ ਦਾ ਇੱਕ ਖ਼ਾਸ ਗੁਣ ਮੈਨੂੰ ਵਿਸ਼ੇਸ਼ ਤੌਰ 'ਤੇ ਅੱਜ ਵੀ ਵਰਨਣਯੋਗ ਲੱਗਦਾ ਹੈ ਕਿ ਏਡੇ ਵੱਡੇ ਦਾਨੀ ਅਤੇ ਕਲਿਆਣਕਾਰੀ ਪੁਰਸ਼ ਦੇ ਮੂੰਹੋਂ ਨਾ ਤਾਂ ਮੈਂ ਕਦੀ 'ਕਰਾਈਸਟ' ਨਿਕਲਦਾ ਸੁਣਿਆ ਸੀ, ਨਾ ਕਦੀ 'ਓ ਮਾਈ ਗੱਾਡ।'... ਨਾ ਹੀ ਮੈਂ ਉਨ੍ਹਾਂ ਨੂੰ ਆਪਣੇ ਹੱਥ ਨਾਲ ਕਦੀ ਹਿੱਕ 'ਤੇ ਕਰੱਾਸ ਬਣਾਉਂਦੇ ਦੇਖਿਆ ਸੀ। ਉਹ ਧਾਰਮਿਕਤਾ ਦੇ ਕੇਂਦਰੀ-ਭਾਵ ਨੂੰ ਕਰਮਯੋਗੀ ਬਣ ਕੇ ਨਿਭਾਅ ਰਹੇ ਲੱਗਦੇ ਸਨ।***

## ਤੇਰਾ ਅੰਤੁ ਨ ਜਾਈ ਲਖਿਆ

ਚੰਦਰਮਾ ਆਦਿ ਦੀ ਰਚਨਾ ਕੀਤੀ, ਇਸ ਸਭ ਕਾਸੇ ਵਿੱਚ ਵਾਹਿਗੁਰੂ ਜੀ ਆਪ ਜੋਤ ਰੂਪ ਹੋ ਕੇ ਸਮਾਏ ਹੋਏ ਹਨ।

**ਸੰਦੇਸ਼:** ਸਾਰੀ ਸ੍ਰਿਸ਼ਟੀ ਵਿੱਚ ਵਾਹਿਗੁਰੂ ਆਪ ਹੈ।

ਸੁਰਿ ਮਿਲਿਐ ਮਨੁ ਰਹਸੀਐ ਜਿਉ ਵੁਠੈ ਧਰਣਿ ਸੀਗਾਰੁ॥
ਸਭ ਦਿਸੈ ਹਰੀਆਵਲੀ ਸਰ ਭਰੇ ਸੁਭਰ ਤਾਲੁ॥
ਅੰਦਰੁ ਰਚੈ ਸਚ ਰੰਗਿ ਜਿਉ ਮੰਜੀਠੈ ਲਾਲੁ॥

ਭਾਵ ਜੇ ਗੁਰੂ ਮਿਲ ਪਵੇ ਤਾਂ ਮਨ ਖਿਲ ਪੈਂਦਾ ਹੈ, ਜਿਵੇਂ ਮੀਂਹ ਪੈਣ ਨਾਲ ਧਰਤੀ ਦੀ ਸਜਾਵਟ ਬਣ ਕੇ ਸਾਰੀ ਧਰਤੀ ਹਰੀ-ਭਰੀ ਦਿਸ ਆਂਵਦੀ ਹੈ, ਸਰੋਵਰ ਤੇ ਤਲਾਬ ਨੱਕੋ-ਨੱਕ ਪਾਣੀ ਨਾਲ ਭਰ ਜਾਂਦੇ ਹਨ। ਇਸ ਤਰ੍ਹਾਂ ਜਿਸਨੂੰ ਗੁਰੂ ਮਿਲਦਾ ਹੈ, ਉਸਦਾ ਮਨ ਸਦਾ ਥਿਰ ਰਹਿਣ ਵਾਲੇ ਪ੍ਰਭੂ ਦੇ ਪਿਆਰ ਵਿੱਚ ਰਚ ਜਾਂਦਾ ਹੈ ਅਤੇ ਮਜੀਠ (ਰੰਗ) ਵਾਂਗ ਰੱਤਾ ਪੱਕੇ ਪਿਆਰ ਵਾਲਾ ਹੋ ਜਾਂਦਾ ਹੈ। ਉਸਦਾ ਹਿਰਦਾ ਖਿੜ੍ਹ ਜਾਂਦਾ ਹੈ। ਵਾਹਿਗੁਰੂ ਸਦਾ ਉਸਦੇ ਹਿਰਦੇ ਵਿੱਚ ਆ ਵੱਸਦਾ ਹੈ।

**ਸੰਦੇਸ਼:** ਗੁਰੂ ਦੀ ਪ੍ਰਾਪਤੀ ਸਭ ਤੋਂ ਉਚੀ ਤੇ ਸੱਚੀ। ਜਿਸ ਤਰ੍ਹਾਂ ਮੀਂਹ ਪੈਣ ਨਾਲ ਕੁਦਰਤ ਖੁਸ਼ਹਾਲ ਹੋ ਜਾਂਦੀ ਹੈ, ਖਿੜ੍ਹ ਜਾਂਦੀ ਹੈ, ਪ੍ਰਭੂ ਦੇ ਮਿਲਣ ਨਾਲ ਵੀ ਮਨੁੱਖ ਦਾ ਤਨ, ਮਨ, ਰੂਹ ਖਿੜ੍ਹ ਜਾਂਦੇ ਹਨ। ਪ੍ਰਭੂ ਦੀ ਪ੍ਰਾਪਤੀ ਵਿੱਚ ਖੇੜਾ ਹੀ ਖੇੜਾ ਹੁੰਦਾ ਹੈ।

ਉਪਰਿ ਕੂਪ ਗਗਨ ਪਨਿਹਾਰੀ ਅੰਮ੍ਰਿਤ ਪੀਵਣਹਾਰਾ॥
ਜਿਸ ਕੀ ਰਚਨਾ ਸੋ ਬਿਧਿ ਜਾਣੈ ਗੁਰਮੁਖਿ ਗਿਆਨੁ ਵੀਚਾਰਾ॥

ਭਾਵ ਨਾਮ ਅੰਮ੍ਰਿਤ ਦਾ ਸੋਖਾ ਪਰਮਾਤਮਾ ਸਭ ਤੋਂ ਉਚਾ ਹੈ। ਉਚੀ ਬਿਰਤੀ ਵਾਲਾ ਜੀਵ ਹੀ ਉਸਦੀ ਮਿਹਰ ਨਾਲ ਨਾਮ ਅੰਮ੍ਰਿਤ ਪੀ ਸਕਦਾ ਹੈ। ਨਾਮ ਅੰਮ੍ਰਿਤ ਪਿਲਾਣ ਦਾ ਤਰੀਕਾ ਵੀ ਉਹ ਪਰਮਾਤਮਾ ਆਪ ਹੀ ਜਾਣਦਾ ਹੈ, ਜਿਸਦੀ ਰਚੀ ਹੋਈ ਇਹ ਸ੍ਰਿਸ਼ਟੀ ਹੈ। ਜੀਵ ਗੁਰੂ ਦੀ ਸ਼ਰਨ ਪੈ ਕੇ ਪਰਮਾਤਮਾ ਨਾਲ ਡੂੰਘੀ ਸਾਂਝ ਪਾਉਂਦਾ ਹੈ ਅਤੇ ਉਸਦੇ ਗੁਣਾਂ ਦੀ ਵੀਚਾਰ ਕਰਦਾ ਹੈ।

**ਸੰਦੇਸ਼:** ਉਚੀ ਬਿਰਤੀ ਵਾਲਾ ਮਨੁੱਖ ਹੀ ਉਸ ਪ੍ਰਭੂ ਨੂੰ ਪਾ ਸਕਦਾ ਹੈ। ਸੱਚਾ, ਸੁੱਚਾ ਨੇਕ ਮਨੁੱਖ ਹੀ ਚੰਗਾ ਇਨਸਾਨ ਕਹਾਉਂਦਾ ਹੈ। ਉਚ ਪ੍ਰਾਪਤੀਆਂ ਉਸਦੀ ਹੀ ਝੋਲੀ ਵਿੱਚ ਪੈਂਦੀਆਂ ਹਨ, ਜੋ ਮਿਹਨਤ ਕਰਦੇ ਹਨ ਅਤੇ ਪ੍ਰਭੂ ਨਾਲ ਸਾਂਝ ਰੱਖਦੇ ਹਨ, ਆਦਿ।

ਜੇ ਤੂੰ ਤਾਰੂ ਪਾਣਿ ਤਾਹੂ ਪੁਛੁ ਤਿੜੰਨ ਕਲ॥
ਤਾਹੂ ਖਰੇ ਸੁਜਾਣ ਵੰਞਾ ਏਨੀ ਕਪਰੀ॥
ਝੜ ਝਖੜ ਓਹਾੜ ਲਹਰੀ ਵਹਨਿ ਲਖੇਸਰੀ॥

ਭਾਵ ਹੇ ਭਾਈ! ਜੇ ਤੂੰ ਸੰਸਾਰ ਸਮੁੰਦਰ ਦੇ ਪਾਣੀ ਦਾ ਤਾਰੂ ਬਣਨਾ ਚਾਹੁੰਦਾ ਹੈ ਤਾਂ ਤਰਨ ਦੀ ਜਾਚ, ਉਨ੍ਹਾਂ ਨੂੰ ਪੁੱਛ, ਜਿਨ੍ਹਾਂ ਨੂੰ ਇਸ ਸੰਸਾਰ ਸਮੁੰਦਰ ਵਿੱਚੋਂ ਪਾਰ ਲੰਘਣ ਦੀ ਜਾਚ ਹੈ। ਹੇ ਭਾਈ! ਉਹ ਮਨੁੱਖ ਹੀ ਸਿਆਣੇ ਹਨ, ਜੋ ਇਸ ਸੰਸਾਰ ਸਮੁੰਦਰ ਦੀਆਂ ਵਿਕਾਰਾਂ ਰੂਪੀ ਲਹਿਰਾਂ ਵਿੱਚੋਂ ਪਾਰ ਲੰਘਦੇ ਹਨ, ਮੈਂ ਭੀ ਉਨ੍ਹਾਂ ਦੀ ਸੰਗਤ ਵਿੱਚ ਹੀ ਇਨ੍ਹਾਂ ਲਹਿਰਾਂ ਤੋਂ ਪਾਰ ਲੰਘ ਸਕਦਾ ਹਾਂ। ਹੇ ਭਾਈ! ਇਸ ਸੰਸਾਰ ਸਮੁੰਦਰ ਵਿੱਚ ਵਿਕਾਰਾਂ ਦੀਆਂ ਲਹਿਰਾਂ ਪੈ ਰਹੀਆਂ ਹਨ।

**ਸੰਦੇਸ਼:** ਮਨੁੱਖ ਲਈ ਸੰਦੇਸ਼ ਬਣਦਾ ਹੈ ਕਿ ਮਨੁੱਖ ਵਿਕਾਰਾਂ ਤੋਂ ਦੂਰ ਰਹੇ। ਜਿਹੜੇ ਮਨੁੱਖ ਵਿਕਾਰਾਂ ਤੋਂ ਪਾਰ ਹੋ ਜਾਂਦੇ ਹਨ, ਉਨ੍ਹਾਂ 'ਤੇ ਪਰਮਾਤਮਾ ਦੀ ਮਿਹਰ ਰਹਿੰਦੀ ਹੈ।

ਨਿਰਮਲੁ ਨਾਵਣੁ ਨਾਨਕਾ ਗੁਰੁ ਤੀਰਥ ਦਰੀਆਉ॥
ਜਨਮੇ ਕਾ ਫਲੁ ਕਿਆ ਗਣੀ ਜਾਂ ਹਰਿ ਭਗਤਿ ਨ ਭਾਉ॥

ਭਾਵ ਇਸ ਸੰਸਾਰ ਵਿੱਚ ਵਿਕਾਰਾਂ ਨਾਲ ਜੋ ਮੈਲ ਮਨੁੱਖ ਨੂੰ ਲਗਾਤਾਰ ਲੱਗਦੀ ਰਹਿੰਦੀ ਹੈ, ਉਸਨੂੰ ਲਹੁਣ ਵਾਸਤੇ (ਗੁਰੂ ਦਰੀਆਉ) ਹੀ ਸੱਚਾ ਤੀਰਥ ਹੈ, ਜਿਸਦੀ ਸੰਗਤ ਵਿੱਚ ਚੁੱਭੀ ਲਾਉਣ ਨਾਲ ਪਵਿੱਤਰ ਹੋ ਜਾਈਦਾ ਹੈ। ਹੇ ਭਾਈ! ਜਦ ਤਕ ਮਨੁੱਖ ਦੇ ਮਨ ਵਿੱਚ ਪ੍ਰਭੂ ਦੀ ਭਗਤੀ ਨਹੀਂ, ਪਰਮਾਤਮਾ ਦਾ ਪ੍ਰੇਮ ਨਹੀਂ, ਤਦ ਤਕ ਉਸਦੇ ਮੁਨੱਖਾ ਜਨਮ ਹਾਸਿਲ ਕੀਤੇ ਦਾ ਕੋਈ ਲਾਭ ਨਹੀਂ ਹੈ।

**ਸੰਦੇਸ਼:** ਪ੍ਰਭੂ ਦਾ ਨਾਮ ਹੀ ਸੱਚਾ ਤੀਰਥ ਹੈ। ਮਨ ਨੂੰ ਸ਼ੁੱਧ ਕਰਨ ਲਈ ਪ੍ਰਭੂ ਦਾ ਨਾਮ ਜਰੂਰੀ ਹੈ। ਪ੍ਰਭੂ ਦੇ ਨਾਮ ਨਾਲ ਮਨੁੱਖ ਸੱਚਾ ਸੁੱਚਾ ਬਣਦਾ ਹੈ, ਜਿਸ ਨਾਲ ਉਸਦਾ ਜੀਵਨ ਸਫ਼ਲ ਚੱਲਦਾ ਹੈ।

ਬਲਿਹਾਰੀ ਕੁਦਰਤਿ ਵਸਿਆ॥
ਤੇਰਾ ਅੰਤੁ ਨ ਜਾਈ ਲਖਿਆ॥

ਭਾਵ, ਹੇ ਵਾਹਿਗੁਰੂ! ਤੇਰੇ ਅੰਤ ਦੀ ਲਖਤਾ ਨਹੀਂ ਹੋ ਸਕਦੀ, ਭਾਵ ਤੂੰ ਬੇਅੰਤ ਹੈ ਅਤੇ ਮੈਂ ਤੇਰੇ ਇਸ ਗੁਣ ਕਿ ਕੁਦਰਤਿ ਸਾਜ ਕੇ ਇਸ ਵਿੱਚ ਤੂੰ ਆਪਣਾ ਵਾਸਾ ਕੀਤਾ ਹੈ, ਤੋਂ ਬਲਿਹਾਰ ਜਾਂਦਾ ਹੈ ।

ਇਕ ਮਹਾਨ ਖੋਜੀ ਅਧਿਆਤਮਿਕ ਅਤੇ ਨੈਤਿਕ ਉਪਦੇਸ਼ਕ ਹੋਣ ਦੇ ਨਾਲ-ਨਾਲ ਗੁਰੂ ਨਾਨਕ ਸਾਹਿਬ ਇੱਕ ਸਰਵੋਤਮ ਪੱਧਰ ਦੇ ਮਹਾਨ ਕਵੀ ਸਨ।

*-0-*

## ਪੜਚੋਲ

ਪਰਮਜੀਤ ਸਿੰਘ ਸੋਹਲ



# ਗੁਰਪ੍ਰੀਤ: ਮਾਨਸੇ ਦਾ ਛੰਦਮੁਕਤ ਗੀਤ

"ਮੈਂ ਕਵਿਤਾ ਨੂੰ ਖ਼ਾਸ ਢੰਗ ਨਾਲ ਲਿਖਣਾ ਚਾਹੁੰਦਾ ਹਾਂ, ਪਰ ਕਵਿਤਾ ਉਸ ਤਰ੍ਹਾਂ ਲਿਖਣ ਲਈ ਨਹੀਂ ਬਣੀ।" ਸਵੀਡਨ ਦੇ ਕਵੀ ਟੋਮਾਸ ਟ੍ਰਾਮਟਰੋਮਰ ਦੀਆਂ ਇਹ ਕਾਵਿ-ਸਤਰਾਂ ਗੁਰਪ੍ਰੀਤ ਦੇ ਕਾਵਿਕ ਮਨ ਦੀ ਨੇੜਤਾ ਨੂੰ ਜ਼ਾਹਰ ਕਰਦੀਆਂ ਹਨ; ਸ਼ਾਇਦ ਤਾਂ ਹੀ 'ਅਕਾਰਨ' ਪੁਸਤਕ ਦੇ ਮੁੱਢਲੇ ਪੰਨਿਆਂ ਵਿੱਚ ਇਨ੍ਹਾਂ ਸਤਰਾਂ ਨੂੰ ਉਸਨੇ ਉਚੇਚੀ ਜਗ੍ਹਾ ਦਿੱਤੀ ਹੈ। ਇਨ੍ਹਾਂ ਸਤਰਾਂ ਦੀ ਹਾਜ਼ਰੀ ਉਸਦੇ ਆਪਣੇ ਲਿਖਣ ਢੰਗ ਦੀ ਤਸਦੀਕ ਵੀ ਹੈ। ਉਹ ਵੀ ਕਵਿਤਾ ਨੂੰ ਖ਼ਾਸ ਢੰਗ ਨਾਲ ਲਿਖਣਾ ਚਾਹੁੰਦਾ ਹੈ। ਗੁਰਪ੍ਰੀਤ ਦੀ ਕਵਿਤਾ ਦੀ ਗੱਲ ਕਰਨ ਤੋਂ ਪਹਿਲਾਂ ਇਥੇ ਉਸ ਬਾਰੇ ਕਾਵਿ ਚਿੰਤਕਾਂ ਦੀਆਂ ਰਾਵਾਂ ਦੇਣੀਆਂ ਮੁਨਾਸਿਬ ਹੋਣਗੀਆਂ। ਗੁਰਪ੍ਰੀਤ ਦੀ ਕਵਿਤਾ ਬਾਰੇ ਉਸਦੀਆਂ ਹੀ ਕਿਤਾਬਾਂ ਵਿੱਚੋਂ ਉਧਰਿਤ ਸਤਰਾਂ ਹਨ:

"ਗੁਰਪ੍ਰੀਤ ਦੀ ਕਵਿਤਾ ਕਵਿਤਾਵਾਂ ਦੀ ਭੀੜ ਵਿੱਚ ਸਹਿਜੇ ਹੀ ਪਛਾਣੀ ਜਾ ਸਕਦੀ ਹੈ।...ਕਵਿਤਾਵਾਂ ਵਿੱਚ ਸੰਕੇਤਕਾਂ ਤੇ ਸੰਖੇਪਤਾ ਤੋਂ ਛੁੱਟ ਚੁੱਪ ਦੀ ਵਰਤੋਂ ਕੀਤੀ ਗਈ ਹੈ, ਜਿਸ ਕਰਕੇ ਉਹ ਕਈ ਕੁਝ ਅਣਕਿਹਾ ਕਹਿ ਗਈਆਂ ਹਨ। ਲਫ਼ਜਾਂ ਦੀ ਲੋੜੋਂ ਵੱਧ ਵਰਤੋਂ ਨਾਲ ਕਵੀ ਆਪਣੇ ਆਪ ਨੂੰ ਖਾਲੀ ਕਰਦਾ ਹੈ। ਪਰ ਚੁੱਪ ਨਾਲ ਆਪਣੇ ਆਪ ਨੂੰ ਭਰਦਾ ਹੈ। ਗੁਰਪ੍ਰੀਤ ਨੇ ਇਹ ਚੁੱਪ ਸਾਰਥਕ ਢੰਗ ਨਾਲ ਵਰਤੀ ਹੈ। ਚਿਤਰਕਾਰ ਵਜੋਂ ਉਹ ਜਿਸ ਤਰ੍ਹਾਂ ਨੁਕਤਿਆਂ ਅਤੇ ਲੀਕਾਂ ਤੇ ਚਿੰਨ੍ਹਾਂ ਦੀ ਵਰਤੋਂ ਕਰਦਾ ਹੈ, ਕੁਝ ਕੁਝ ਉਸੇ ਤਰ੍ਹਾਂ ਕਵਿਤਾਵਾਂ ਵਿੱਚ ਲਫ਼ਜ਼ਾਂ ਦੀ ਵਰਤੋਂ ਕਰਦਾ ਹੈ...।" -ਸੁਖਬੀਰ

---

"ਉਹ (ਗੁਰਪ੍ਰੀਤ) ਚੁੱਪ ਦੀਆਂ 'ਵਾਦੀਆਂ' ਸਿਰਜਦਾ ਇਨ੍ਹਾਂ ਨੂੰ ਪਹਿਚਾਣਦਾ ਹੀ ਆਪਣੀ ਕਵਿਤਾ ਵਿੱਚ ਸ਼ਬਦਾਂ ਦੇ ਅੰਦਰ ਤੇ ਬਾਹਰ ਦੀ ਯਾਤਰਾ ਕਰਦਾ ਹੈ। ਕੇਵਲ ਯਾਤਰਾ ਹੀ ਨਹੀਂ, ਸਗੋਂ ਸ਼ਬਦਾਂ ਦੀਆਂ ਉਹ ਵਿਸਤ੍ਰਿਤ ਸੰਭਾਵਨਾਵਾਂ ਆਪਣੀ ਕਵਿਤਾ ਵਿੱਚ ਇਸੇ ਲਈ ਸਾਕਾਰ ਕਰਦਾ ਹੈ।" -ਡਾ. ਸੁਤਿੰਦਰ ਸਿੰਘ ਨੂਰ

---

"ਗੁਰਪ੍ਰੀਤ ਦੀਆਂ ਥੋੜ੍ਹੀਆਂ ਜਿਹੀਆਂ ਕਵਿਤਾਵਾਂ ਨੇ ਹੀ ਮੇਰੇ ਅੰਦਰ ਕਿੰਨਾ ਕੁਝ ਜਗਾ ਦਿੱਤਾ, ਕੀ ਕੁਝ ਕਰ ਦਿੱਤਾ। ਵਧੀਆ ਕਵਿਤਾ ਦਾ ਸ਼ਾਇਦ ਏਹੋ ਕਰਤਵ ਹੁੰਦਾ ਹੈ; ਸਵੈ-ਪਛਾਣ ਨੂੰ ਨਵੀਂ ਲੋਅ ਲਾਉਣੀ, ਨਵੇਂ ਰੂਪਾਂ 'ਚ ਦਿਖਾਉਣਾ, ਸੁੱਤਿਆਂ ਨੂੰ ਜਗਾਉਣਾ, ਦੁੱਖ-ਸੁੱਖ ਕਰਨਾ, ਵਸਤਾਂ ਤੋਂ ਸਾਧਾਰਨਤਾ ਦੀ ਜਿਲ੍ਹਬ ਲਾਹੁਣੀ, ਹਰ ਕਿਣਕੇ 'ਚ ਅਦਭੁਤ ਦੀ ਲਿਸ਼ਕੋਰ ਪਾਉਣੀ। ਗੁਰਪ੍ਰੀਤ ਦੀ ਕਵਿਤਾ ਨੇ ਅਜਿਹਾ ਕੁਝ ਹੀ ਕੀਤਾ ਹੈ ਮੇਰੇ ਨਾਲ।" -ਅਜਮੇਰ ਰੋਡੇ

---

"ਚੰਗੀ ਕਵਿਤਾ ਪੜ੍ਹਦਿਆਂ ਤੁਹਾਡਾ ਖ਼ੁਦ ਲਿਖਣ ਨੂੰ ਜੀਅ ਕਰਦਾ ਹੈ। ਤੁਹਾਡੇ ਅੰਦਰ ਸ਼ਬਦਾਂ ਤੇ ਆਪਣੀ ਭਾਸ਼ਾ ਪ੍ਰਤੀ ਪਿਆਰ ਹੋਰ ਵੀ ਠਾਠਾਂ ਮਾਰਦਾ ਹੈ। ਤੁਸੀਂ ਵਸਤਾਂ ਅਤੇ ਵਿਹਾਰਾਂ ਨੂੰ ਗਾੜ੍ਹੇ ਰੰਗਾਂ 'ਚ ਦਿਸਦਿਆਂ-ਹੁੰਦਿਆਂ ਮਹਿਸੂਸ ਕਰਦੇ ਹੋ। ਇੰਜ ਦੀ ਹੈ ਗੁਰਪ੍ਰੀਤ ਦੀ ਕਵਿਤਾ।...ਉਸਨੂੰ ਸਥੂਲ ਵਸਤੂਆਂ ਨੂੰ ਆਪਣੀ ਕਵਿਤਾ 'ਚ ਮੜ੍ਹ ਕੇ ਉਨ੍ਹਾਂ ਨੂੰ ਪਰਵਾਜ਼ ਦੇ ਦੇਣਾ ਆਉਂਦਾ ਹੈ। ਸੇਬ, ਟਮਾਟਰ, ਪੱਥਰ, ਮੀਲ-ਪੱਥਰ, ਹੱਸਪੁਰਾ।...ਸਭ ਆਪਣੀਆਂ ਹੱਦਾਂ ਉਲੰਘ ਕੇ ਹੋਰ ਸੰਸਾਰਾਂ 'ਚ ਪੁੱਜ ਜਾਂਦੇ ਨੇ, ਉਨ੍ਹਾਂ ਦਾ ਰੂਪਾਂਤਰਨ ਹੋ ਜਾਂਦਾ ਹੈ।...ਗੁਰਪ੍ਰੀਤ ਦੀ ਕਵਿਤਾ ਦੇ ਬ੍ਰਹਿਮੰਡ 'ਚ ਵੀ ਲਫ਼ਜ਼ਾਂ ਨਾਲੋਂ ਜ਼ਿਆਦਾ ਭੇਦ-ਭਰੀਆਂ, ਡੂੰਘੀਆਂ ਤੇ ਮਾਇਨਾਖੇਜ਼ ਖ਼ਾਲੀ ਥਾਵਾਂ ਦੀ ਅਨੁਪਾਤ ਵੱਧ ਹੈ। ਇਸੇ ਕਾਰਨ ਜਾਂ ਇਸਦੇ ਫਲਸਰੂਪ ਉਹਦੀਆਂ ਕਵਿਤਾਵਾਂ 'ਚ ਹਾਇਕੂ ਨੁਮਾ ਸੰਖੇਪਤਾ ਹੈ।" -ਅੰਬਰੀਸ਼

---

ਗੁਰਪ੍ਰੀਤ 'ਸਿਆਹੀ ਘੁਲੀ ਹੈ' ਕਾਵਿ-ਪੁਸਤਕ ਦੀ ਅੰਤਿਕਾ ਵਿੱਚ ਆਪਣੇ ਕਾਵਿ-ਕਰਮ ਤੇ ਚਿਤਕਾਰੀ ਕਲਾ ਦਾ ਇੰਕਸ਼ਾਫ਼ ਕਰਦਿਆਂ ਖ਼ੁਦ ਲਿਖਦਾ ਹੈ, "...ਪਰ ਮੈਨੂੰ ਲਗਦਾ ਹੈ ਕਿ ਸਿਰਜਣਾ ਅਕਾਰਨ ਹੁੰਦੀ ਹੈ ਜਾਂ ਫਿਰ ਇਹਦਾ ਕਾਰਨ ਕਿਤੇ ਬਹੁਤ ਗਹਿਰੇ ਪਿਆ ਹੁੰਦਾ ਹੈ, ਜਿਸ ਦੀ ਤਲਾਸ਼ ਹੀ ਕਵਿਤਾ ਦੀ ਤਲਾਸ਼ ਹੈ। ਇਸ ਕਿਤਾਬ ਦੀਆਂ ਕਵਿਤਾਵਾਂ ਨੂੰ ਲਿਖਿਆ ਹੀ ਨਹੀਂ ਸਗੋਂ ਰੇਖਾਂਕਿਤ ਵੀ ਕੀਤਾ ਹੈ। ਬਹੁਤ ਸਾਰੀਆਂ ਕਵਿਤਾਵਾਂ 'ਚ ਮੈਂ ਸ਼ਬਦਾਂ ਨਾਲ ਚਿੱਤਰ ਬਣਾਏ ਨੇ। ਇਹ ਸ਼ਾਇਦ ਮੇਰੇ ਸੁਭਾਅ ਦਾ ਹੀ ਹਿੱਸਾ ਹੈ। ਮੈਂ ਹਰ ਸ਼ੈਅ, ਹਰ ਘਟਨਾ, ਹਰ ਥਾਂ-ਨਾਂ ਨੂੰ ਚਿੱਤਰ ਵਾਂਙ ਹੀ ਦੇਖਦਾ ਹਾਂ ਤੇ ਮੇਰੀ ਇੱਛਾ ਹੈ ਕਿ ਕਵਿਤਾ ਨੂੰ ਪੜ੍ਹਨ ਦੇ ਨਾਲ ਨਾਲ ਦੇਖਾਂ ਵੀ...।"

ਕਵਿਤਾ ਦੀ ਪਰਿਭਾਸ਼ਾ ਕਰਦਿਆਂ ਗੁਰਪ੍ਰੀਤ ਖ਼ੁਦ ਆਖਦਾ ਹੈ, "ਕਵਿਤਾ ਅਣਦੇਖੇ ਪੰਛੀ ਦਾ ਘਰ ਹੈ, ਚੁੱਪ ਦੀ ਕੁਟੀਆ, ਦੁਖ-ਸੁਖ ਦੇ ਤਾਣੇ-ਪੇਟੇ ਵਾਲਾ ਡੱਬੀਦਾਰ ਖੇਸ...।"

ਕਵਿਤਾ ਦੇ ਖੇਤਰ ਨਾਲ ਸਬੰਧਿਤ ਕੁਝ ਕਾਵਿ-ਚਿੰਤਕਾਂ ਦੀਆਂ ਉਪਰ ਦਿੱਤੀਆਂ ਟਿੱਪਣੀਆਂ ਅਤੇ ਗੁਰਪ੍ਰੀਤ ਦੇ ਸਵੈ-ਕਥਨ ਦਾ ਸਹਾਰਾ ਲੈਣ ਪਿੱਛੋਂ ਮੇਰੇ ਕਹਿਣ ਨੂੰ ਤਾਂ ਸਿਰਫ਼ 'ਗੁਰਪ੍ਰੀਤ' ਹੀ ਬਚਦਾ ਹੈ। ਉਹਦੇ ਬਾਰੇ ਲਿਖਣਾ ਮੇਰੇ ਲਈ ਆਪਣੇ ਆਪ ਬਾਰੇ ਲਿਖਣ ਵਾਂਗ ਹੈ, ਕਿਉਂਕਿ ਉਸ ਦੀਆਂ ਮੈਨੂੰ ਕਿਤਾਬ ਭੇਟ ਕਰਨ ਵੇਲੇ ਉਸਦੇ ਹਸਤਾਖ਼ਰਾਂ ਹੇਠ ਵਿਅਕਤ ਕੀਤੀਆਂ ਭਾਵਨਾਵਾਂ, ਅਪਣੱਤ ਭਰੇ ਸ਼ਬਦਾਂ ਦਾ ਮੈਂ ਸਦਾ ਕਰਜ਼ਈ ਰਹਾਂਗਾ। ਇਨ੍ਹਾਂ ਇਬਾਰਤਾਂ ਵਿੱਚ ਮੈਨੂੰ ਉਸ ਦੁਆਰਾ 'ਆਪਣਾ' ਜਾਂ 'ਆਪਣੇ ਵਰਗਾ' ਕਹੇ ਹੋਏ ਨੂੰ ਸਿੱਧ ਕਰਨਾ ਮੈਨੂੰ ਬਹੁਤ ਔਖਾ ਕੰਮ ਲੱਗ ਰਿਹਾ ਹੈ। ਸ਼ਾਇਰ ਹੋਣ ਨਾਤੇ ਮੈਂ ਉਸ ਨਾਲ ਆਪਣੀ ਸਾਂਝ ਮਹਿਸੂਸ ਕਰਦਾ ਹਾਂ। ਉਸਦੀ ਆਪਣੇ ਨਾਲੋਂ ਵੱਡੀ ਕਵਿਤਾ ਬਾਰੇ ਜੋ ਕਹਿ ਰਿਹਾ ਹਾਂ, ਉਹ 'ਛੋਟਾ ਮੂੰਹ, ਵੱਡੀ ਬਾਤ' ਵਰਗੀ ਗੱਲ ਹੀ ਹੈ।

ਗੁਰਪ੍ਰੀਤ ਦੀ ਕਵਿਤਾ ਪੜ੍ਹਦਿਆਂ ਤੁਹਾਡੇ ਮਨ 'ਤੇ ਕਿੰਨੀਆਂ ਹੀ ਤਿੱਖੀਆਂ ਲਿਸ਼ਕੋਰਾਂ ਪੈਂਦੀਆਂ ਹਨ। ਹਰੇਕ ਲਿਸ਼ਕੋਰ ਆਪਣਾ ਅਸਰ ਛੱਡ ਕੇ ਅਗਿਆਤ ਵਿੱਚ ਵਿਲੀਨ ਹੋ ਜਾਂਦੀ ਹੈ ਤੇ ਤੁਹਾਨੂੰ ਅਰਥਾਂ ਨਾਲ ਭਰਦੀ ਹੋਈ ਕਿਸੇ ਗਹਿਰੀ ਚੁੱਪ ਲਈ ਉਕਸਾ ਦਿੰਦੀ ਹੈ। ਅਜਿਹੀ ਕਵਿਤਾ ਦੀ ਵਿਆਖਿਆ ਨਹੀਂ ਹੋ ਸਕਦੀ। ਇਹ ਮਾਣਨ ਦੀ ਸ਼ੈਅ ਹੈ, ਜਾਣਨ ਦੀ ਨਹੀਂ।

ਗੁਰਪ੍ਰੀਤ ਦੀ ਕਵਿਤਾ ਬਿਲਕੁਲ ਸਾਡੇ ਕੋਲ ਦੀ ਕਵਿਤਾ ਹੈ। ਸਾਡੀ ਵੇਦਨਾ-ਸੰਵੇਦਨਾ ਨਾਲ ਘਸਰ ਕੇ ਲੰਘਦੀ ਹੋਈ ਹਵਾ ਦੇ ਸਪਰਸ਼ ਵਰਗੀ।...ਐਨ ਸਾਡੇ ਆਪਣੇ ਮਨ ਵਰਗੀ! ਇਸੇ ਲਈ ਮੈਨੂੰ ਇਸ ਬਾਬਤ ਲਿਖਣਾ ਅਕੱਥ ਨੂੰ ਕਥਨ ਵਰਗਾ ਕਾਰਜ ਲਗਦਾ ਹੈ।

ਗੁਰਪ੍ਰੀਤ ਆਪਣੀ ਹਰ ਕਵਿਤਾ ਇੱਕ ਵੱਖਰੇ ਜ਼ਾਵੀਏ ਤੋਂ ਲਿਖਦਾ ਹੈ ਤੇ ਉਸਦੇ ਸਾਧਾਰਨ ਲਗਦੇ ਸ਼ਬਦਾਂ ਪਿੱਛੇ ਅਸਾਧਾਰਨਤਾ ਤੇ ਡੂੰਘੀ ਮਾਰਮਿਕਤਾ ਪਈ ਹੁੰਦੀ ਹੈ। ਉਹ ਆਪਣੇ ਨੇੜ-ਤੇੜ ਦੇ ਦ੍ਰਿਸ਼ਾਂ, ਚੀਜ਼ਾਂ ਤੇ ਵਰਤਾਰਿਆਂ 'ਚੋਂ ਮਹੀਨ ਭਾਵ ਉਜਾਗਰ ਕਰ ਦਿੰਦਾ ਹੈ।

ਉਹ ਸ਼ਬਦਾਂ ਨਾਲ ਫਰੇਮ ਬਣਾਉਂਦਾ ਹੈ ਤੇ ਉਸ ਵਿੱਚ ਸਵੈ-ਚਿੱਤਰ ਜੜ੍ਹਦਾ ਹੈ। ਕਵਿਤਾ ਦੇ ਸ਼ਬਦਾਂ ਨੂੰ ਤੋੜ-ਤੋੜ ਕੇ ਨਵੇਂ ਸਿਰਿਓਂ ਲਿਖਦਿਆਂ ਇਨ੍ਹਾਂ ਵਿਚਲੀਆਂ ਸਪੇਸਾਂ, ਗੋਲਾਈਆਂ ਨੂੰ ਲੀਕ ਤੋਂ ਹਟ ਕੇ ਲਿਖਣ ਵਾਂਗ ਦਰਸਾ ਕੇ ਵੱਖਰੇ ਭਾਵ ਅਰਥ ਦਿੰਦਾ ਹੈ। ਪੰਛੀਆਂ ਨੂੰ ਖ਼ਤ ਵੀ ਪੰਛੀ ਦੀ ਸ਼ਕਲ ਵਾਂਗ ਲਿਖਦਾ ਹੈ। ਆਵਾਜ਼ਾਂ ਨੂੰ ਵੱਖ-ਵੱਖ ਰੂਪ ਤੇ ਅਕਾਰ ਦਿੰਦਾ ਉਨ੍ਹਾਂ ਨੂੰ ਦੇਖ, ਸੁਣ, ਚੱਖ ਕੇ ਸਪਰਸ਼ ਬਿੰਬਾਂ ਵਾਂਗ ਸਾਡੇ ਧੁਰ ਅੰਦਰ ਉਤਾਰ ਦਿੰਦਾ ਹੈ। ਉਹਦੀ ਸਵੇਰ ਸੂਰਜ ਦੇ ਚੜ੍ਹਨ ਨਾਲ ਨਹੀਂ, ਚਿੜੀਆਂ ਦੇ ਚਹਿਚਹਾਉਣ ਵਿੱਚੋਂ ਪੈਦਾ ਹੋਏ ਨਵੇਂ ਸੂਰਜ ਨਾਲ ਸ਼ੁਰੂ ਹੁੰਦੀ ਹੈ। ਆਦਿ ਕਾਲ ਤੋਂ ਲਿਖੀ ਜਾਣ ਵਾਲੀ ਕਵਿਤਾ ਦਾ ਦਰਵਾਜ਼ਾ ਪੀੜ੍ਹੀਓ-ਪੀੜ੍ਹੀ ਤਬਦੀਲ ਹੋਈ ਜਾਂਦਾ ਹੈ। ਉਹ ਤਿਤਲੀ ਬਾਰੇ ਕਵਿਤਾ ਲਿਖਦਾ-ਲਿਖਦਾ ਤਿਤਲੀ ਨੂੰ ਉਡਣ ਲਾ ਦਿੰਦਾ ਹੈ।

ਇਹ ਸਿਰਫ਼ ਗੁਰਪ੍ਰੀਤ ਦੀ ਹੀ ਖ਼ੂਬੀ ਹੈ ਕਿ ਵਿਕੇ ਹੋਏ ਮਕਾਨ ਨੂੰ ਵਿਦਾ ਕਹਿਣ ਦਾ ਦੁੱਖ ਬਿਆਨ ਕਰਦਾ ਹੋਇਆ ਉਹ ਕਵਿਤਾ ਦੇ ਦੁਆਰ ਦੀਆਂ ਪੌੜੀਆਂ 'ਤੇ ਨਤਮਸਤਕ ਹੁੰਦਿਆਂ ਸਾਡੇ ਅੰਦਰ ਵੀ ਚਿੜੀਆਂ ਚਹਿਕਣ ਲਾ ਦਿੰਦਾ ਹੈ। ਕਵਿਤਾ ਦੇ ਮੁਕੰਮਲ ਹੋਣ ਤਕ ਉਹ ਸ਼ਬਦਾਂ ਨੂੰ ਚਿੜੀ ਦਾ ਰੂਪ ਦੇ ਦਿੰਦਾ ਹੈ। ਇਸ ਤਰ੍ਹਾਂ ਦੇ ਸ਼ਾਬਦਿਕ ਰੇਖਾਂਕਨ ਉਸਦੀ ਕਵਿਤਾ ਨੂੰ ਅਲੱਗ ਤਰ੍ਹਾਂ ਲਿਖਣ ਦੀ ਕੋਸ਼ਿਸ਼ ਦਾ ਹੀ ਸਿੱਟਾ ਹਨ। ਅਗਿਆਤ ਪ੍ਰੇਮਿਕਾ ਦੇ ਮੁਲਾਇਮ ਤੇ ਚਮਕਦਾਰ ਵਾਲ ਜਦੋਂ ਟੇਢੀਆਂ ਰੇਖਾਵਾਂ 'ਚ ਲਹਿਰਾਉਂਦੇ ਹਨ ਤਾਂ ਉਹ ਇਹ ਨਿਰਣਾ ਵੀ ਨਾਲ ਹੀ ਦੇ ਜਾਂਦੇ ਹਨ ਕਿ ਜੀਅ ਲਾਉਣ ਲਈ ਇਹ ਕਵਿਤਾ ਦਾ ਅੰਤਿਮ ਰੂਪ ਨਹੀਂ ਹੈ। 'ਹਨੂਰ ਮੇਰਾ ਦੋਸਤ ਹੈ' ਵਾਰਤਕ ਆਕਰ 'ਚ ਲਿਖੀ ਕਵਿਤਾ ਵਿੱਚ ਜਦੋਂ ਲਹਿਰਦਾਰ ਸਟਾਈਲ ਵਿੱਚ ਸਤਰ 'ਕੀ ਤੂੰ ਕਦੇ ਅਜ਼ਰਾਇਲ ਦੀ ਰੇਲ ਗੱਡੀ 'ਤੇ ਸਫ਼ਰ ਕੀਤਾ ਹੈ' ਦਰਜ ਕਰਦਾ ਹੈ ਤਾਂ ਇਹ ਅੰਦਾਜ਼ ਕਵਿਤਾ ਨੂੰ ਹੋਰ ਵੀ ਖ਼ੂਬਸੂਰਤ ਬਣਾ ਦਿੰਦਾ ਹੈ।

ਉਹਦੇ ਹੱਥਾਂ 'ਚ ਪੱਥਰ ਫੁੱਲ ਬਣ ਜਾਂਦੇ ਹਨ। ਕਾਗਜ਼ ਹਵਾ 'ਚ ਲਹਿਰਦੇ ਹੋਏ ਉੱਡ-ਉੱਡ ਵਰ੍ਹਦੇ ਮੀਂਹ 'ਚ ਭਿੱਜਣ ਲਈ ਕਾਹਲੇ ਪੈ ਜਾਂਦੇ ਹਨ। ਨਿੱਘੀ-ਨਿੱਘੀ ਧੁੱਪ ਮਹਿਸੂਸਣ ਲੱਗ ਜਾਂਦੀ ਹੈ। ਉਹ ਚਾਹੇ ਪਿਆਰ ਬਾਰੇ ਕਵਿਤਾ ਲਿਖੇ, ਨਵੀਂ ਕਮੀਜ਼ ਬਾਰੇ, ਰਬੜ ਬੈਂਡ ਬਾਰੇ ਜਾਂ ਪੱਗ ਬਾਰੇ- ਸਭ ਉਹਦੀ ਕਵਿਤਾ ਵਿੱਚ ਜਿਉਂਦੇ ਕਿਰਦਾਰ ਬਣ ਜਾਂਦੇ ਹਨ। ਨਿੱਕੀ ਤੋਂ ਨਿੱਕੀ ਚੀਜ਼ ਤੋਂ ਲੈ ਕੇ ਮਨੁੱਖੀ ਸੋਚ ਦੇ ਵੱਡ ਪਾਸਾਰਾਂ ਤੱਕ ਸਭ ਉਹਦੀ ਕਵਿਤਾ ਵਿੱਚ ਹਾਜ਼ਰ-ਨਾਜ਼ਰ ਹਨ। ਦੋਸਤੀ ਦੀ ਪਰਿਭਾਸ਼ਾ ਵੀ ਕਮਾਲ ਦੀ ਹੈ। ਦੋਸਤ ਸ਼ਬਦ ਆਪਣੇ ਅਰਥਾਂ ਨੂੰ ਜਾਨਣ ਲਈ ਭਾਈ ਕਾਨ੍ਹ ਸਿੰਘ ਨਾਭਾ ਨਾਲ ਗੋਸ਼ਟੀ ਰਚਾਉਂਦਾ ਹੈ।

ਉਹਦਾ ਕਵਿਤਾ ਨੂੰ ਵੱਖਰੇਪਣ ਨਾਲ ਲਿਖਣ ਦਾ ਹੀ ਇਹ ਅੰਦਾਜ਼ ਹੈ ਕਿ ਉਹ ਗੱਡੀ 'ਤੇ ਨਹੀਂ, ਉਸਦੀ ਕੂਕ 'ਤੇ ਸਵਾਰ ਹੁੰਦਾ ਹੈ। ਇਹ ਰਾਤ ਦੀ ਗੱਡੀ ਉਹਦੇ ਅੰਦਰ ਚੱਲਦੀ ਹੈ ਤੇ ਉਹ ਆਪਣੇ ਅੰਦਰਲੇ ਅਸੰਖ ਸਟੇਸ਼ਨਾਂ ਵਿੱਚੋਂ ਕਦੇ ਕਿਸੇ 'ਤੇ, ਕਦੇ ਕਿਸੇ 'ਤੇ ਉਤਰਦਾ ਹੈ। ਹੱਸਪੁਰਾ ਤਿੰਨ ਕਿਲੋਮੀਟਰ ਤੋਂ ਤਿੰਨ ਪਲ ਤੱਕ ਸਿਮਟ ਆਉਂਦਾ ਹੈ।

ਗੁਰਪ੍ਰੀਤ ਸ਼ਬਦਾਂ ਨਾਲ ਹੀ ਨਹੀਂ ਬਲਕਿ ਇੱਕੋ ਸ਼ਬਦ ਨਾਲ ਜੁੜ ਕੇ ਵਿਚਰਦਾ ਘਰ ਪਰਿਵਾਰ ਦੇ ਜੀਆਂ ਤੋਂ ਲੈ ਕੇ ਸਗਲੀ ਧਰਤੀ ਤੇ ਸੂਰਜ ਨੂੰ ਖੇਡਦਿਆਂ ਦੇਖਦਾ ਹੈ। ਇੰਞ ਇੱਕ ਸ਼ਬਦ ਅਨੇਕ ਰੂਪ ਅਕਾਰਾਂ ਵਿੱਚ ਗਤੀਮਾਨ ਹੁੰਦਾ ਹੈ, ਸਗੋਂ ਸਾਡੇ ਅੰਦਰ ਵੀ ਪੜ੍ਹਿਆ, ਸੁਣਿਆ, ਕਿਹਾ, ਦੇਖਿਆ ਤੇ ਛੋਹਿਆ ਜਾਣ ਲੱਗ ਪੈਂਦਾ ਹੈ।

ਆਪਣੇ ਚੌਗਿਰਦੇ ਵਿੱਚ ਵਾਪਰ ਰਹੀ ਕੋਈ ਵੀ ਘਟਨਾ ਉਸਦੇ ਮਸਤਕ 'ਚ ਆ ਕੇ ਕਾਵਿ ਆਕਾਰ ਗ੍ਰਹਿਣ ਕਰ ਜਾਂਦੀ ਹੈ- ਚਾਹੇ ਉਹ ਕਿਸੇ ਪਾਗ਼ਲ ਦੇ ਛਾਲ਼ ਮਾਰਨ ਦੀ ਘਟਨਾ ਵੀ ਕਿਉਂ ਨਾ ਹੋਵੇ!

ਸਵੈ ਫਰੇਮ 1 ਉਸਦੀ ਸ਼ਾਬਦਿਕ ਸਮਰੱਥਾ ਦਾ ਇੱਕ ਹੋਰ ਫੋਟੋਗ੍ਰਾਫ਼ੀ ਵਰਗਾ ਉਦਾਹਰਣ ਹੈ। ਸ਼ਬਦਾਂ ਦੇ ਫਰੇਮ ਅੰਦਰ ਕੋਈ ਤਸਵੀਰ ਦਿਖਾਈ ਨਹੀਂ ਦਿੰਦੀ; ਸਿਰਫ਼ ਖ਼ਾਲੀ ਬੰਦ ਸਪੇਸ ਹੈ, ਪਰ ਜਦੋਂ ਪਾਠਕ ਇਸ ਫਰੇਮ ਨੂੰ ਆਪਣੇ ਮਨ ਵਿੱਚ ਉਧੇੜਦਾ ਹੈ ਜਾਂ ਪੁਨਰ ਸਿਰਜਦਾ ਹੈ ਤਾਂ ਇਸ ਵਿੱਚੋਂ ਗੁਰਪ੍ਰੀਤ ਦੇ 'ਸਵੈ' ਦਾ ਚਿੱਤਰ ਉਘੜਨ ਲੱਗ ਪੈਂਦਾ ਹੈ। ਅਜਿਹੀ ਕਵਿਤਾ ਨੂੰ ਹੇਠ ਲਿਖੇ ਵਾਕੰਸ਼ਾਂ ਵਾਂਗ ਲਿਖ ਕੇ ਨਵੇਂ ਪ੍ਰਯੋਗ ਕੀਤੇ ਜਾ ਸਕਦੇ ਹਨ:

(1) ਫਰੇਮ ਅੰਦਰ/ਜੋ ਦਿਸੇ/ਕੀ ਉਹੀ ਹੋਵੇ/ਫਰੇਮ ਅੰਦਰ

(2) ਜੋ ਨਾ ਦਿਸੇ/ਫਰੇਮ ਅੰਦਰ/ਉਹ ਵੀ ਹੋਵੇ/ਫਰੇਮ ਅੰਦਰ

(3) ਫਰੇਮ ਅੰਦਰ/ਜੋ ਦਿਸੇ/ਨਾ ਦਿਸੇ ਜੋ/ਫਰੇਮ ਅੰਦਰ

(4) ਫਰੇਮ ਅੰਦਰ/ਜੋ ਨਾ ਦਿਸੇ/ਜੋ ਦਿਸੇ/ਫਰੇਮ ਅੰਦਰ

(5) ਉਹ ਵੀ ਹੋਵੇ/ਫਰੇਮ ਅੰਦਰ/ਜੋ ਨਾ ਹੋਵੇ/ਫਰੇਮ ਅੰਦਰ

(6) ਉਹ ਵੀ ਦਿਸੇ/ਫਰੇਮ ਅੰਦਰ/ਜੋ ਨਾ ਹੋਵੇ/ਫਰੇਮ ਅੰਦਰ

(7) ਕੀ ਫਰੇਮ ਅੰਦਰ/ਦਿਸੇ ਜੋ/ਹੋਵੇ ਨਾ/ਫਰੇਮ ਅੰਦਰ

ਇਸ ਪ੍ਰਕਾਰ ਕਿੰਨੇ ਹੀ ਕੋਲਾਜ ਬਣਦੇ/ਬਿਨਸਦੇ ਹਨ ਫਰੇਮ ਅੰਦਰ ਜਿਵੇਂ ਕੋਈ ਉਸਤਾਦ ਗ਼ਜ਼ਲਗੋ ਨਿਸ਼ਚਿਤ ਕਾਫ਼ੀਏ ਰਦੀਫਾਂ ਨਾਲ ਹੋਰ ਬਹਿਰਾਂ ਤੇ ਵਜ਼ਨ ਸਿਰਜਿਤ ਕਰ ਲਵੇ। 'ਮਸਤਕ ਅੰਦਰ' ਤੇ 'ਪੰਛੀਆਂ ਨੂੰ ਖ਼ਤ' ਕਵਿਤਾਵਾਂ ਰਾਹੀਂ ਵੀ ਇਹੋ ਜਿਹੇ ਪ੍ਰਯੋਗ ਸੰਭਵ ਹੋ ਸਕਦੇ ਹਨ।

ਗੁਰਪ੍ਰੀਤ ਦੀ ਕਾਵਿ-ਯੋਗਤਾ ਕਿਸੇ ਸਾਧਾਰਨ ਪਾਤਰ ਨੂੰ 'ਮਹਾਂਕਵੀ' ਦਾ ਖ਼ਿਤਾਬ ਬਖ਼ਸ਼ ਦਿੰਦੀ ਹੈ ਅਤੇ ਆਪਣੇ ਕਮਰੇ ਵਿੱਚ ਅਣਦੇਖੇ ਸਮੁੰਦਰ ਨੂੰ ਲੈ ਆਉਂਦੀ ਹੈ। ਪ੍ਰੋ. ਪੂਰਨ ਸਿੰਘ ਕਵਿਤਾ ਵਿੱਚ ਰੁੱਖਾਂ ਨੂੰ ਜੱਫੀਆਂ ਪਾਉਂਦਾ ਹੈ ਅਤੇ ਗੁਰਪ੍ਰੀਤ ਨਾਲ ਰੁੱਖ ਆ ਕੇ ਹੱਥ ਮਿਲਾਉਂਦਾ ਹੈ, ਜਦੋਂ ਉਹ ਸਟੇਸ਼ਨ 'ਤੇ ਲੱਕੜ ਦੇ ਬੈਂਚ 'ਤੇ ਇਕੱਲਾ ਬੈਠਾ ਹੁੰਦਾ ਹੈ। ਅਜਿਹੇ ਛਿਣ ਜਿਸ ਭਾਵ ਦਾ ਸੁਖਾਂਤ ਬਿੰਬ ਸਿਰਜਦੇ ਹਨ, ਉਹ ਸਾਡੇ ਅੰਦਰ ਦੇਰ ਤੱਕ ਸੁਕੋਮਲ ਜਿਹਾ ਪ੍ਰਭਾਵ ਬਣ ਕੇ ਟਿਕੇ ਰਹਿੰਦੇ ਹਨ।

ਕਵੀ ਆਪਣੀ ਕਵਿਤਾ ਦਾ ਨਾਂ ਰੱਖਣ ਲਈ ਘਰ ਪਰਿਵਾਰ ਦੇ ਜੀਆਂ ਦੀ ਨਾ-ਉਤਸੁਕਤਾ ਦੇਖ ਕੇ ਆਖ਼ਰ ਕੁਦਰਤ/ਸੂਰਜ ਰਾਹੀਂ ਆਪਣੇ ਆਪ 'ਤੇ ਕੇਂਦਰਿਤ ਹੋ ਜਾਂਦਾ ਹੈ। ਆਪਣੇ ਆਪ ਤੱਕ ਪਹੁੰਚਦਿਆਂ ਉਹ ਜਿਹੜੀ ਚੁੱਪ ਦੀ ਸਪੇਸ ਸਿਰਜ ਲੈਂਦਾ ਹੈ, ਉਹ ਬਾਕਮਾਲ ਹੈ।

ਚੀਜ਼ਾਂ/ਵਸਤਾਂ/ਵਰਤਾਰਿਆਂ ਨੂੰ ਬੋਲਣ ਲਾ ਦੇਣਾ ਗੁਰਪ੍ਰੀਤ ਦੀ ਕਵਿਤਾ ਦਾ ਇੱਕ ਹੋਰ ਅਮੀਰੀ ਪੱਖ ਹੈ। ਉਹਦੀ ਕਵਿਤਾ ਵਿੱਚ ਨਵੀਂ ਕਮੀਜ਼ ਗੱਲਾਂ ਕਰਦੀ ਹੈ। ਇਸੇ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

## ਗੁਰਪ੍ਰੀਤ ਦੀਆਂ ਕੁਝ ਕਾਵਿ-ਉਡਾਰੀਆਂ



### ਤੇਰੇ ਰੰਗਾਂ ਦੀ ਲਿਪੀ

ਅਸੰਖ ਸ਼ਬਦ
ਮੇਰੇ ਕੋਲ, ਤੇਰੇ ਕੋਲ, ਸਭ ਕੋਲ
ਤੇ ਅਣਗਿਣਤ ਲਿਪੀਆਂ 'ਚ ਲਿਖਦੇ ਅਸੀਂ

ਮਨ ਵਿੱਚ ਜੋਕਿ ਵੀ ਆਉਂਦਾ
ਅੱਖਾਂ ਜੋਕਿ ਵੀ ਦੇਖਦਿਆਂ
ਕੰਨ ਜੋਕਿ ਵੀ ਸੁਣਦੇ
ਫਿਰ ਵੀ ਰਹਿ ਜਾਂਦਾ ਬਹੁਤ ਕੁਝ
ਅਹਿਸਾਸਾਂ ਦੇ ਪਰਾਂ ਹੇਠ

ਤੇਰੇ ਰੰਗਾਂ ਦੀ ਲਿਪੀ
ਮੇਰੀ ਚੁੱਪ ਦੇ ਪੰਛੀਆਂ ਨੂੰ
ਪਰਵਾਜ਼ ਦਿੰਦੀ।

### ਪੱਗ

ਪੱਗ ਮੈਂ ਸਿਰ 'ਤੇ ਨਹੀਂ, ਆਕਾਸ਼ 'ਤੇ ਬੰਨ੍ਹਦਾ ਹਾਂ

ਸਿਰ ਤਾਂ ਤੇਰੇ ਨਾਲ ਭਿੜਨ ਨੂੰ ਤਿਆਰ ਹੈ
ਇਹਦੇ ਅੰਦਰ ਤਾਂ ਸੌ ਕਾਰਸਤਾਨੀਆਂ
ਸਿਰ ਚੁੱਕੀ ਬੈਠੀਆਂ ਨੇ

ਪੱਗ ਮੈਂ ਸਿਰ 'ਤੇ ਨਹੀਂ,
ਅਕਾਸ਼ 'ਤੇ ਬੰਨ੍ਹਦਾ ਹਾਂ
ਇਸੇ ਲਈ ਧਰਤੀ ਮੈਨੂੰ
ਤੁਰਨ ਜੋਗੀ ਥਾਂ ਦਿੰਦੀ ਹੈ
ਤੇ ਮੈਂ ਤੁਰਦਾ ਹਾਂ, ਸਿਰ ਉਚਾ ਕਰ।

### ਮਾਂ ਨੂੰ


ਮੈਂ ਮਾਂ ਨੂੰ ਪਿਆਰ ਕਰਦਾ ਹਾਂ
ਇਸ ਕਰ ਕੇ ਨਹੀਂ
ਕਿ ਉਸਨੇ ਜਨਮ ਦਿੱਤਾ ਹੈ ਮੈਨੂੰ
ਕਿ ਉਸਨੇ ਪਾਲਿਆ ਪੋਸਿਆ ਹੈ ਮੈਨੂੰ

ਇਸ ਕਰ ਕੇ ਕਿ ਉਸਨੂੰ
ਆਪਣੇ ਦਿਲ ਦੀ ਗੱਲ ਕਹਿਣ ਲਈ
ਸ਼ਬਦਾਂ ਦੀ ਲੋੜ ਨਹੀਂ ਪੈਂਦੀ ਮੈਨੂੰ।

### ਪਹਿਲਾ ਭਾਂਡਾ


ਓਕ, ਪਹਿਲਾ ਭਾਂਡਾ
ਤੇਹ ਨੂੰ ਜਾਂਦਾ ਰਾਹ

ਨਦੀ ਦਾ ਆਲ੍ਹਣਾ
ਭਾਈ ਘਨੱਈਏ ਨੂੰ
ਦੀਂਹਦਾ ਹਰ ਮੁੱਖ ਗੁਰੂ ਦਾ।









# ‘ਫੱਤੇ ਦਾ ਕੋਟ’ ਤੋਂ ਨਾਮਕਰਨ ਹੋਇਆ ਸੀ: ਕੋਟਫਤੂਹੀ

## ਪਿੰਡ ਵਸਿਆ (13)

**ਵਿਜੈ ਬੰਬੇਲੀ**
ਫੋਨ: +91-9463439075



***ਪਾਠਕਾਂ ਦੀ ਜਾਣਕਾਰੀ ਲਈ ਅਸੀਂ ਕਾਲਮ ‘ਪਿੰਡ ਵਸਿਆ’ ਸ਼ੁਰੂ ਕੀਤਾ ਹੈ, ਜਿਸ ਵਿੱਚ ਸਿਰਫ ਪਿੰਡ ਵੱਸਣ ਦੀ ਹੀ ਬਾਤ ਪਾਈ ਹੁੰਦੀ ਹੈ। ਪਿੰਡ ਦਾ ਇਤਿਹਾਸ ਲਿਖਣ ਦੀ ਵੱਡੀ ਕਠਿਨਾਈ ਇਹ ਹੈ ਕਿ ਇਹ ਕਿਸੇ ਵੀ ਰੂਪ ‘ਚ ਲਿਖਤੀ ਨਹੀਂ ਮਿਲਦਾ। ਕਿਸੇ-ਕਿਸੇ ਪਿੰਡ ਦੇ ਵੱਸਣ-ਰਸਣ ਦੀ, ਉਹ ਵੀ ਨਾ-ਮਾਤਰ, ਗਜ਼ਟੀਅਰ’ਜ਼, ਮਾਲ ਰਿਕਾਰਡ ਜਾਂ ਕਿਸੇ ਦਸਤਾਵੇਜ਼ ਵਿੱਚ ਸਤਹੀ ਜਿਹਾ ਵਰਨਣ ਜਾਂ ਕਨਸੋਅ ਮਿਲਦੀ ਸੀ/ਹੈ, ਜਿਹੜਾ ਸਥਾਨਕ ਇਤਿਹਾਸ ਦੀ ਮਹੱਤਤਾ ਨਾ ਬੁੱਝਣ ਕਾਰਨ ਸਾਂਭਿਆ ਨਹੀਂ ਗਿਆ। ਪੇਸ਼ ਹੈ, ਪਿੰਡ ਕੋਟਫਤੂਹੀ ਨਾਲ ਜੁੜਿਆ ਸੰਖੇਪ ਵੇਰਵਾ...***

‘ਦੂਜਾ ਬੱਬਰ ਅਕਾਲੀ ਸਾਜਿਸ਼ ਕੇਸ’, ਟਰਾਇਲ ਨੰ.-2, ਮੁਕੱਦਮਾ 1925, ਜਿਹੜਾ ਲਾਹੌਰ ਦੀ ਜੇ.ਕੇ.ਐਮ. ਟੱਪ ਸਪੈਸ਼ਲ ਜੱਜ ਬਾਬਤ ਬਗਾਵਤ ਵਿਰੁੱਧ ਕਿੰਗ ਐਮਪ੍ਰਰ ਬਨਾਮ ਬੱਬਰ ਕਿਸ਼ਨ ਸਿੰਘ ਗੜਗੱਜ ਆਦਿ, ਜਿਸ ਵਿੱਚ 91 ਬੱਬਰ ਸ਼ੁਮਾਰ ਸਨ, ਦੇ ਲੜੀ ਨੰ.-32 ‘ਤੇ ਸੁੰਦਰ ਬਾਹਮਣ ਪੁਤਰ ਨੰਦ ਲਾਲ ਉਰਫ ਨੰਦੂ ਸਾਕਨ ‘ਕੋਟਫਤੂਹੀ’ (ਮਾਹਿਲਪੁਰ, ਹੁਸ਼ਿਆਰਪੁਰ) ਦਾ ਨਾਂ, ਲਾਲ ਅੱਖਰਾਂ ਵਿੱਚ ਦਰਜ ਹੈ। ਤਾਅ-ਗਵਾਹੀਆਂ/ਬਿਆਨਤ ਸੁਨਣ-ਘੋਖਣ ਉਪਰੰਤ ਫਾਜ਼ਲ ਜੱਜ ਟਿੱਪਣੀ ਕਰਦਾ ਹੈ, “ਬੇਸ਼ਕ ਦੋਸ਼ੀ ਦੀ ਕਤਲਾਂ ਵਿੱਚ ਜ਼ਾਹਰਾ ਸ਼ਮੂਲੀਅਤ ਨਹੀਂ ਦਿਸਦੀ, ਪਰ ਅਦਾਲਤ ਇਸਨੂੰ ‘ਟੇਰਰ ਟੂ ਅਦਰਜ਼’ ਮੰਨਦੀ ਹੈ। ਸੋ, ਇਹ ਸਖ਼ਤ ਸਜ਼ਾ ਦਾ ਭਾਗੀ ਹੈ।”

ਕੋਟਫਤੂਹੀ ਨੂੰ ਵਸਾਉਣ ਵਾਲੇ ਦੋ ਭਰਾ ਸਨ- ਗਦਾਹੀ ਅਤੇ ਫੱਤਾ। ਸਮਾਂ ਉਹ ਸੀ, ਜਦ ਹਿੰਮਤੀ ਲੋਕ ਵਿਹਲੀਆਂ ਪਈਆਂ ਜ਼ਮੀਨਾਂ ਨੂੰ ਆਪਣੇ ਬਸਰ ਲਈ ਆ ਨੱਪਦੇ। ਗਦਾਹੀ ਛੜਾ-ਛਾਂਟ ਸੀ, ਫੱਤਾ ਬਾਲ-ਬੱਚੇਦਾਰ। ਉਹ ਜਾਤ ਦੇ ਜੱਟ ਅਤੇ ਗੋਤ ਵਜੋਂ ਬੈਂਸ ਸਨ। ਬੈਂਸ ਜੱਟ, ਜਿਨ੍ਹਾਂ ਨੂੰ ਸਿਥੀਅਨ ਨਸਲ ਦੇ ਆਰੀਅਨ ਕਿਹਾ ਜਾਂਦਾ ਸੀ, ਭਾਰਤੀ ਖਿੱਤੇ ਵਿੱਚ ਮੱਧ ਏਸ਼ੀਆ ਤੋਂ ਆਏ ਸਨ, ਜਿਹੜੇ ਪੜਾਅ-ਦਰ-ਪੜਾਅ






ਸਿੰਧ ਤੋਂ ਵਾਇਆ ਰਾਜਸਥਾਨ-ਮਾਲਵਾ ਅਤੇ ਫਿਰ ਦੁਆਬਾ ਆ ਢੁੱਕੇ। ਨਵੀਆਂ ਚਰਾਂਦਾ ਅਤੇ ਜਲ-ਸੋਮਿਆ ਦੀ ਭਾਲ ਹਿੱਤ ਜੱਟ ਕਬੀਲੇ ਪੂਰੇ ਘੁਮੱਕੜ ਸਨ। ਇਧਰ ਆਉਣ ਵਾਲਾ ਵੱਡਾ ਸਰਦਾਰ ਗੁਰਦਾਸ ਬੈਂਸ ਸੀ, ਜਿਸਦੇ ਕਬੀਲੇ ਦੇ ਦੋ ਧੜਵੈਲਾਂ- ਗਦਾਹੀ ਅਤੇ ਫੱਤੇ ਨੇ ਪਹਿਲਾ ਮੰਨਣਹਾਨੇ ਲਾਗੇ, ਹੁਣ ਵਾਲੀ ਮਸ਼ਹੂਰ ਜਗ੍ਹਾ ‘ਹਰੀ ਧਾਮ’ ਕੋਲ, ਮੌਜੂਦਾ ਬਿਸਤ ਦੁਆਬ ਨਹਿਰ ਲਾਗੇ, 19ਵੀਂ ਸਦੀ ਦੇ ਬਿਲਕੁਲ ਸ਼ੁਰੂ ਵਿੱਚ ਆਪਣੀ ਮੋਹੜੀ ਗੱਡੀ, ਜਿਸਨੂੰ ਹੁਣ ਖੈੜਾ ਕਿਹਾ ਜਾਂਦਾ ਹੈ; ਪਰ ਬਰਸਾਤੀ ਮਾਰ ਕਾਰਨ ਇਨ੍ਹਾਂ ਨੂੰ ਹੁਣ ਵਾਲੀ ਕੋਟਫਤੂਹੀ ਦੇ ਮੱਧ ਵਿਚਲੀ ਉੱਚੀ ਥੇਹ ‘ਤੇ ਟਿਕਾਣਾ ਕਰਨਾ ਪਿਆ। ਸਵੈ-ਰੱਖਿਆ ਲਈ ਉਨ੍ਹੀਂ ਇੱਕ ਛੋਟੇ ਜਿਹਾ ਜੰਗੀ-ਦੁਰਗ, ਕੋਟ (ਕਿਲਾ) ਵੀ ਉਸਾਰਿਆ, ਜਿਹੜਾ ਸਮਾਂ ਪਾ ਕੇ ‘ਫੱਤੇ ਦਾ ਕੋਟ’ ਵੱਜਿਆ।

ਇੱਕ ਹੋਰ ਮੌਖਿਕ ਇਤਿਹਾਸ ਅਨੁਸਾਰ ਸੰਨ 1825 ‘ਚ ਜਦ ਮਹਾਰਾਜਾ ਰਣਜੀਤ ਸਿੰਘ ਦੇ ਜਰਨੈਲ ਮੋਹਕਮ ਚੰਦ ਨੇ ਕਾਂਗੜੇ ਦੇ ਰਾਜਾ ਸੰਸਾਰ ਚੰਦ ਤੋਂ ਬਜਵਾੜਾ-ਜੇਜੋਂ ਦਾ ਇਲਾਕਾ ਅਤੇ ਕਿਲੇ ਖੋਹ ਲਏ ਤਾਂ ਯੁੱਧਨੀਤਿਕ ਪੱਖੋਂ ਇੱਥੇ ਫੱਤੇ ਦੇ ਰੈਣ-ਬਸੇਰੇ ‘ਤੇ, ਮੁਕਾਬਲਤਨ ਉੱਚੀ ਥਾਵੇਂ ਇੱਕ ਕੋਟ ਦੀ ਤਾਮੀਰ ਕਰਵਾ ਫੱਤੇ ਨੂੰ ਉਸਦਾ ਅਹਿਲਕਾਰ ਥਾਪਿਆ। ਦਰ-ਹਕੀਕਤ, ਸਿੱਖਾਂ ਨਾਲ ਸਬੰਧਿਤ ਟਾਵੇਂ-ਟਾਵੇਂ ਪਿੰਡ ਭਾਵੇਂ ਬੰਦਾ ਬਹਾਦੁਰ ਜੀ ਵੇਲੇ, ਕੁੱਝ ਵੱਧ ਸਿੱਖ ਮਿਸਲਾਂ ਵੇਲੇ ਹੋਂਦ ਵਿੱਚ ਆਏ, ਪਰ ਪੰਜਾਬ ਦੇ ਪਿੰਡਾਂ ਦੇ ਪੈਰ ਸਹੀ ਮਾਇਨਿਆ ਵਿੱਚ ਮਹਾਰਾਜਾ ਰਣਜੀਤ ਸਿੰਘ ਵੇਲੇ ਹੀ ਲੱਗੇ। ਕੋਟਫਤੂਹੀ ਨਾਲ ਵੀ ਇਵੇਂ ਹੀ ਹੋਇਆ। ਉਸ ਤੋਂ ਪਹਿਲਾਂ ਬਹੁਤੀਆਂ ਜ਼ਮੀਨਾਂ ਦੇ ਮਾਲਕ ਹਿੰਦੂ ਚੌਧਰੀ ਜਾਂ ਮੁਸਲਿਮ ਜਗੀਰਦਾਰ ਸਨ, ਜਿਨ੍ਹਾਂ ਦੀ ਰਿਆਇਆ ਵਿੱਚ ਜਨ-ਸਾਧਾਰਨ ਨੂੰ ਰਹਿਣਾ ਪੈਂਦਾ ਸੀ। ਪਿੰਡ ਦੇ ਰੂਪ ਵਿੱਚ ਕੋਟਫਤੂਹੀ 19ਵੀਂ ਸਦੀ ਦੇ ਸ਼ੁਰੂ ਵਿੱਚ ਉਗਮਦਾ ਹੈ। 1849 ਤੱਕ ਅੰਗਰੇਜ਼ਾਂ ਦੇ ਪੰਜਾਬ ‘ਤੇ ਮੁਕੰਮਲ ਕਾਬਜ਼ ਹੋ ਜਾਣ ਉਪਰੰਤ ਜ਼ਮੀਨੀ ਬੰਦੋਬਸਤ 1857-1884 ਅਨੁਸਾਰ 1801 ’ਚ ਹੀ ਇੱਥੇ ਸੰਯੁਕਤ ਆਬਾਦੀ ਹੋਣੀ ਸ਼ੁਰੂ ਹੋ ਗਈ ਸੀ। ਅੰਗਰੇਜ਼ਾਂ ਵਲੋਂ ਧਿਆਨ ਦੇਣ ਦਾ ਕਾਰਨ ਭਾਵੇਂ ‘ਫੱਤੇ ਦਾ ਕੋਟ ਸੀ’, ਪਰ ਵੱਡਾ ਕਾਰਨ ਇਸ ਪਿੰਡ ਦੀਆਂ ਦੇਸ਼-ਭਗਤਕ ਗ਼ਦਰੀ, ਖਾਸ ਕਰ ਬੱਬਰ ਗਤੀਵਿਧੀਆਂ ਸਨ।

ਜੰਗ-ਏ-ਆਜ਼ਾਦੀ ਵਿੱਚ ‘ਬੱਬਰ ਅਕਾਲੀ’ਜ਼’ ਤਵਾਰੀਖ ਦਾ ਨਾਂ ਬੜਾ ਗੂੜ੍ਹਾ ਹੈ। ਬਹੁਤੇ ਇਸਨੂੰ ਸਿਰਫ ਸਿੱਖਾਂ ਦੀ ਹੀ ਜਦੋਜਹਿਦ ਮੰਨਦੇ ਹਨ। ਦਰ-ਹਕੀਕਤ ਅਜਿਹਾ ਨਹੀਂ ਹੈ, ਇਸ ਵਿੱਚ ਤਾਅ ਜਾਤਾਂ-ਧਰਮਾਂ ਨੇ ਸਵੱਲਾ ਹਿੱਸਾ ਪਾਇਆ। ਕਿਸੇ ਨੇ ਥੋੜ੍ਹਾ, ਕਿਸੇ ਨੇ ਬਹੁਤਾ। ਮੇਰੇ ਇਸ ਕਥਨ ਦੀ ਪੁਸ਼ਟੀ ਨੂੰ ਰੁਲੀਆ ਅਰਾਂਈ ਦੀ ਮੂਕ-ਕੁਰਬਾਨੀ ਨੇ ਬੜਾ ਬਲ ਬਖਸ਼ਿਆ। ਸੰਖੇਪ ਵਿੱਚ ਸੁਨਾਉਣ ਦੀ ਆਗਿਆ ਦਿਓ:

ਰੁਲੀਆ ਅਰਾਂਈ, ਜਿਹੜਾ ਮਗਰੋਂ ‘ਰੁਲੀਆ ਭਾਈ ਜਾਨ’ ਵਜੋਂ ਸਤਕਾਰਿਆ ਜਾਣ ਲੱਗਾ ਸੀ, ਵੀ ਇਸੇ ਕੋਟਫਤੂਹੀ ਦਾ ਜਾਇਆ ਸੀ। ਬੱਬਰਾਂ ਅਤੇ ਹੋਰ ਦੇਸ਼ ਭਗਤਾਂ ਨਾਲ ਯਕਜਹਿਤੀ ਪ੍ਰਗਟਾਉਣ ਹਿੱਤ ਕੋਟਫਤੂਹੀ ਵਿੱਚ ਕੀਤੀ ਗਈ 1922 ਵਾਲੀ ‘ਪੁਲੀਟੀਕਲ ਕਾਨਫਰੰਸ’ ਤਾਰੀਖ ਵਿੱਚ ਬਹੁ-ਪਰਤੀ ਮਾਇਨੇ ਰੱਖਦੀ ਹੈ, ਜਿਸ ਵਿੱਚ ਬੱਬਰ ਅਕਾਲੀਆਂ ਦੇ ‘ਥਿੰਕ ਟੈਂਕ’ ਮਾਸਟਰ ਮੋਤਾ ਸਿੰਘ, ਜੋ ਉਦੋਂ ਮਫਰੂਰ ਸੀ, ਵੀ ਬੋਲਿਆ। ਉਸਨੂੰ ਬੋਲਣੋਂ ਰੋਕਣ ਅਤੇ ਫੜਨ ਹਿੱਤ ਅੰਗਰੇਜ਼ਾਂ ਬੜੇ ਰੱਸੇ-ਪੈੜੇ ਵੱਟੇ, ਪਰ ਸਭ ਵਿਅਰਥ। ਉਹ ਯੁਕਤੀ ਢੰਗ ਨਾਲ ਆਇਆ, ਸੂਹਾ ਬੋਲਿਆ ਅਤੇ ਬੜੇ ਹੈਰਤਅੰਗੇਜ਼, ਪਰ ਭੇਦ-ਪੂਰਨ ਢੰਗ ਨਾਲ ਗਾਇਬ ਹੋ ਗਿਆ। ਉਸ ਆ ਨਹੀਂ ਸੀ ਸਕਣਾ। ਆਇਆ ਫੜ੍ਹਿਆ ਜਾਣਾ ਸੀ, ਜੇ ਉਸਨੂੰ ਲਿਆਉਣ-ਭਜਾਉਣ ਵਿੱਚ ਰੁਲੀਆ ਅਰਾਂਈ ਯੁਕਤੀ, ਦਲੇਰਆਨਾ ਪਰ ਮੂਕ ਰੋਲ ਨਾ ਅਦਾ ਕਰਦਾ। ਕਿਵੇਂ, ਇਹ ਇੱਕ ਲੰਬੀ ਗਾਥਾ ਹੈ ਜਿਹੜੀ ਮੇਰੀ ਪੁਸਤਕ ‘ਬੱਬਰ ਅਕਾਲੀ ਲਹਿਰ ਨੂੰ ਮੁੜ ਫਰੋਲਦਿਆਂ’ ਵਿੱਚ ਦਰਜ ਹੈ। ਅਫਸੋਸ! ਵੱਡੇ ਰੋਲਿਆਂ, ’47 ਦੀ ਤ੍ਰਾਸਦੀ ਵੇਲੇ ਨਾ ਚਾਹੁੰਦਿਆਂ ਵੀ ਗੁਰਬਤ ਮਾਰੇ ਇਸ ਕਰਮਯੋਗੀ ਨੂੰ ਮਣਾ-ਮੂੰਹੀਂ ਬੋਝਲ ਮਨ ਨਾਲ ਪਰਾਈ ਧਰਤੀ, ਪਾਕਿਸਤਾਨ ਨੂੰ ਤੁਰਨਾ ਪਿਆ। ਕਹਿੰਦੇ, ਪਿੰਡੋਂ ਅੱਠ ਕੋਹ ਦੂਰ ਬਹਿਰਾਮ (ਬੰਗਾ) ਦੇ ਆਰਜ਼ੀ ਪਨਾਹਗਾਹ ਕੈਂਪ ਪੁੱਜਦਿਆ ਇਸ ਭਲੇ ਬੰਦੇ ਨੇ ਦੋਵੇਂ ਹੱਥ ਅਸਮਾਨ ਕੰਨੀ ਚੁੱਕ, ਕੋਟਫਤੂਹੀ ਵੱਲ ਮੂੰਹ ਕਰ ਦਿਲ ਚੀਰਵੀਂ ਲੇਰ ਮਾਰੀ। ਕਿਹਾ, “ਆਹਲਾ ਵਤਨ! ਜੰਗ-ਏ-ਆਜ਼ਾਦੀ, ਅਸੀਂ ਰਲ-ਮਿਲ, ਆਹ ਦਿਨ ਵੇਖਣ ਨੂੰ ਤਾਂ ਨਹੀਂ ਸੀ ਲੜੀ।”

## *ਗੁਰਪ੍ਰੀਤ: ਮਾਨਸੇ ਦਾ ਛੰਦਮੁਕਤ ਗੀਤ*

ਤਰ੍ਹਾਂ ‘ਪੱਗ’, ‘ਰਬੜ ਬੈਂਡ’, ‘ਚਾਕੂ’ ਤੇ ‘ਟਮਾਟਰ’ ਕਵਿਤਾਵਾਂ ਵਿੱਚ ਸੂਖਮ ਭਾਵ ਬੋਧ ਰਾਹੀਂ ਵੱਖਰਾ ਹੀ ਸੌਂਦਰਯ ਰੂਪਮਾਨ ਹੋ ਜਾਂਦਾ ਹੈ। ‘ਕਾਗਜ਼’ ਸਿਰਫ਼ ਹਿਸਾਬ-ਕਿਤਾਬ (ਰਾਸ਼ਨ ਦੀ ਸੂਚੀ) ਲਿਖਣ ਲਈ ਨਹੀਂ ਬਣਿਆ। ਅਜਿਹੀ ਕਬੀਲਦਾਰੀ ਦਾ ਬੋਝ ਚੁੱਕਣ ਨਾਲੋਂ ਉਹ ਹਵਾ ’ਚ ਉਡ ਕੇ ਮੀਂਹ ’ਚ ਭਿੱਜ ਜਾਣਾ ਚਾਹੁੰਦਾ ਹੈ। ਇਸ ਤਰ੍ਹਾਂ ਕਾਗਜ਼ ਦਾ ਬਿੰਬ ਮਨੁੱਖੀ ਤੰਗੀਆਂ-ਤੁਰਸ਼ੀਆਂ ਤੋਂ ਬੇਫ਼ਿਕਰ ਹੋ ਕੇ ਕੁਦਰਤ ਦੀ ਗੋਦ ਵਿੱਚ ਆਪਣੀ ਹੋਣੀ ਨੂੰ ਮਿਲਣ ਦੇ ਵਿਰਾਟ ਅਰਥ ਗ੍ਰਹਿਣ ਕਰ ਜਾਂਦਾ ਹੈ।

ਸ੍ਰੀ ਕੰਵਰ ਚੌਹਾਨ ਦਾ ਇੱਕ ਸ਼ੇਅਰ ਹੈ:

‘ਉਹ ਕੇਹਾ ਦੌਰ ਸੀ ਸਰਮਦ ਸੀ ਖਫ਼ਾ ਯਾਰਾਂ ’ਤੇ
ਮੈਨੂੰ ਤਾਂ ਪੱਥਰ ਵੀ ਲਗਦੇ ਨੇ ਗ਼ੁਲਾਬਾਂ ਵਾਂਗੂੰ।’

ਜੇ ਇਸ ਸ਼ੇਅਰ ਦੇ ਸੰਦਰਭ ਨੂੰ ਛੱਡ ਕੇ ਪੱਥਰਾਂ ਦੇ ਗ਼ੁਲਾਬਾਂ ਵਾਂਗ ਲੱਗਣ/ਵੱਜਣ ਦੇ ਆਧਾਰ ਨੂੰ ਗੁਰਪ੍ਰੀਤ ਦੀ ਕਵਿਤਾ ‘ਤੇ ਢੁਕਾ ਕੇ ਵੇਖੀਏ ਤਾਂ ਉਸ ਦੀ ‘ਪੱਥਰ’ ਕਵਿਤਾ ਨੂੰ ਪੜ੍ਹਿਆਂ ਸਪੱਸ਼ਟ ਹੁੰਦਾ ਹੈ ਕਿ ਨਦੀ ਕਿਨਾਰੇ ਪਿਆ ਪੱਥਰ ਕਿਸੇ ਕਲਾਕ੍ਰਿਤੀ ’ਚ ਢਲ ਜਾਣ ਦੀ ਬਨਿਸਬਤ ‘ਪੱਥਰ’ ਹੀ ਬਣਿਆ ਰਹਿਣਾ ਚਾਹੁੰਦਾ ਹੈ। ਇਸ ਕਵਿਤਾ ਵਿੱਚ ਪੱਥਰ ਦਾ ਹਿੱਲ ਕੇ ‘ਨਾਂਹ’ ਕਹਿਣ ਦਾ ਅੰਦਾਜ਼ ਫੁੱਲਾਂ ਨਾਲੋਂ ਵੀ ਅਧਿਕ ਕੋਮਲਤਾ ਗ੍ਰਹਿਣ ਕਰ ਜਾਂਦਾ ਹੈ। ਗੁਰਪ੍ਰੀਤ ਇਸ ਕੋਮਲਤਾ ਨੂੰ ਸਾਡੇ ਧੁਰ ਅੰਦਰ ਉਤਾਰ ਕੇ ਕਾਵਿ-ਬਿੰਬ ਮੁਕੰਮਲ ਕਰ ਦਿੰਦਾ ਹੈ।

ਪ੍ਰਿੰਸੀਪਲ ਤੇਜਾ ਸਿੰਘ ਨੇ ਆਪਣੇ ਨਿਬੰਧ ‘ਸ਼ਹਿਰ ਦਾ ਨਲਕਾ’ ਵਿੱਚ ਨਲਕੇ ਦੀ ਆਤਮਕਥਾ ਲਿਖੀ ਹੈ। ਗੁਰਪ੍ਰੀਤ ਨਲਕੇ ਰਾਹੀਂ ਧਰਤੀ ਦੀ ਗਹਿਰਾਈ ਨਾਲ ਜੁੜਦਾ ਹੈ। ‘ਓਕ’ ਪੁਸਤਕ ਦੀ ਪਹਿਲੀ ਕਵਿਤਾ ‘ਪਹਿਲਾ ਭਾਂਡਾ’ ਰਾਹੀਂ ਵੀ ਉਹ ਇਤਿਹਾਸਕ ਤੇ ਦੰਤ-ਕਥਾਈ ਕੀਮਾ ਮਲਕੀ ਦੀ ਲੋਕ ਗਾਥਾ ਦੇ ਪ੍ਰਤੀਕਮਈ ਵੇਰਵਿਆਂ ਰਾਹੀਂ ਪਾਣੀ ਨਾਲ ਮਨੁੱਖੀ ਤੇਹ ਦਾ ਸਦੀਵੀ ਸਬੰਧ ਬਿਆਨ ਕਰਦਾ ਹੈ। ਉਹਦੀ ਕਵਿਤਾ ਵਿੱਚ ਧਰਤੀ ਤੇ ਆਕਾਸ਼ ਦੇ ਬਿੰਬ ਵਿਭਿੰਨ ਅਰਥਾਂ ਵਿੱਚ ਇਸਤੇਮਾਲ ਹੋਏ ਮਿਲਦੇ ਹਨ। ਕੁਦਰਤ ਦੇ ਇਹ ਵਿਰਾਟ ਵਰਤਾਰੇ ਆਦਿ-ਜੁਗਾਦਿ ਤੋਂ ਮਨੁੱਖੀ ਰੂਹ ਨੂੰ ਸਰਸ਼ਾਰ ਕਰਦੇ ਰਹੇ ਹਨ ਅਤੇ ਅਗਾਂਹ ਵੀ ਇਸੇ ਤਰ੍ਹਾਂ ਵਿਸਮਾਦਿਤ ਕਰਦੇ ਰਹਿਣਗੇ।

ਗੁਰਪ੍ਰੀਤ ਨੇ ‘ਸ਼ਬਦਾਂ ਦੀ ਮਰਜ਼ੀ’ ਤੇ ‘ਅਕਾਰਨ’ ਕਿਤਾਬਾਂ ਵਿੱਚ ਆਵਾਜ਼ਾਂ ਨੂੰ ਵੱਖਰੇ ਰੰਗਾਂ, ਸੁਆਦਾਂ, ਛੋਹਾਂ ਤੇ ਰੂਪਾਂ ਵਿੱਚ ਮਹਿਸੂਸ ਕਰਕੇ ਸਾਡੇ ਅੰਦਰ ਧੜਕਣ ਲਾ ਦਿੱਤਾ ਹੈ। ਆਵਾਜ਼ਾਂ ਨੂੰ ‘ਚੱਖਣ’ ਦਾ ਸੁਆਦ ਅਨੁਭਵ ਗੁਰੂ ਘਰੋਂ ਮਿਲੇ ਪ੍ਰਸਾਦ ਨੂੰ ਗ੍ਰਹਿਣ ਕਰਨ ਵਰਗਾ ਹੈ। ਗੁਰਪ੍ਰੀਤ ਦੀ ਮਾਨਸਿਕਤਾ ਵਿੱਚ ਕਵਿਤਾ, ਕਲਾ, ਚਿੱਤਰਕਾਰੀ ਤੇ ਫ਼ੋਟੋਕਾਰੀ ਆਦਿ ਵਿਭਿੰਨ ਪਾਸਾਰ ਘੁਲੇ-ਮਿਲੇ ਹੋਏ ਹਨ। ‘ਧਰਤੀ ਨੂੰ ਰੋਜ਼ ਲੱਭਣ ਤੇ ਗੁੰਮ ਜਾਣ ਦੇਣ ਵਾਂਗ’ ਉਹ ਸਾਡੇ ਅੰਦਰ ਵੀ ਧਰਤੀ ਜਿਹੀ ਵਿਸ਼ਾਲਤਾ ਤੇ ਖੋਜ-ਭਾਲ ਉਪਜਣ ਲਾ ਦਿੰਦਾ ਹੈ।

ਗੁਰਪ੍ਰੀਤ ਸਿਰਫ਼ ਕਵਿਤਾ ਹੀ ਨਹੀਂ ਲਿਖਦਾ, ਦੁਨੀਆ ਭਰ ਦੇ ਮਹਾਨ ਕਵੀਆਂ, ਕਲਾਕਾਰਾਂ, ਚਿੱਤਰਕਾਰਾਂ ਦੀਆਂ ਕਲਾਕ੍ਰਿਤਾਂ ਨੂੰ ਵਾਚਦਾ/ਮਾਣਦਾ ਤੇ ਚਿੰਤਨ ਦਾ ਵਿਸ਼ਾ ਬਣਾਉਂਦਾ ਹੈ। ਇਹੋ ਕਾਰਨ ਹੈ ਕਿ ਬਰੈਖ਼ਤ, ਪਾਬਲੋ ਨੇਰੂਦਾ ਤੇ ਪਿਕਾਸੋ ਨੂੰ ਉਹ ਆਪਣੇ ਗੁਆਂਢ ਵਸਦੇ ਤਸੱਵਰ ਕਰਦਾ ਹੈ। ਇਹ ਸਿਰਜਣਾਤਮਕ ਅਮਲ ਗੁਆਂਢੀ ਦੀ ਕੁੱਤੀ ਦੇ ਪੰਜ ਕਤੂਰੇ ਦੇਣ ਦੀ ਸੂਚਨਾ ਨਾਲ ਹੋਰ ਵੀ ਮੁੱਲਵਾਨ ਤੇ ਸਿਰਜਣਸ਼ੀਲ ਹੋ ਜਾਂਦਾ ਹੈ।

‘ਇੱਕ ਵਾਰ ਫਿਰ’, ‘ਕਾਮਰੇਡ’ ਕਵਿਤਾਵਾਂ ਰਾਹੀਂ ਉਹ ਇਨਕਲਾਬ ਜ਼ਿੰਦਾਬਾਦ ਤੇ ਮਾਰਕਸ ਦੇ ਪ੍ਰਗਤੀਵਾਦੀ ਸਮਾਜਵਾਦੀ ਚਿੰਤਨ ਨਾਲ ਸਹਾਨਭੂਤੀ ਰੱਖਦਾ ਹੈ, ਬੇਸ਼ੱਕ ਖ਼ੁਦ ਉਹ ਇਸ ਵਿਚਾਰਧਾਰਾ ਨਾਲ ਪ੍ਰਤੀਬੱਧ ਨਹੀਂ ਹੈ। ਉਹਦੇ ਅੰਦਰਲਾ ਕਵੀ ਕਾਮਰੇਡ ਨਹੀਂ ਹੈ ਤੇ ਨਾ ਹੀ ‘ਇਨਕਲਾਬ ਜ਼ਿੰਦਾਬਾਦ’ ਦੇ ਨਾਅਰੇ ਲਾਉਂਦਾ ਹੈ, ਪਰ ਅਛੋਪਲੇ ਹੀ ਮਨੁੱਖ ਦੀ ਸਦੀਵੀ ਜੰਗ ਨੂੰ ਸਾਡੇ ਸਨਮੁਖ ਪੇਸ਼ ਕਰ ਦਿੰਦਾ ਹੈ।

ਚਿੱਤਰਕਾਰਾਂ, ਕਲਾਕਾਰਾਂ, ਕਵੀਆਂ ਵਿੱਚੋਂ ਉਹ ਦੇਵ, ਸਿਧਾਰਥ, ਹਰਨਾਮ, ਦੇਵਨੀਤ, ਅਜਾਇਬ ਕਮਲ ਤੇ ਗਾਲਿਬ ਬਾਰੇ ਕਵਿਤਾਵਾਂ ਲਿਖਦਾ ਹੈ। ਖ਼ੂਬਸੂਰਤ ਗੱਲ ਇਹ ਹੈ ਕਿ ਉਹਨੂੰ ਅੱਖ ’ਚੋਂ ਟਪਕਿਆ ਹਰ ਹੰਝੂ ਗ਼ਾਲਿਬ ਦੀ ਹਵੇਲੀ ਲਗਦਾ ਹੈ। ਦੇਵਨੀਤ ਗੁਰਪ੍ਰੀਤ ਲਈ ਹਮਸਾਏ ਵਾਂਗ ਰਿਹਾ ਹੈ। ਉਸ ਦਾ ਸਦੀਵੀ ਵਿਛੋੜਾ ਉਸ ਲਈ ਬਹੁਤ ਉਦਾਸ ਕਰਨ ਵਾਲਾ ਮੰਜ਼ਰ ਸਾਬਿਤ ਹੋਇਆ ਹੋਵੇਗਾ।

‘ਮਾਘੀ ਨੱਚੇ’, ‘ਮਾੜਾ’, ‘ਬੰਤ ਸਿੰਘ ਝੱਬਰ’, ‘ਤਾਇਆ ਨਾਥੀ ਰਾਮ’, ‘ਢੱਠਾ’ ਵਰਗੇ ਜਾਨਦਾਰ ਸ਼ਬਦ ਚਿੱਤਰ ਰਚਨ ਤੋਂ ਇਲਾਵਾ ਉਹ ‘ਮਕਬੂਲ ਫ਼ਿਦਾ ਹੁਸੈਨ’, ‘ਸਿਧਾਰਥ’, ‘ਰਬਾਬੀ ਭਾਈ ਲਾਲ ਜੀ’ ਬਾਰੇ ਵੀ ਰੇਖਾ ਚਿੱਤਰ ਲਿਖਦਿਆਂ ਬੜੀਆਂ ਠੋਸ ਤੇ ਢੁੱਕਵੀਆਂ ਤਸ਼ਬੀਹਾਂ ਵਰਤਦਾ ਹੈ।

ਗੁਰਪ੍ਰੀਤ ਇੱਕ ਕਿਰਤੀ ਪਿਓ ਦਾ ਪੁੱਤਰ ਹੈ। ਪਿਤਾ ਬਾਰੇ ਕੀਤੀਆਂ ਗੱਲਾਂ ਬਾਪੂ/ਪੋਥੀ/ਸਾਹਾਂ ਵਰਗਾ/ਪਿਤਾ ਆਦਿ ਨਜ਼ਮਾਂ ਵਿੱਚੋਂ ਉਸ ਦੇ ਪਿਤਾ ਦਾ ਇੱਕ ਸਿਰਜਣਹਾਰੇ ਕਲਾਕਾਰ ਵਿਅਕਤੀ ਵਾਲਾ ਚਿੱਤਰ ਉਲੀਕਿਆ ਜਾਂਦਾ ਹੈ। ਪਿਤਾ ਦਾ ਚਿਹਰਾ ਪੋਥੀ ਦਾ ਪਹਿਲਾ ਪੰਨਾ ਵੀ ਬਣਦਾ ਹੈ ਤੇ ਸਾਹਾਂ ਵਰਗਾ ਹੋਣ ਦੇ ਨਾਤੇ ਇੱਕ ਕਲਾਕਾਰ ਪਿਤਾ ਦਾ ਰੂਪ ਵੀ ਇਖ਼ਤਿਆਰ ਕਰਦਾ ਹੈ, ਜੋ ਕਿਸੇ ਖੋਜੀ ਬਿਰਤੀ ਕਾਰਨ ਪੁਲਾੜ ਯਾਤਰੀ ਤੋਂ ਕਿਸੇ ਗੱਲੋਂ ਘੱਟ ਨਹੀਂ ਹੈ।

ਇਸ ਤੋਂ ਇਲਾਵਾ ‘ਆਟੋ ਚਾਲਕ ਦਾ ਸਹੁਰੇ ਜਾਣਾ, ਉਹ ਆਦਮੀ, ਘੋੜਾ, ਹੁਣ ਸੁਣਾਓ, ਉਸ ਦੇ ਕਾਵਿ ਚਿੱਤਰ ਹੀ ਹਨ, ਜਿਨ੍ਹਾਂ ਵਿੱਚ ਉਸ ਨੇ ਅਮਿੱਟ ਪ੍ਰਭਾਵ ਛੱਡਣ ਦੀ ਕੋਸ਼ਿਸ਼ ਕੀਤੀ ਹੈ। ਦੀਵਾਲੀ ਦੇ ਜਗਦੇ ਦੀਵਿਆਂ ਵਾਂਗ ਉਸ ਦੀਆਂ ਕਵਿਤਾਵਾਂ ਵਿੱਚ ਬਹੁਤ ਸਾਰੀਆਂ ਕਾਵਿ ਟੂਕਾਂ ਅਨੂਪਮ ਹਨ, ਯਥਾ:

‘ਉੱਡਦੇ ਪਰਿੰਦਿਆਂ ਨੂੰ ਚੋਗ ਲਈ ਧਰਤੀ ’ਤੇ ਉਤਰਨਾ ਹੀ ਪੈਂਦਾ ਹੈ।’ (ਕਵਿਤਾ ਦੀ ਦਿੱਖ) ਅਤੇ ‘ਖ਼ੈਰ ਉਹਦੀ ਅਲਮਾਰੀ ਦੀ ਇੱਕ ਕੁੰਜੀ ਅਜੇ ਵੀ ਮੇਰੇ ਕੋਲ ਹੈ।’ (ਕੁੰਜੀ)

ਵੱਧ ਕੀ ਆਖਾਂ ਕਿ ਘਰ ਪਰਿਵਾਰ ਤੋਂ ਲੈ ਕੇ ਕੁਦਰਤ ਦੇ ਅਨੰਤ ਪਸਾਰ ਤੱਕ ਦੇ ਰਿਸ਼ਤਿਆਂ ਦੀ ਉਹ ਅਜਿਹੀ ਕਾਵਿਮਈ ਖੇਡ ਰਚਾਉਂਦਾ ਹੈ ਕਿ ਸਾਰਾ ਕੁਝ ਸਾਨੂੰ ਆਪਣੇ ਸਾਹਾਂ ਦੇ ਕੋਲ ਕੋਲ ਮਹਿਸੂਸ ਹੁੰਦਾ ਹੈ। ਗੁਰਪ੍ਰੀਤ ਨੇ ਆਪਣੀਆਂ ਕਾਵਿ-ਪੁਸਤਕਾਂ ਵਿੱਚ ਕਈ ਕਵਿਤਾਵਾਂ ਨੂੰ ਦੁਹਰਾਇਆ ਵੀ ਹੈ, ਇਸ ਪ੍ਰਕਿਰਿਆ ਵਿੱਚ ਸ਼ਾਬਦਿਕ ਦੁਹਰਾਉ ਵੀ ਨਿਹਿਤ ਹੈ, ਪਰ ਉਸਦੀ ਅਤੇ ਉਸਦੇ ‘ਸ਼ਬਦਾਂ ਦੀ ਮਰਜ਼ੀ’ ਕਦੇ ਇੱਕ ਨਹੀਂ ਹੋਈ। ਇਹ ਅਸੰਤੁਸ਼ਟੀ ਹੀ ਉਸਦੇ ਕਾਵਿਕ ਵਿਕਾਸ ਦੀ ਗਵਾਹੀ ਭਰਦੀ ਹੈ ਅਤੇ ਉਸਨੂੰ ਕਾਵਿ ਸਫ਼ਰ ਦੇ ਅਗਲੇਰੇ ਰਾਹਾਂ ’ਤੇ ਵਧਣ ਦੀ ਪ੍ਰੇਰਨਾ ਦਿੰਦੀ ਹੈ।

ਗੁਰਪ੍ਰੀਤ ਕੋਲ ਸੱਚਮੁਚ ਹੀ ਕੋਈ ਚਾਨਣ ਦੀ ਸੂਈ ਹੈ, ਜਿਸ ਨਾਲ ਉਹ ਦਿਲਾਂ ਨੂੰ ਸਿਉਂ ਕੇ ਪਤਨੀ ਦੀ ਥਕਾਵਟ ਨੂੰ ਸੁੱਕਣੇ ਪਾਉਣ ਵਿੱਚ ਮਾਹਿਰ ਹੈ। ਬੱਚੇ ਵਾਂਗ ਕਿਸੇ ਦੀ ਗੱਲ ਸਮਝਣ ਲਈ ਉਤਸੁਕ ਹੈ। ਉਹ ਸ਼ਬਦ ਦੀ ਸੁਗੰਧ ਮਾਣਦਾ ਹੈ ਤੇ ਸ਼ਬਦ ਨੂੰ ਹਵਾ ਪਿਆਜ਼ੀ ਫੁੱਲ ਵਾਂਗ ਖਿੜਾ ਸਕਣ ਦੀ ਸਮਰੱਥਾ ਵੀ ਰੱਖਦਾ ਹੈ। ਆਲੂ, ਟਮਾਟਰ ਵਰਗੀਆਂ ਸਬਜ਼ੀਆਂ ਬਾਰੇ ਕਵਿਤਾ ਲਿਖਣਾ ਵੀ ਉਹਦਾ ਹਾਸਿਲ ਹੈ। ਉਸ ਨੂੰ ਆਪਣੇ ‘ਚਿੱਬ’ ਚਮਕਾਉਣ ਦੀ ਵੀ ਜਾਚ ਹੈ। ਸ਼ਾਇਦ ਹੀ ਉਸ ਨੂੰ ਆਪਣੀ ਕਦੇ ਜੀਵਨੀ ਲਿਖਣ ਦੀ ਲੋੜ ਪਵੇ। ਉਸ ਨੂੰ ਪਾਣੀ ਉੱਪਰ ਤੁਰਨ ਦੀ ਕਲਾ ਆਉਂਦੀ ਹੈ ਜਾਂ ਕਹਿ ਲਓ ਕਿ ਉਸਨੂੰ ਸੱਚਮੁੱਚ ਹੀ ਜਿਉਣਾ ਆਉਂਦਾ ਹੈ, ਇਸ ਲਈ ਉਹ ‘ਜਿਉਣ ਦੀ ਕਲਾ’ ਦੀ ਲੋੜ ਨਹੀਂ ਸਮਝਦਾ।

ਗੁਰਪ੍ਰੀਤ ਨੇ ਕਵਿਤਾ ਰਾਹੀਂ ਘਰ ਅੰਦਰ ਤੇ ਘਰੋਂ ਬਾਹਰ ਬਹੁਤ ਖ਼ੂਬਸੂਰਤ ਨਾਤੇ ਜੋੜੇ ਹਨ। ਇਨ੍ਹਾਂ ਰਿਸ਼ਤਿਆਂ ਨੂੰ ਉਹ ਪੂਰੀ ਸ਼ਿੱਦਤ ਨਾਲ ਜਿਊਂਦਾ ਤੇ ਨਿਭਾਉਂਦਾ ਹੈ। ਕਦੇ ਕਦੇ ਇੰਝ ਵੀ ਲਗਦਾ ਹੈ ਕਿ ਜਿਵੇਂ ਉਹ ਕਵਿਤਾ ਦੇ ਸਾਹੀਂ ਜਿਉਂਦਾ ਹੈ ਤੇ ਕਵਿਤਾ ਉਸਦੇ ਸਾਹੀਂ ਜਿਉਂਦੀ ਹੈ।

ਉਹ ਨਿਸ਼ਚੇ ਹੀ ਮਾਨਸੇ ਦਾ ਛੰਦਮੁਕਤ ਗੀਤ ਹੈ। ਉਸ ਦੀਆਂ ਕਵਿਤਾਵਾਂ ਨੂੰ ਮੈਂ ਵਾਰ ਵਾਰ ਪੜ੍ਹਦਾ ਹਾਂ। ਇਹ ਪੜ੍ਹਤ ਮੈਨੂੰ ਆਪਣੇ ਆਪ ਨਾਲ, ਆਪਣੇ ਆਲੇ-ਦੁਆਲੇ ਨਾਲ ਤੇ ਕੁੱਲ ਕਾਇਨਾਤ ਨਾਲ ਜੋੜਦੀ ਹੈ। ਉਹਦੇ ਸ਼ਬਦ ਮੇਰੇ ਕੋਲ ਹਵਾ ਦੇ ਠੰਡੇ ਰੁਮਕਿਆਂ ਵਾਂਗ ਆਉਂਦੇ ਹਨ ਤੇ ਮੈਨੂੰ ਸਕੂਨ ਦਿੰਦੇ ਹਨ। ਉਸਦੀ ਕਵਿਤਾ ਪੜ੍ਹਦਿਆਂ ਮੈਨੂੰ ਆਪਣਾ ਆਪ ਕਵੀ ਲੱਗਣ ਲੱਗ ਪੈਂਦਾ ਹੈ। ਇਸ ਤਰ੍ਹਾਂ ਮੇਰਾ, ਮੇਰੇ ਨਾਲ ਹੀ ਜੀਕਣ ਮੇਲ ਹੋ ਜਾਂਦਾ ਹੈ। ਕੰਮਬਖ਼ਤ! ਪਤਾ ਨਹੀਂ ਕਿਹੋ ਜਿਹੀ ‘ਸਿਆਹੀ’ ਘੋਲ਼ ਕੇ ਲਿਖਦਾ ਹੈ ਕਿ ਦਿਨੋ ਦਿਨ ਉਸਦੇ ਉੱਕਰੇ ਹਰਫ਼ ਮੇਰੇ ਅੰਦਰ ਹੋਰ ਗੂੜ੍ਹੇ ਹੋਈ ਜਾਂਦੇ ਹਨ।

ਉਸ ਦੀਆਂ ਸਿਰਜੀਆਂ ਸਪੇਸਾਂ ਵਿੱਚ ਬਹੁਤ ਡੂੰਘੇ ਭਾਵ ਛੁਪੇ ਹੁੰਦੇ ਹਨ। ਰੇਖਾਂਕਣਾਂ ਵਿੱਚੋਂ ਕਿੰਨੇ ਹੀ ਨਾਇਕ/ਪਾਤਰ ਉਜਾਗਰ ਹੋ ਜਾਂਦੇ ਹਨ ਅਤੇ ਅਕਾਰਨ ਹੀ ਤੁਸੀਂ ਕਹਿ ਉੱਠਦੇ ਹੋ ‘ਵਾਹ!’ ਗੁਰਪ੍ਰੀਤ ਤੇਰੀ ‘ਓਕ’ ਵਿੱਚ ਪਾਣੀ ਨਹੀਂ ਜ਼ਿੰਦਗੀ ਦੀਆਂ ਬਹੁਤ ਸਾਰੀਆਂ ਤੇਹਾਂ ਸਮਾਈਆਂ ਹੋਈਆਂ ਹਨ। ਤੇਰੀ ਕਵਿਤਾ ਵਿੱਚ ‘ਲਿਖਣਸਰ’ ਵਰਗੀ ਪਾਕ ਸੁਹਬਤ ਹੈ, ਜਿੱਥੇ ਲਿਖੀ ਲਿਪੀ ਸਾਨੂੰ ਅਨੰਤ ਦੇ ਸਫ਼ਰ ’ਤੇ ਲੈ ਤੁਰਦੀ ਹੈ। ਇਹ ਕਵਿਤਾ ਰੋਜ਼ਮੱਰਾ ਦੀਆਂ ਲੋੜਾਂ, ਜ਼ਰੂਰਤਾਂ ਸਮੇਤ ਰਾਸ਼ਨ ਦੀ ਸੂਚੀ ਤੋਂ ਲੈ ਕੇ ਚਿੱਠੀਆਂ ਭਰੇ ਝੋਲੇ ਤੱਕ ਅਣਗਿਣਤ ਯਾਦਾਂ ਆਪਣੀ ਬੁੱਕਲ ਵਿੱਚ ਸਮੇਟਦੀ ਹੋਈ ਸਾਡੇ ਧੁਰ ਅੰਦਰਲੀਆਂ ਜੜ੍ਹਾਂ ਤੱਕ ਫੈਲੀ ਹੋਈ ਹੈ। ਸ਼ਾਲਾ! ਤੇਰੀ ਕਵਿਤਾ ਦੇ ਟਾਹਣ, ਫੁੱਲਾਂ, ਪੱਤਿਆਂ, ਹਾਸਿਆਂ, ਦੁੱਖਾਂ-ਸੁੱਖਾਂ ਦੇ ਪਲਾਂ-ਛਿਣਾਂ ਦੀ ਮਾਰਮਿਕਤਾ ਤੱਕ ਵਿਸ਼ਾਲ ਹੋ ਕੇ ਫੈਲਦੇ ਰਹਿਣ।

ਮੈਂ ਉਸ ਬਾਰੇ ਲਿਖਣ ਲੱਗਿਆਂ ਉਸ ਦੀ ਅਪਣੱਤ ਨੂੰ ਮੱਦੇਨਜ਼ਰ ਰੱਖਦਿਆਂ ਸ਼ੁਰੂ ਵਿੱਚ ਕੁਝ ਬੋਲ ਕਹੇ ਸਨ, ਹੁਣ ਮੈਨੂੰ ਲਗਦਾ ਹੈ ਕਿ ਮੈਂ ਉਹਦੀ ਕਵਿਤਾ ਰਾਹੀਂ ਆਪਣੇ ਆਪ ਨੂੰ ਜਾਣਨ ਲਈ ਹੀ ਕੁਝ ਅਜਿਹਾ ਮਹਿਸੂਸ ਕੀਤਾ ਹੈ ਕਿ ਗੁਰਪ੍ਰੀਤ ਦੀ ਕਵਿਤਾ ਦਾ ਕੋਈ ਇੱਕ ਸਿਰਾ ਨਹੀਂ ਹੈ। ਉਸ ਨੂੰ ਕਿਸੇ ਵੀ ਸਿਰੇ ਤੋਂ ਜਾਂ ਕਿਸੇ ਵੀ ਜਾਵੀਏ ਤੋਂ ਦੇਖਿਆ ਜਾਵੇ, ਉਹ ਮੁਕੰਮਲ ਨਜ਼ਰ ਆਉਂਦੀ ਹੈ। ਅਜਿਹੀ ਕਵਿਤਾ ਬਾਰੇ ਬਹੁਤ ਕੁਝ ਕਹਿਣ ’ਤੇ ਵੀ ਬਹੁਤ ਕੁਝ ਅਣਕਿਹਾ ਹੀ ਰਹਿ ਜਾਵੇਗਾ। ਪੜ੍ਹਦਿਆਂ-ਪੜ੍ਹਦਿਆਂ ਉਹਦੇ ਸ਼ਬਦ ਪਾਰਦਰਸ਼ੀ ਹੋ ਜਾਂਦੇ ਹਨ। ਉਹਦੇ ਸ਼ਬਦ ਪਾਠਕਾਂ ਦੇ ਮਨ ਮਸਤਕ ਅੰਦਰ ਆਲ੍ਹਣਾ ਪਾ ਲੈਂਦੇ ਹਨ, ਜਿੱਥੋਂ ਨਵੇਂ ਅਰਥਾਂ ਦੇ ਪੰਛੀ ਚਹਿਕਦੇ, ਗੁਟਕਦੇ ਤੇ ਪਰ ਤੋਲਦੇ ਹਨ। ਉਹਦੀ ਕਵਿਤਾ ਬਾਰੇ ਮੁੰਦਾਵਣੀ ਲਿਖਦਿਆਂ ਮੈਨੂੰ ਫਿਰ ਅਜਮੇਰ ਰੋਡੇ ਦੇ ਕਹੇ ਬੋਲ ਵਰਤਣੇ ਪੈ ਰਹੇ ਹਨ, “ਗੁਰਪ੍ਰੀਤ ਦੀਆਂ ਕਵਿਤਾਵਾਂ ਨੂੰ ਕਿਸੇ ਤਰਤੀਬ ਵਿੱਚ ਪੜ੍ਹਨ ਦੀ ਲੋੜ ਨਹੀਂ। ਆਦਿ ਗ੍ਰੰਥ ਵਿੱਚੋਂ ਵਾਕ ਲੈਣ ਵਾਂਗ ਪੁਸਤਕ ਕਿਤੇ ਵੀ ਖੋਲ੍ਹੀ ਜਾ ਸਕਦੀ ਹੈ। ਹਰ ਕਵਿਤਾ ਆਪਣਾ ਸੁਤੰਤਰ ਅਨੁਭਵ ਪੇਸ਼ ਕਰਦੀ ਹੈ। ਆਧੁਨਿਕ ਨਿੱਕੀ ਕਵਿਤਾ ਦੀ ਇਹੋ ਖ਼ੂਬੀ ਹੈ।”

# ਸ਼ਾਹਸਵਾਰ

## ਨਾਵਲ

**ਜਸਵੀਰ ਸਿੰਘ ਸ਼ੀਰੀ**
**ਫੋਨ: +91-6280574657**

***ਇੱਕ ਅਰਸੇ ਤੋਂ ਲੀਡਰਸ਼ਿਪ ਪੰਜਾਬ ਦੇ ਲੋਕਾਂ, ਖਾਸ ਕਰਕੇ ਜਵਾਨੀ ਨੂੰ ਝਕਾਨੀ ਦਿੰਦੀ ਰਹੀ ਹੈ। ਆਪਣੇ ਹਾਣ ਦੀ ਅਗਵਾਈ ਲਈ ਕਿਸੇ ਸਮਰੱਥ ਆਗੂ ਵਾਸਤੇ ਤਰਸੇਵਾਂ ਪੰਜਾਬ ਦੇ ਮੁੰਡਿਆਂ ਨੂੰ ਇੱਕ ਜਾਂ ਦੂਜੇ ਰਾਹੇ/ਕੁਰਾਹੇ ਭਟਕਾਉਂਦਾ ਰਿਹਾ ਹੈ। ਗੁਰੂ ਇਤਿਹਾਸ ਨੇ ਪੰਜਾਬ ਦੀ ਜ਼ਮੀਨ ਵਿੱਚ ਬਹੁਤ ਵੱਡੇ ਆਦਰਸ਼ਾਂ ਦੇ ਬੀਜ ਬੀਜੇ ਹਨ। ਆਪਣੇ ਇਤਿਹਾਸ ਵਿੱਚ ਬੀਜੇ ਆਦਰਸ਼ ਆਪਣੇ ਅਸਲ ਨਾਇਕਾਂ ਦੀ ਤਾਲਾਸ਼ ਵਿੱਚ ਸਦਾ ਪੰਜਾਬ ਦੀ ਜਵਾਨੀ ਨੂੰ ਬੇਚੈਨ ਰੱਖਦੇ ਹਨ। ਮੀਡੀਆ ਖੇਤਰ ਨਾਲ ਪਿਛਲੇ ਲੰਮੇ ਸਮੇਂ ਤੋਂ ਜੁੜੇ ਹੋਏ ਲੇਖਕ ਜਸਵੀਰ ਸਿੰਘ ਸ਼ੀਰੀ ਨੇ ਇਸ ਨਾਵਲ ਵਿੱਚ ਪੰਜਾਬ ਦੀ ਇਸ ਬੇਚੈਨ ਆਤਮਾ ਨੂੰ ਹੀ ਸੰਬੋਧਨ ਹੋਣ ਦੀ ਕੋਸ਼ਿਸ਼ ਕੀਤੀ ਹੈ। ਇਹ ਨਾਵਲ ਅਸੀਂ ਕਿਸ਼ਤ-ਦਰ-ਕਿਸ਼ਤ ਪ੍ਰਕਾਸ਼ਿਤ ਕਰ ਰਹੇ ਹਾਂ...***

ਐਤਵਾਰ ਦਾ ਪੂਰਾ ਦਿਨ ਵੀਰਦੀਪ ਘਰੇ ਰਿਹਾ। ਰੂੜੀ ਦੀ ਖਾਦ ਵਾਹਣਾਂ ਵਿੱਚ ਢੇਰੀ ਕੀਤੀ ਹੋਈ ਸੀ। ਕਰਮਾ, ਉਨ੍ਹਾਂ ਦਾ ਨੌਕਰ ਅਸ਼ੀਸ਼ ਅਤੇ ਇੱਕ ਹੋਰ ਮਜ਼ਦੂਰ ਖਾਦ ਖਿੰਡਾਉਣ ਲੱਗੇ। ਸਵੇਰੇ 9 ਕੁ ਵਜੇ ਹੀ ਧੁੱਪ ਕਾਫੀ ਤੇਜ਼ ਹੋ ਗਈ ਸੀ। ਵੀਰਦੀਪ ਸੰਦਾਂ ਵਾਲੇ ਕਮਰੇ ਵਿੱਚ ਗਿਆ ਅਤੇ ਛਾਂਟ ਕੇ ਇੱਕ ਚੰਗੀ ਤੇ ਚੌੜੀ ਜਿਹੀ ਕਹੀ ਚੁੱਕੀ ਅਤੇ ਕਰਮੇ ਹੁਰਾਂ ਨਾਲ ਖਾਦ ਖਿਲਾਰਨ ਲੱਗ ਪਿਆ।

'ਤੂੰ ਕਾਹਨੂੰ ਧੁੱਪ 'ਚ ਰੜ੍ਹਨਾ ਵੀਰਦੀਪ, ਅਸੀਂ ਕਰ ਲੈਨੇ ਆਂ, ਤੂੰ ਜਾਹ ਘਰ ਨੂੰ ਸਾਨੂੰ ਪਾਣੀ ਪੂਣੀ ਪਿਆਈ ਚੱਲ।' ਕਰਮੇ ਨੇ ਆਵਾਜ਼ ਦਿੱਤੀ।

'ਅਸੀਂ ਤੇ ਧੁੱਪ ਧੌਲ ਤੇ ਖੁੱਲ੍ਹੇ ਵਾਤਾਵਰਣ ਨੂੰ ਤਰਸ ਜਾਈਦਾ ਚਾਚਾ। ਕਮਰਿਆਂ 'ਚ ਵੜੇ ਰਹੀਦਾ ਸ਼ਹਿਰ 'ਚ। ਬੈਠੇ ਵੀ ਅੱਕ ਜਾਂਦੇ ਹਾਂ। ਕਰ ਲੈਣ ਦਿਓ ਮੈਨੂੰ ਵੀ ਰੂਹ ਰਾਜ਼ੀ, ਨਾਲੇ ਸਰੀਰ ਖੁੱਲ੍ਹ ਜੂ ਬਹਾਨੇ ਨਾਲ' ਵੀਰਦੀਪ ਨੇ ਉੱਤਰ ਦਿੱਤਾ।

'ਚਲ ਤੇਰੀ ਮਰਜ਼ੀ' ਕਰਮਾ ਇੰਨਾ ਆਖ ਕੇ ਚੁੱਪ ਕਰ ਗਿਆ। ਆਪਣੇ ਅੰਦਰਲੀ ਅਸੀਮ ਖੁਸ਼ੀ ਉਹਨੇ ਜ਼ਾਹਰ ਨਾ ਹੋਣ ਦਿੱਤੀ। ਪੁੱਤ ਹੁਣ ਬਰਾਬਰ ਕੰਮ ਕਰਵਾਉਣ ਜੋਗਾ ਹੋ ਗਿਆ ਸੀ। ਵੀਰਦੀਪ ਨੇ ਐਤਵਾਰ ਦਾ ਸਾਰਾ ਦਿਨ ਕਰਮੇ ਹੋਰਾਂ ਨਾਲ ਖੇਤਾਂ ਵਿੱਚ ਖਾਦ ਖਿਲਾਰੀ। ਉਹ ਦੋਂਹ ਬੰਦਿਆਂ ਜਿੰਨਾ ਕੰਮ ਕਰਦਾ ਰਿਹਾ। ਕਰਮੇ ਲਈ ਇਹ ਦੂਹਰੀ ਖੁਸ਼ੀ ਸੀ, ਮੁੰਡਾ ਲਾਇਕ ਵਕੀਲ ਸੀ, ਤੇ ਆਪਣੇ ਖੇਤਾਂ ਵਿੱਚ ਜਾਨ ਮਾਰ ਕੇ ਕੰਮ ਵੀ ਕਰ ਸਕਦਾ ਸੀ। ਕਰਮਾਂ ਹੁਣ ਆਪਣੇ ਪਰਿਵਾਰ ਦੇ ਭਵਿੱਖ ਬਾਰੇ ਨਿਸ਼ਚਿੰਤ ਹੋਣ ਲੱਗਾ ਸੀ। ਵੀਰਦੀਪ ਸਮਰੱਥ ਵਾਰਸ ਬਣ ਕੇ ਉਭਰ ਆਇਆ ਸੀ। ਨਿੱਕੇ ਹੁੰਦਿਆਂ ਵੀਰਦੀਪ ਨਵਜੋਤ ਨੂੰ ਲਾਡ-ਲਾਡ 'ਚ ਕਿਹਾ ਕਰਦਾ ਸੀ, 'ਤੁਸੀਂ ਜਦੋਂ ਮਰ ਗਏ, ਚਾਚੀ ਮੈਂ ਥੋਨੂੰ ਫੂਕਣਾ ਨ੍ਹੀਂ, ਆਪਣੇ ਖੇਤਾਂ ਵਿੱਚ ਦੱਬ ਦੇਣਾ, ਥੋਡੇ ਗਲ਼ਾਂ ਵਿੱਚ ਸੋਨੇ ਦੇ ਤਮਗੇ ਪਾ ਕੇ। ਕਦੀ ਕਦੀ ਥੁਆਡੇ ਸਿਰਹਾਣੇ ਬੈਠ ਕੇ ਗੱਲਾਂ ਕਰਿਆ ਕਰੂੰ।'

ਉਹਦੀ ਗੱਲ ਸੁਣ ਕੇ ਨਵਜੋਤ ਦੀਆਂ ਅੱਖਾਂ ਵਿੱਚ ਹੰਝੂ ਆ ਜਾਂਦੇ। ਕਰਮਾ ਹੱਸਣ ਲਗਦਾ। ਕਈ ਦੇਰ ਤੱਕ ਉਹ ਵੀਰਦੀਪ ਨੂੰ ਛੇੜ ਛੇੜ ਕੇ ਹੱਸਦੇ ਰਹਿੰਦੇ। ਉਹਦਾ ਖੇਤਾਂ ਤੇ ਕੰਮ ਨਾਲ ਲਗਾਓ ਵੇਖ ਕੇ ਹੁਣ ਕਰਮੇ ਨੂੰ ਲਗਦਾ ਕਿ ਉਹ ਸੱਚ-ਮੁੱਚ ਇਦਾਂ ਹੀ ਕਰੇਗਾ। 'ਹੋਰ ਜੋ ਮਰਜ਼ੀ ਕਰਦੀਂ ਵੀਰੂ, ਫੂਕੀਂ ਚਾਹੇ ਦੱਬੀਂ, ਮਰਨ ਤੋਂ ਬਾਅਦ ਮੈਨੂੰ ਨੁਹਾਈਂ ਨਾ। ਮੈਂ ਸਾਰਿਆਂ ਸਾਹਮਣੇ ਨੰਗਾ ਹੋਣ ਤੋਂ ਬੜਾ ਡਰਦਾਂ' ਕਰਮਾਂ ਉਹਨੂੰ ਆਖਦਾ। 'ਜਿਵੇਂ ਕਹੇਂ ਚਾਚਾ, ਉਦੋਂ ਤਾ ਤੇਰੀਓ ਵਸੀਅਤ ਚੱਲੂ' ਵੀਰਦੀਪ ਉੱਤਰ ਦਿੰਦਾ। ਇੱਦਾਂ ਦੀਆਂ ਹਲਕੀਆਂ ਫੁਲਕੀਆਂ ਮਾਰਦਿਆਂ ਨੂੰ ਨਵਜੋਤ ਉਨ੍ਹਾਂ ਨੂੰ ਨਿਹਾਰਦੀ ਰਹਿੰਦੀ, ਆਪਣੀਆਂ ਛਾਤੀਆਂ ਨੂੰ ਪਿਆਰ ਨਾਲ ਪਲੋਸਦੀ, ਕਿੰਨਾ ਲਾਇਕ ਮੁੰਡਾ ਪਾਲ ਕੇ ਜਵਾਨ ਕੀਤਾ ਤੂੰ' ਉਹ ਆਪਣੇ ਆਪ ਨੂੰ ਆਖਦੀ।

ਸਾਰਾ ਐਤਵਾਰ ਜ਼ੋਰ ਦੇ ਕੰਮ ਵਿੱਚ ਗੁਜ਼ਰ ਗਿਆ। ਅੱਜ ਵੀਰਦੀਪ ਨੇ ਆਪਣੇ ਸਰੀਰ ਨੂੰ ਇੱਕ ਵਾਰ ਫਿਰ ਜੋਹ ਲਿਆ ਸੀ। ਉਹਨੂੰ ਲੱਗਾ, 'ਝੋਟੇ ਜਿੰਨਾ ਜ਼ੋਰ ਹੈ ਮੇਰੇ 'ਚ ਹਾਲੇ ਵੀ।' ਕੁਝ ਦੇਰ ਤੋਂ ਉਹਨੂੰ ਲਗਣ ਲੱਗਾ ਸੀ ਕਿ ਵਕਾਲਤ ਉਹਨੂੰ ਸੋਹਲ ਕਰ ਦੇਵੇਗੀ। ਥਕਾਵਟ ਕਾਰਨ ਰਾਤੀਂ ਉਹ ਜਲਦੀ ਸੌਂ ਗਿਆ ਅਤੇ ਸਵੇਰੇ ਸਵਖਤੇ ਹੀ ਉਹਨੇ ਬੈਗ ਚੁੱਕਿਆ ਤੇ ਸ਼ਹਿਰ ਵੱਲ ਤੁਰ ਪਿਆ। ਰਸਤੇ ਵਿੱਚ ਉਹਨੂੰ ਯਾਦ ਆਇਆ, ਅੱਜ 18 ਮਈ ਹੈ। ਸਿਮਰਨ ਨੇ ਸ਼ਹਿਰ ਆਉਣ ਸੀ ਦਿਲਬਾਗ ਨੂੰ ਮਿਲਣ। ਉਹਨੇ ਸੋਚਿਆ 12 ਕੁ ਵਜੇ ਪਹੁੰਚਣਗੇ ਦੋਨੋ। ਆਪਣੇ ਉਸਤਾਦ ਤੋਂ ਉਹਨੇ ਅੱਧੇ ਦਿਨ ਦੀ ਛੁੱਟੀ ਲੈ ਲਈ। ਦਿਲਬਾਗ ਗੱਡੀ 'ਤੇ ਆਇਆ ਸੀ। ਉਹ ਗਿਆਰਾਂ ਕੁ ਵਜੇ ਹੀ ਪਹੁੰਚ ਗਿਆ। ਸਿਮਰਨ ਅੱਧਾ ਕੁ ਘੰਟਾ ਲੇਟ ਆਈ। ਕੁਝ ਦੇਰ ਉਹ ਕੈਬਨ ਵਿੱਚ ਬੈਠੇ ਰਹੇ, ਫਿਰ ਵੀਰਦੀਪ ਨੇ ਆਪਣੇ ਉਸਤਾਦ ਤੋਂ ਛੁੱਟੀ ਲਈ ਅਤੇ ਤਿੰਨੋ ਵੀਰਦੀਪ ਵਾਲੇ ਕਮਰੇ ਵਿੱਚ ਚਲੇ ਗਏ। ਸਿਮਰਨ ਦਾ ਰੰਗ ਰੂਪ ਪਹਿਲਾਂ ਵਰਗਾ ਹੀ ਸੀ, ਪਰ ਸਰੀਰ ਤੋਂ ਥੋੜ੍ਹੀ ਭਾਰੀ ਹੋ ਗਈ ਸੀ। ਇੰਨੇ ਨਾਲ ਉਹ ਜਚਣ ਲੱਗੀ। ਕਾਲਜ ਵੇਲੇ ਹੱਦੋਂ ਵੱਧ ਪਤਲੀ ਹੁੰਦੀ ਸੀ। ਦਿਲਬਾਗ ਨੇ ਉਹਨੂੰ ਧਿਆਨ ਨਾਲ ਵੇਖਿਆ। ਅੱਖਾਂ ਹੇਠ ਹਲਕੇ ਕਾਲੇ ਘੇਰੇ ਪੈ ਗਏ ਸਨ, ਇਹ ਸੁਰਮਾ ਪਾਏ ਹੋਣ ਦਾ ਭਲੇਖਾ ਪਾਉਂਦੇ। ਹੇਠਲੀਆਂ ਪਲਕਾਂ 'ਚੋਂ ਡੁੱਲ੍ਹਦੀ ਚਮਕ ਨੂੰ ਇਹ ਅਸਲੀ ਸੁਰਮਾ ਹੋਰ ਖੂਬਸੂਰਤ ਬਣਾ ਰਿਹਾ ਸੀ।

ਦਿਲਬਾਗ ਤੇ ਵੀਰਦੀਪ ਵੀ ਹੁਣ ਛੋਹਰ ਨਹੀਂ ਸਨ ਰਹੇ, ਜਿਸ ਤਰ੍ਹਾਂ ਦੇ ਉਹ ਕਾਲਜ ਵਿੱਚ ਹੁੰਦੇ ਸਨ। ਉਨ੍ਹਾਂ ਦੇ ਹੱਡ ਪੈਰ ਅਤੇ ਚਿਹਰੇ ਪੱਕੜ ਹੋ ਗਏ ਸਨ। ਦਿਲਬਾਗ ਦਾ ਰੰਗ ਥੋੜ੍ਹਾ ਸਾਫ ਹੋ ਗਿਆ ਲਗਦਾ ਸੀ, ਪਰ ਵੀਰਦੀਪ ਪਹਿਲਾਂ ਵਰਗਾ ਹੀ ਸੀ। ਗੱਡੀ ਵਿੱਚ ਤਾਂ ਉਨ੍ਹਾਂ ਵਿਚਾਲੇ ਰਸਮੀਂ ਗੱਲਬਾਤ ਹੀ ਹੋਈ, ਕਮਰੇ ਵਿੱਚ ਆਣ ਕੇ ਉਹ ਆਪਸ ਵਿੱਚ ਕੁਝ ਖੁੱਲ੍ਹਣ ਲੱਗੇ।

'ਦੱਸੋ ਭੈਣਜੀ ਫਿਰ ਮਿਲਣ ਦਾ ਰਾਜ, ਥੁਆਡੇ ਸਾਹਮਣੇ ਬਿਠਾ ਦਿੱਤਾ ਆਪਾਂ ਪੌਣੇ ਛੇ ਫੁੱਟ ਦਾ ਜਵਾਨ' ਵੀਰਦੀਪ ਨੇ ਸਿਮਰਨ ਨੂੰ ਮਜ਼ਾਕ ਨਾਲ ਕਿਹਾ।

'ਕਹੋਂ ਤਾਂ ਮੈਂ ਬਾਹਰ ਚਲਾ ਜਾਨਾਂ, ਖਾਣ ਪੀਣ ਲਈ ਫੜ ਲਿਆਉਨਾਂ ਕੁਝ।' ਵੀਰਦੀਪ ਨੇ ਉਨ੍ਹਾਂ ਦੀ ਸਲਾਹ ਪੁੱਛੀ।

'ਨਹੀਂ ਵੀਰਦੀਪ ਇੱਦਾਂ ਦੀ ਕੋਈ ਗੱਲ ਨ੍ਹੀਂ, ਤੂੰ ਵੀ ਬਹਿ ਜਾ ਕੋਲੇ, ਤੂੰ ਸਾਡਾ ਗਵਾਹ ਵੀ ਬਣਨਾ' ਸਿਮਰਨ ਨੇ ਦਲੀਲ ਦਿੱਤੀ।

'ਗਵਾਹ ਨ੍ਹੀਂ, ਵਿਚੋਲਾ ਕਹੋ' ਵੀਰਦੀਪ ਨੇ ਸਿਮਰਨ ਨੂੰ ਸਹੀ ਕਰਨ ਦਾ ਯਤਨ ਕੀਤਾ।

'ਗਵਾਹ ਈ ਠੀਕ ਆ ਵੀਰਦੀਪ, ਕਿਉਂਕਿ ਵਿਆਹ ਤਾਂ ਸਾਡਾ ਮੁਸ਼ਕਲ ਹੈ' ਦਿਲਬਾਗ ਨੇ ਆਪਣੇ ਵੱਲੋਂ ਸਿਮਰਨ ਦੇ ਸ਼ਬਦ ਦੀ ਪੁਸ਼ਟੀ ਕੀਤੀ।

'ਵਿਆਹ ਲਈ ਤਾਂ ਮੈਂ ਹਾਲੇ ਕੋਈ ਮਤਾ ਈ ਨ੍ਹੀਂ ਪੇਸ਼ ਕੀਤਾ, ਇਹ ਕਿੱਥੋਂ ਆ ਗਿਆ ਵਿਚਾਲੇ' ਸਿਮਰਨ ਹੁਣ ਦੋਹਾਂ ਮੁੰਡਿਆਂ ਨੂੰ ਘੇਰਨ ਦਾ ਯਤਨ ਕਰ ਰਹੀ ਸੀ।

'ਫਿਰ ਵੀ ਕੋਈ ਏਜੰਡਾ ਤਾਂ ਹੋਊ ਮਿਲਣ ਦਾ' ਵੀਰਦੀਪ ਸਿਆਸਤਦਾਨਾਂ ਵਾਲੀ ਭਾਸ਼ਾ ਬੋਲ ਰਿਹਾ ਸੀ।

'ਕਾਲਜ ਵਾਲੀ ਸਿਆਸਤ ਗਈ ਨ੍ਹੀਂ ਹਾਲੇ ਤੁਹਾਡੇ ਹੱਡਾਂ 'ਚੋਂ, ਏਜੰਡੇ ਨੂੰ ਮੈਂ ਕਿਹੜਾ ਤੁਹਾਡੀ ਪਾਰਟੀ ਦੀ ਮੀਟਿੰਗ ਬੁਲਾਈ ਆ' ਸਿਮਰਨ ਗਹਿਰੇ ਵਿਅੰਗ ਕਰਨੇ ਸਿੱਖ ਗਈ ਸੀ।


ਇੰਨੇ ਨੂੰ ਵੀਰਦੀਪ ਚਾਹ ਬਣਾ ਲਿਆਇਆ। ਉਹਨੇ ਟੇਬਲ 'ਤੇ ਚਾਹ ਰੱਖ ਦਿੱਤੀ, ਨਾਲ ਬਿਸਕੁਟਾਂ ਦਾ ਡੱਬਾ ਅਤੇ ਲਾਗੇ ਪਏ ਮੰਜੇ 'ਤੇ ਬੈਠ ਗਿਆ। ਦਿਲਬਾਗ ਅਤੇ ਸਿਮਰਨ ਨੇ ਕੁਰਸੀਆਂ ਮੱਲ ਲਈਆਂ ਸਨ।

'ਮੈਂ ਤੇ ਤੈਨੂੰ ਦਿਲਬਾਗ ਚੰਗੀ ਤਰ੍ਹਾਂ ਵੇਖਣ ਆਈ ਆਂ, ਕਿ ਪਹਿਲਾਂ ਨਾਲੋਂ ਤੇਰਾ ਹੁਣ ਕੀ ਬਦਲ ਗਿਐ। ਸਕੂਲ ਜਾਂਦੇ ਤਾਂ ਬਸ ਇੰਨਾ ਕੁ ਪਤਾ ਲਗਦਾ ਬਈ ਸੁੱਖ ਨਾਲ ਜਿਉਂਦੇ ਜਾਗਦੇ ਹੋ। ਹਰ ਸਵੇਰ ਮੇਰੀ ਇਹ ਉਤਸੁਕਤਾ ਹੁੰਦੀ ਕਿ ਕਿਧਰੇ ਤੁਰਦੇ ਫਿਰਦੇ ਦਿਸ ਜਾਣ। ਮੇਰੀ ਡਿਊਟੀ ਵੀ ਵੀਰਦੀਪ ਨੇ ਇੰਨੀ ਕੁ ਈ ਲਗਾਈ ਸੀ।' ਕੁੜੀ ਨੇ ਆਪਣੀ ਵਿਆਖਿਆ ਦਿੱਤੀ। ਦਿਲਬਾਗ ਸੁਣਦਾ ਰਿਹਾ, ਹੁੰਘਾਰਾ ਦਿੰਦਾ ਰਿਹਾ।

ਹੁਣ ਵੀਰਦੀਪ ਨੇ ਦਖਲ ਦਿੱਤਾ, 'ਸਿਮਰਨ ਗੱਲ ਸਿਰਫ ਡਿਊਟੀ ਤੱਕ ਈ ਸੀਮਤ ਤੇ ਨ੍ਹੀਂ ਰਹੀ ਹੋਣੀ ਹੁਣ, ਥੋਡੇ ਦਿਲਾਂ ਵਿੱਚ ਵੀ ਕੁਝ ਪੁੰਗਰ ਆਇਆ ਲਗਦਾ।'

'ਤੂੰ ਚੁੱਪ ਰਹਿ ਵੀਰੂ, ਇਹਨੂੰ ਬੋਲਣ ਦੇ।' ਸਿਮਰਨ ਹੁਣ ਚਹਿਕਣ ਲੱਗੀ ਸੀ।

ਦਿਲਬਾਗ ਮਿੰਨ੍ਹਾ ਜਿਹਾ ਮੁਸਕਰਾਇਆ, ਥੋੜ੍ਹੀ ਦੇਰ ਚੁੱਪ ਰਿਹਾ। ਫਿਰ ਇੱਕ ਹਲਕੀ ਜਿਹੀ ਤਿਊੜੀ ਉਸ ਦੇ ਮੱਥੇ 'ਤੇ ਉਭਰੀ। ਉਹ ਭਾਸ਼ਣਾਂ/ਸ਼ਬਦਾਂ ਦੀਆਂ ਖੇਡਾਂ ਦਾ ਮਾਹਿਰ ਨਹੀਂ ਸੀ, ਔਖ ਜਿਹੀ ਨਾਲ ਸ਼ਬਦ ਇਕੱਠੇ ਕੀਤੇ,



'ਸਿਮਰਨ ਮੈਂ ਹੁਣ ਬਹੁਤ ਦੂਰ ਨਿਕਲ ਗਿਆਂ। ਮੇਰੀ ਜ਼ਿੰਦਗੀ ਇੱਕ ਹੋਰ ਰਾਹ 'ਤੇ ਤੁਰ ਪਈ ਹੈ। ਜਿਹਨੂੰ ਆਪਣਾ ਸਮਾਜ ਔਝੜੇ ਤੁਰਨਾ ਮੰਨਦਾ। ਆਪਾਂ ਸ਼ਾਇਦ ਇਕੱਠੇ ਨਾ ਤੁਰ ਸਕੀਏ। ਤੂੰ ਆਮ ਜ਼ਿੰਦਗੀ 'ਚ ਸੈਟ ਹੋ ਗਈ ਏਂ। ਘਰਦੇ ਵੀ ਚਾਹੁੰਦੇ ਹੋਣਗੇ ਤੇਰੇ ਕਿ ਸਾਨੂੰ ਮੁੰਡਾ ਪ੍ਰੋਫੈਸਰ ਲੱਗਿਆ ਮਿਲੇ। ਹੁਣ ਤੇਰਾ ਕਿਧਰੇ ਹੋਰ ਵਿਆਹ ਕਰਵਾ ਲੈਣਾ ਈ ਠੀਕ ਆ।'

'ਵਿਆਹ ਵਾਲੀ ਗੱਲ ਤਾਂ ਮੈਂ ਹਾਲੇ ਵੀ ਨ੍ਹੀਂ ਕੀਤੀ' ਸਿਮਰਨ ਨੇ ਦਿਲਬਾਗ ਨੂੰ ਅੱਗੋਂ ਘੇਰਿਆ।

'ਹੋਰ ਫਿਰ ਤੂੰ ਕੀ ਚਾਹੁੰਨੀ ਏਂ' ਦਿਲਬਾਗ ਹੁਣ ਸਿੱਧਾ ਹੋ ਗਿਆ ਸੀ।

'ਮੈਂ ਚਾਹੁੰਨੀ ਆ ਕਿ ਤੂੰ ਇਸ ਰਾਹ ਤੋਂ ਵਾਪਸ ਪਰਤ ਆ, ਜਿਸ 'ਤੇ ਵਾਹੋ ਦਾਹੀ ਭੱਜਿਆ ਜਾ ਰਿਹਾ ਏਂ' ਸਿਮਰਨ ਨੇ ਗੰਭੀਰ ਹੁੰਦਿਆਂ ਕਿਹਾ।

'ਇਹ ਕਿਉਂ ਚਾਹੁੰਦੀ ਏਂ ਤੂੰ' ਦਿਲਬਾਗ ਨੇ ਸਵਾਲ ਕੀਤਾ।

'ਮੇਰਾ ਦਿਲ ਕਹਿੰਦਾ ਕਿ ਇਹ ਗੱਲ ਤੈਨੂੰ ਕਹਾਂ, ਤੇਰੇ ਨੇੜੇ ਬੈਠ ਕੇ, ਪਿਆਰ ਨਾਲ, ਸ਼ਾਇਦ ਤੂੰ ਮੁੜ ਆਵੇਂ' ਸਿਮਰਨ ਨੇ ਸਪਸ਼ਟ ਕੀਤਾ।

'ਤੇਰੇ ਲਈ' ਦਿਲਬਾਗ ਨੇ ਦੋ ਅੱਖਰਾਂ ਵਿੱਚ ਸਵਾਲ ਪਾਇਆ।

'ਇਕੱਲੀ ਮੇਰੇ ਲਈ ਨਹੀਂ, ਆਪਣੇ ਮਾਪਿਆਂ ਲਈ, ਆਪਣੇ ਦੋਸਤ ਵੀਰਦੀਪ ਲਈ, ਜੇ ਮੈਨੂੰ ਤੂੰ ਕੁਝ ਸਮਝਦਾਂ ਤਾਂ ਮੇਰੇ ਲਈ ਵੀ।' ਕੁੜੀ ਹੁਣ ਸ਼ਬਦਾਂ ਨੂੰ ਢੁਕਵੇਂ ਅਰਥ ਦੇਣ ਦੀ ਮਾਹਿਰ ਹੋ ਗਈ ਸੀ।

ਦਿਲਬਾਗ ਸੋਚੀਂ ਪੈ ਗਿਆ। ਬਹਿਸ ਮੁਬਾਹਿਸੇ ਵਿੱਚ ਉਹ ਇੰਨਾ ਤੇਜ਼ ਨਹੀਂ ਸੀ, ਜਿੰਨੀ ਸਿਮਰਨ ਹੋ ਗਈ ਸੀ। ਉਹਨੇ ਵੀਰਦੀਪ ਨੂੰ ਆਵਾਜ਼ ਮਾਰੀ, 'ਵਕੀਲ ਸਾਹਿਬ ਤੁਸੀਂ ਕੱਢੋ ਕੋਈ ਹੱਲ, ਸਾਥੋਂ ਤਾਂ ਉਲਝ ਗਈ ਤਾਣੀ।'

'ਦਿਲਾਂ ਵਾਲੇ ਮਾਮਲੇ ਨ੍ਹੀਂ ਬਈ ਵਕੀਲਾਂ ਦੇ ਵੱਸ ਦੀ ਗੱਲ, ਇਹਦੇ ਲਈ ਲੱਭੋ ਕੋਈ ਹੋਰ ਕਾਜ਼ੀ ਕੋਤਲ, ਆਪਣੇ ਹੱਥ ਖੜੇ ਆ' ਵੀਰਦੀਪ ਨੇ ਬਾਹਾਂ ਉੱਪਰ ਚੁੱਕ ਕੇ ਆਖਿਆ।

ਦਿਲਬਾਗ ਉੱਠਿਆ ਤੇ ਉਹਨੇ ਵੀਰਦੀਪ ਨੂੰ ਖਿੱਚ ਕਿ ਆਪਣੇ ਨਾਲ ਬਿਠਾ ਲਿਆ, 'ਮੇਰੇ ਨਾਲ ਬੈਠ ਯਾਰ, ਮੇਰੀਆਂ ਦਲੀਲਾਂ ਮੁੱਕਦੀਆਂ ਜਾ ਰਹੀਆਂ, ਤੂੰ ਫੇਰ ਵੀ ਵਕੀਲ ਹੋਇਆ।'

'ਮੇਰੀ ਮੰਨੋਂ ਤਾਂ ਸਾਰਾ ਕੁਝ ਹਾਲੇ ਪੈਂਡਿੰਗ ਰਹਿਣ ਦੋ, ਵਕਤ ਨਾਲ ਆਪੇ ਸਾਰਾ ਕੁਝ ਠੀਕ ਹੋ ਜਾਣਾ, ਹਾਲੇ ਆਪਾਂ ਦਿਲਬਾਗ ਨੂੰ ਬਾਇੱਜ਼ਤ ਮੋੜਨ ਦੇ ਵੀ ਸਮਰੱਥ ਨੀਂ ਹੈਗੇ' ਵੀਰਦੀਪ ਨੇ ਆਖਿਆ। ਉਹਦੀ ਦਲੀਲ ਇੰਨੀ ਸੰਤੁਲਿਤ ਸੀ ਕਿ ਦੋਨੋਂ ਮੰਨ ਗਏ।

'ਤੂੰ ਆਪਣੇ ਰੋਕੇ ਦੇ ਲੱਡੂ ਕਦੋਂ ਖਵਾਉਣੇ ਵੀਰੂ' ਸਿਮਰਨ ਹੁਣ ਪਿਆਰ ਨਾਲ ਬੋਲੀ।

'ਤੁਸੀਂ ਲੈ ਕੇ ਆਉਣੇ ਸੀ' ਵੀਰਦੀਪ ਸਿਮਰਨ ਨੂੰ ਸੰਬੋਧਨ ਹੋਇਆ।

'ਰੋਕਾ ਤੇਰਾ ਹੋਇਆ, ਮੈਂ ਕਾਹਤੋਂ ਲੈ ਕੇ ਆਵਾਂ' ਸਿਮਰਨ ਨੇ ਹੈਰਾਨੀ ਵਿੱਚ ਹੱਥ ਝਟਕੇ।

'ਰੋਕੇ ਦੀ ਸਾਰੀ ਫਿਲਮ ਤਾਂ ਤੁਸੀ ਓਂ ਡਾਇਰੈਕਟ ਕੀਤੀ' ਵੀਰਦੀਪ ਦੇ ਡਾਇਲਾਗ ਨਾਲ ਕੁੜੀ ਹੱਸਣ ਲੱਗੀ।

'ਕੀਹਨੇ ਰੋਕ ਲਿਆ ਸਾਡਾ ਵੱਡਾ ਬਾਈ' ਦਿਲਬਾਗ ਨੂੰ ਹਾਲੇ ਕੁਝ ਵੀ ਪਤਾ ਨਹੀਂ ਸੀ।

'ਹਰਜੀਤ ਨੇ' ਸਿਮਰਨ ਵਿਚਾਲਿਓਂ ਬੋਲ ਪਈ।

'ਇਹ ਤੇ ਫਿਰ ਘਰ ਦੀ ਮੁਰਗੀ ਦਾਲ ਬਰਾਬਰ ਹੋਗੀ' ਦਿਲਬਾਗ ਦੇ ਬੋਲਾਂ ਨਾਲ ਸਾਰੇ ਖਿੜ ਖਿੜਾ ਕੇ ਹੱਸ ਪਏ।

'ਮੁਰਗੀ ਨ੍ਹੀਂ ਰਹੀ ਹੁਣ ਉਹ, ਪੀਂਘ ਵਰਗੀ ਕੁੜੀ ਨਿਕਲ ਆਈ' ਸਿਮਰਨ ਨੇ ਹਰਜੀਤ ਦਾ ਪੱਖ ਲਿਆ।

'ਫੇਰ ਤੇ ਸੱਚਮੁੱਚ ਦੀਆਂ ਵਧਾਈਆਂ ਹੋ'ਗੀਆਂ ਬਈ ਵੀਰਦੀਪ ਸਿਆਂ, ਲਿਆ ਛੇਤੀ ਦੇ ਕੇ ਲੱਡੂ, ਚੱਲੀਏ ਫੇਰ ਆਪਣੇ ਟਿਕਾਣਿਆਂ ਵੱਲ, ਕੁਵੇਲਾ ਨ੍ਹੀਂ ਠੀਕ ਹੁੰਦਾ' ਦਿਲਬਾਗ ਹੁਣ ਜਾਣ ਲਈ ਕਾਹਲਾ ਸੀ। ਵੀਰਦੀਪ ਨੇ 500 ਦਾ ਨੋਟ ਜੇਬ ਵਿੱਚੋਂ ਕੱਢਿਆ ਤੇ ਸਿਮਰਨ ਵੱਲ ਵਧਾਇਆ। 'ਲਓ ਪੈਸੇ ਤੇ ਲੱਡੂ ਤੁਸੀਂ ਰਾਹ 'ਚੋਂ ਲੈ ਕੇ ਖਾ ਲਿਓ।' ਸਿਮਰਨ ਨੇ ਪੈਸੇ ਫੜੇ ਨਾ।

'ਫੜ ਲੋ-ਫੜ ਲੋ, ਤੁਹਾਨੂੰ ਤੇ ਸ਼ਗਨ ਵੀ ਦੇਣਾ ਚਾਹੀਦਾ ਸੀ ਇਹਨੂੰ, ਹਾਲੇ ਤਾਂ ਸੂਟ ਪੈਂਡਿੰਗ ਪਿਆ ਹੋਣੈ ਵਿਚੋਲਣ ਦਾ' ਦਿਲਬਾਗ ਹੁਣ ਰੰਗ ਵਿੱਚ ਆ ਗਿਆ ਸੀ।

'ਸਿਮਰਨ ਨੂੰ ਬੱਸ ਸਟੈਂਡ 'ਤੇ ਉਤਾਰ ਜਾਵੀਂ ਦਿਲਬਾਗ ਜਾਂਦਾ ਹੋਇਆ' ਵੀਰਦੀਪ ਨੂੰ ਸੀ ਬਈ ਸਿਮਰਨ ਸਮੇਂ ਸਿਰ ਘਰ ਪਹੁੰਚ ਜਾਵੇ। ਪੰਜ ਵੱਜ ਚੁੱਕੇ ਸਨ, ਸਾਡੇ ਸੱਤ ਵਜੇ ਸੂਰਜ ਛਿਪ ਜਾਂਦਾ ਸੀ। ਸਮੇਂ ਸਿਰ ਬੱਸ ਮਿਲ ਜਾਵੇ ਤਾਂ ਕੁੜੀ ਟਾਈਮ ਨਾਲ ਘਰ ਪਹੁੰਚ ਸਕਦੀ ਸੀ।

---

ਦਿਲਬਾਗ ਹੋਰਾਂ ਦਾ ਘੋੜਿਆਂ ਤੇ ਮੱਝਾਂ ਦਾ ਵਪਾਰ ਹੁਣ ਕਾਫੀ ਰਿੜ੍ਹ ਪਿਆ ਸੀ। ਪੈਸੇ ਵੀ ਚੰਗੇ ਬਣਨ ਲੱਗ ਪਏ ਸਨ। ਅੰਬੇ ਨੂੰ ਨਾਲ ਲੈ ਕੇ ਦਿਲਬਾਗ ਇੱਕ ਦਿਨ ਨਵੇਂ ਸ਼ਹਿਰ ਵੱਲ ਨਿਕਲ ਗਿਆ। ਇਸ ਦਰਮਿਆਨ ਉਹ ਉਸ ਕਸਬੇ ਵਿੱਚ ਦੀ ਵੀ ਗੁਜ਼ਰੇ ਜਿੱਥੋਂ ਦਾ ਉਨ੍ਹਾਂ ਸੁਨਿਆਰਾ ਲੁੱਟਿਆ ਸੀ। ਸੁਨਿਆਰੇ ਦਾ ਸ਼ੋਅ ਰੂਮ ਪਹਿਲਾਂ ਨਾਲੋਂ ਵੀ ਵੱਡਾ ਹੋ ਗਿਆ ਸੀ। ਦਿਲਬਾਗ ਨੇ ਅੰਬੇ ਨੂੰ ਮੋਢਾ ਮਾਰਿਆ, ਵੇਖ ਲੈ ਅੰਬੇ ਇਹ ਉਹੋ ਸ਼ੋਅ ਰੂਮ ਹੈ ਜਿਹੜਾ ਆਪਾਂ ਲੁੱਟਿਆ ਸੀ। ਤੂੰ ਫਿਕਰ ਕਰਦਾ ਸੀ ਅਖੇ ਇਹਦਾ ਕੀ ਬਣੂ! ਇਹ ਹੁਣ ਪਹਿਲਾਂ ਨਾਲੋਂ ਵੀ ਵੱਡਾ ਹੋ ਗਿਆ ਹੈ। ਸਮੁੰਦਰ ਵਿੱਚੋਂ ਜੇ ਚਿੜੀ ਚੁੰਝ ਭਰ ਲਵੇ ਤਾਂ ਸਮੁੰਦਰ ਨੂੰ ਕੋਈ ਫਰਕ ਨ੍ਹੀਂ ਪੈਂਦਾ। ਇਵੇਂ ਜ਼ਿੰਦਗੀ ਹੈ। ਸ੍ਰਿਸ਼ਟੀ ਏਨੀ ਵਿਸ਼ਾਲ ਹੈ ਕਿ ਸਾਡੇ ਨਿੱਕੇ ਨਿੱਕੇ ਕਰਮ ਉਸ ਵਿੱਚ ਕੋਈ ਬਹੁਤਾ ਵੱਡਾ ਡੈਂਟ ਨਹੀਂ ਪਾਉਂਦੇ। ਕੁਦਰਤ ਆਪਣੀ ਚਾਲੇ ਚਲਦੀ ਰਹਿੰਦੀ ਹੈ। ਉਹਨੇ ਗੜ੍ਹਸ਼ੰਕਰ ਤੋਂ ਗੱਡੀ ਪਹਾੜੀ ਰਸਤਿਆਂ ਵੱਲ ਮੋੜ ਲਈ ਅਤੇ ਇੱਕ ਛੋਟੇ ਜਿਹੇ ਪਿੰਡ ਵਿੱਚ ਜਾ ਰੁਕੇ। ਛੋਟੇ ਹਥਿਆਰਾਂ ਦਾ ਭਰਿਆ ਇੱਕ ਬੈਗ ਉਨ੍ਹੇ ਚੁੱਕ ਕੇ ਆਪਣੀ ਗੱਡੀ ਵਿੱਚ ਰੱਖਿਆ, ਗੋਲੀਆਂ ਦੀ ਇੱਕ ਪੇਟੀ ਵੀ ਗੱਡੀ ਵਿੱਚ ਰੱਖ ਲਈ। ਲੈਦਰ ਦੇ ਬੈਗ ਵਿੱਚ ਲਪੇਟੀਆਂ ਤਿੰਨ ਵੱਡੀਆਂ ਰਾਈਫਲਾਂ ਵੀ ਸਨ। ਯੂ.ਪੀ. ਵਾਲੇ ਐਕਸ਼ਨ ਤੋਂ ਬਾਅਦ ਹਥਿਆਰਾਂ ਦੀ ਉਨ੍ਹਾਂ ਕੋਲ ਕਮੀ ਆ ਗਈ ਸੀ। ਜਿਸ ਘਰੋਂ ਉਨ੍ਹਾਂ ਨੇ ਸਮਾਨ ਚੁੱਕਿਆ, ਉਨ੍ਹਾਂ ਨਾਲ ਕੁਝ ਨਹੀਂ ਬੋਲੇ। ਪੈਸੇ ਫੜਾਏ ਅਤੇ ਆਪਣੇ ਰਾਹ ਪੈ ਗਏ। ਜਾਂਦੇ ਹੋਏ ਉਹ ਫਿਲੌਰ ਵੱਲ ਦੀ ਨਿਕਲੇ। ਦਿਲਬਾਗ ਦੇ ਮਨ ਵਿੱਚ ਸੀ ਬਈ ਜਾਂਦੇ ਹੋਏ ਬਘੇਲੇ ਦੀ ਖ਼ਬਰ ਲੈ ਚੱਲੀਏ। ਉਹ ਦਿਨੇ 12 ਕੁ ਵਜੇ ਬਘੇਲੇ ਦੇ ਘਰ ਪੁੱਜੇ। ਉਹ ਘਰ ਹੀ ਸੀ। ਦਿਲਬਾਗ ਨੂੰ ਉਹ ਚਾਹ ਕੇ ਮਿਲਿਆ, 'ਬੜੇ ਦਿਨ ਲਾ ਦਿੱਤੇ ਆਉਣ ਨੂੰ, ਕਈ ਦਿਨਾਂ ਤੋਂ ਉਡੀਕਦੇ ਸੀ ਦਿਲਬਾਗ ਤੈਨੂੰ' ਬਘੇਲਾ ਚਿੱਤੋਂ ਬੋਲਿਆ। ਦਿਲਬਾਗ ਨੇ ਮਾਤਾ ਦੇ ਗੋਡੀਂ ਹੱਥ ਲਾਏ। ਬਘੇਲੇ ਦੀ ਮਾਂ ਨੇ ਮੂੰਹ ਭਰਵੀਂ ਅਸੀਸ ਦਿੱਤੀ। ਬਘੇਲਾ ਹੁਣ ਕੁਝ ਐਕਸਰਸਾਈਜ਼ ਵੀ ਕਰਨ ਲੱਗਾ ਸੀ। ਉਸ ਦਾ ਸਰੀਰ ਆਪਣੀ ਪੁਰਾਣੀ ਗਲੇਟ ਵਿੱਚ ਪਰਤਣ ਲੱਗਾ। ਦਿਲਬਾਗ ਨੂੰ ਲੱਗਾ ਇਸ ਨੂੰ ਵੀਰਦੀਪ ਦੇ ਨਾਲ ਤੋਰਿਆ ਜਾ ਸਕਦਾ ਹੈ। ਬਘੇਲਾ ਬਹੁਤ ਖੁਸ਼ ਸੀ। ਦਿਲਬਾਗ ਦੀ ਆਮਦ ਨਾਲ ਹੀ ਉਹ ਹੁਲਾਸ ਵਿੱਚ ਆ ਜਾਂਦਾ ਸੀ।

'ਬਘੇਲੇ ਯਾਰ ਤੈਨੂੰ ਛੋਟਾ ਜਿਹਾ ਇੱਕ ਸਵਾਲ ਪਾਉਣੈ, ਜੇ ਹੁਣ ਰਾਜ਼ੀ ਬਾਜ਼ੀ ਏਂ ਤੂੰ ਤੇ ਪਾਵਾਂ?' ਦਿਲਬਾਗ ਨੇ ਬਘੇਲੇ ਨੂੰ ਟੋਹਿਆ।

'ਤੇਰੇ ਕਰਕੇ ਆਪਾਂ ਜਿਉਂਦਿਆਂ 'ਚ ਹੋ ਗਏ ਦਿਲਬਾਗ ਭਾਅ, ਤੂੰ ਗੱਲ ਕਰ ਕੀ ਕਰਨਾ' ਬਘੇਲੇ ਦੀ ਟੋਨ ਹੁਣ ਚੜ੍ਹਦੀ ਕਲਾ ਵਾਲੀ ਸੀ।

'ਆਪਣਾ ਉਹ ਵੀਰਦੀਪ ਹੈ ਨਾ ਜਿਹੜਾ ਆਪਣੇ ਨਾਲ ਨੈਸ਼ਨਲ ਕੈਂਪ ਲਈ ਚੁਣਿਆ ਗਿਆ ਸੀ, ਉਹ ਇੱਕ ਰਾਜਨੀਤਿਕ ਗਰੁੱਪ ਜਿਹਾ ਬਣਾਉਣਾ ਚਾਹੁੰਦਾ, ਉਹਨੂੰ ਬੰਦਿਆਂ ਦੀ ਭਾਲ ਸੀ, ਮੈਨੂੰ ਸੀ ਬਈ ਤੂੰ ਉਹਦਾ ਪਹਿਲਾਂ ਪਹਿਲ ਥੋੜ੍ਹਾ ਸਾਥ ਦੇ ਦੇਵੇਂ। ਬਾਅਦ ਵਿੱਚ ਤੇਰੀ ਮਰਜ਼ੀ ਹੋਊ ਕਿ ਕਿੰਨੀ ਕੁ ਦੇਰ ਤੁਰਨਾ ਨਾਲ' ਦਿਲਬਾਗ ਨੇ ਆਪਣੀ ਗੱਲ ਕਹੀ ਅਤੇ ਬਘੇਲੇ ਦੇ ਮੂੰਹ ਵੱਲ ਵੇਖਣ ਲੱਗਾ।

'ਤੇਰਾ ਕਿਹਾ ਸਿਰ ਮੱਥੇ ਭਾਅ, ਜਦੋਂ ਕਹੇ ਮੈਂ ਮਿਲ ਲਵਾਂਗਾ ਵੀਰਦੀਪ ਨੂੰ, ਕੀ ਕਰਦਾ ਉਹ ਅੱਜ ਕੱਲ੍ਹ' ਬਘੇਲੇ ਨੇ ਬਹੁਤਾ ਦਿਮਾਗ 'ਤੇ ਬੋਝ ਪਾਇਆਂ ਜਵਾਬ ਦਿੱਤਾ।

'ਪਟਿਆਲਾ ਜ਼ਿਲ੍ਹਾ ਕੋਰਟ ਵਿੱਚ ਵਕਾਲਤ ਕਰਦਾ' ਦਿਲਬਾਗ ਨੇ ਦੱਸਿਆ। ਦਿਲਬਾਗ ਦੀ ਗੱਲ ਸੁਣ ਕੇ ਬਘੇਲਾ ਵੀਰਦੀਪ ਨੂੰ ਮਿਲਣ ਲਈ ਉਤਾਵਲਾ ਹੋ ਗਿਆ।

'ਕਿੱਦਣ ਮਿਲਾਂ ਮੈਂ ਉਹਨੂੰ' ਬਘੇਲੇ ਨੇ ਪੁੱਛਿਆ।

'ਤੈਨੂੰ ਦੱਸ ਦੇਵਾਂਗਾ ਮੈਂ ਜਦੋਂ ਪ੍ਰੋਗਰਾਮ ਬਣਿਆ।' ਦਿਲਬਾਗ ਨੇ ਉਸ ਦੀ ਉਤਸੁਕਤਾ ਨੂੰ ਵਿਰਾਮ ਦਿੱਤਾ।

ਘੰਟੇ ਕੁ ਬਾਅਦ ਉਨ੍ਹਾਂ ਬਘੇਲੇ ਤੋਂ ਜਾਣ ਦੀ ਇਜਾਜ਼ਤ ਮੰਗੀ, ਇੰਨੇ ਨੂੰ ਬਘੇਲੇ ਦੀ ਭੈਣ ਵੀ ਕਾਲਜੋਂ ਵਾਪਸ ਆ ਗਈ ਸੀ। ਬਘੇਲੇ ਦੀ ਮਾਂ ਤੇ ਭੈਣ ਦਿਲਬਾਗ 'ਤੇ ਰਾਤ ਰੁਕਣ ਲਈ ਜ਼ੋਰ ਪਾਉਣ ਲੱਗੀਆਂ, ਪਰ ਉਹ ਰੁਕਣ ਵਾਲੀ ਹਾਲਤ ਵਿੱਚ ਨਹੀਂ ਸਨ। ਸਾਰਿਆਂ ਨੂੰ ਫਤਿਹ ਬੁਲਾਈ ਤੇ ਆਪਣੇ ਟਿਕਾਣੇ ਵੱਲ ਚੱਲ ਪਏ। ਘਰ ਪੁੱਜੇ ਤਾਂ ਦਿਨ ਛਿਪ ਗਿਆ ਸੀ। ਗੋਲੂ ਤੇ ਨੌਕਰ ਪਸ਼ੂਆਂ ਨੂੰ ਪਾਣੀ ਪਿਆ ਰਹੇ ਸਨ। ਗੋਲੂ ਨੇ ਦਰਵਾਜ਼ਾ ਖੋਲ੍ਹਿਆ ਅਤੇ ਉਨ੍ਹਾਂ ਗੱਡੀ ਸਿੱਧੀ ਬੇਸਮੈਂਟ ਵਿੱਚ ਲਾਹ ਦਿੱਤੀ।

***(ਅਗਲੀ ਕਿਸ਼ਤ ਅਗਲੇ ਅੰਕ 'ਚ ਪੜ੍ਹੋ)***

ਜਾਣਕਾਰੀ

# ਪੰਜਾਬ ਦਾ ਵੋਟਰ ਬਨਾਮ ਪੰਜਾਬ ਦੇ ਵਿਧਾਇਕ

**ਤਰਲੋਚਨ ਸਿੰਘ ਭੱਟੀ**
**ਸਾਬਕਾ ਪੀ.ਸੀ.ਐਸ. ਅਧਿਕਾਰੀ**
**ਫੋਨ:91-9876502607**



ਭਾਰਤ ਦੇ ਨਾਗਰਿਕ ਤੇ ਪੰਜਾਬ ਰਾਜ ਦੇ ਵੋਟਰ ਹੋਣ ਦੇ ਨਾਤੇ ਅਸੀਂ ਵੀ ਕੋਸ਼ਿਸ਼ ਕੀਤੀ ਕਿ ਪੰਜਾਬ ਦੇ ਵਿਧਾਇਕਾਂ ਦੇ ਕੰਮਕਾਰ ਅਤੇ ਉਨ੍ਹਾਂ ਵੱਲੋਂ ਸਰਕਾਰੀ ਖਜਾਨੇ ਵਿੱਚੋਂ ਪ੍ਰਾਪਤ ਤਨਖਾਹ, ਪੈਨਸ਼ਨ ਤੇ ਹੋਰ ਬੇਸ਼ੁਮਾਰ ਸਹੂਲਤਾਂ ਆਦਿ ਬਾਰੇ ਸੂਚਨਾ ਦਾ ਅਧਿਕਾਰ ਐਕਟ 2005 ਅਧੀਨ ਜਾਣ ਸਕੀਏ। ਸਾਡਾ ਮੰਨਣਾ ਹੈ ਕਿ ਪੰਜਾਬ ਦੇ ਵਿਧਾਇਕ ਇੱਕ ਪਬਲਿਕ ਸਰਵੈਂਟ ਹੋਣ ਦੇ ਨਾਲ-ਨਾਲ ਇੱਕ ਪਬਲਿਕ ਅਥਾਰਟੀ ਵੀ ਹਨ, ਲਿਹਾਜਾ ਉਨ੍ਹਾਂ ਦੇ ਕੰਮਕਾਰ, ਉਨ੍ਹਾਂ ਪਾਸ ਉਪਲਬਧ ਰਿਕਾਰਡ ਅਤੇ ਸਹੂਲਤਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ। ਵਿਧਾਇਕ ਪਬਲਿਕ ਅਥਾਰਟੀ ਹੋਣ ਦੇ ਨਾਤੇ ਜ਼ਿੰਮੇਵਾਰ ਹਨ ਕਿ ਆਪਣੀ ਮਰਜੀ ਨਾਲ ਸੂਚਨਾ ਦਾ ਅਧਿਕਾਰ ਐਕਟ 2005 ਦੇ ਉਪਬੰਦ ਚਾਰ ਅਧੀਨ ਆਪਣੇ ਕੰਮਕਾਰ, ਪ੍ਰਾਪਤੀਆਂ ਅਤੇ ਦੇਣਦਾਰੀਆਂ ਨੂੰ ਸਵੈ-ਇੱਛਾ ਨਾਲ ਲੋਕਾਂ ਨਾਲ ਸਾਂਝਾ ਕਰਨ। ਸਾਡੇ ਵੱਲੋਂ ਪੰਜਾਬ ਦੇ ਵੋਟਰ ਹੋਣ ਦੇ ਨਾਤੇ, ਪੰਜਾਬ ਵਿਧਾਨ ਸਭਾ ਦੇ ਸਕੱਤਰ ਨੂੰ 26 ਜੁਲਾਈ 2016 ਪੱਤਰ ਰਾਹੀਂ ਸੁਝਾਅ ਦਿੱਤਾ ਗਿਆ ਕਿ ਪੰਜਾਬ ਦੇ ਵਿਧਾਇਕਾਂ ਦੇ ਕੰਮਕਾਰ ਅਤੇ ਉਪਲਬਧੀਆਂ ਨੂੰ ਲੋਕਾਂ ਨਾਲ ਸਾਂਝਾ ਕਰਨ ਲਈ ਵਿਧਾਨ ਸਭਾ ਦੀ ਸਰਕਾਰੀ ਵੈਬ ਸਾਈਟ ਉਤੇ ਹਰ ਮਹੀਨੇ ਮਿੱਥੇ ਫਾਰਮੇਟ ਵਿੱਚ ਅਪਲੋਡ ਕੀਤਾ ਜਾਵੇ।

ਅਜਿਹਾ ਹੀ ਸੁਝਾਅ ਸਾਡੇ ਵੱਲੋਂ 20 ਸਤੰਬਰ 2016 ਨੂੰ ਸਕੱਤਰ, ਪਾਰਲੀਮੈਂਟ ਮਾਮਲੇ ਵਿਭਾਗ, ਪੰਜਾਬ ਸਰਕਾਰ ਨੂੰ ਵੀ ਦਿੱਤਾ ਗਿਆ। ਸਾਡੇ ਵੱਲੋਂ ਇੱਕ ਪੱਤਰ ਮਿਤੀ 12 ਦਸੰਬਰ 2017 ਨੂੰ ਤਤਕਾਲੀ ਕੈਬਨਿਟ ਮੰਤਰੀ, ਪਾਰਲੀਮਨੀ ਮਾਮਲੇ ਵਿਭਾਗ, ਪੰਜਾਬ ਸਰਕਾਰ ਨੂੰ ਵੀ ਲਿਖਿਆ ਗਿਆ। ਸਕੱਤਰ, ਪੰਜਾਬ ਵਿਧਾਨ ਸਭਾ ਵੱਲੋਂ 26 ਅਕਤੂਬਰ 2016 ਨੂੰ ਆਪਣੇ ਪੱਤਰ ਰਾਹੀਂ ਸਕੱਤਰ, ਪਾਰਲੀਮਨੀ ਮਾਮਲੇ ਵਿਭਾਗ ਨੂੰ ਦੱਸਿਆ ਗਿਆ ਕਿ ਵਿਧਾਨ ਸਭਾ ਵੱਲੋਂ ਪੰਜਾਬ ਦੇ ਵਿਧਾਇਕਾਂ ਦੇ ਕੰਮਕਾਰ ਨੂੰ ਜਾਨਣ ਲਈ ਮਾਸਿਕ ਰਿਪੋਰਟ ਕਾਰਡ ਨਹੀਂ ਬਣਾਇਆ ਜਾਂਦਾ, ਲਿਹਾਜਾ ਪੰਜਾਬ ਸਰਕਾਰ ਇਸ ਸਬੰਧੀ ਆਪਣੇ ਪੱਧਰ 'ਤੇ ਫੈਸਲਾ ਲਵੇ। ਸਕੱਤਰ, ਪਾਰਲੀਮਾਨੀ ਮਾਮਲੇ ਵਿਭਾਗ, ਪੰਜਾਬ ਸਰਕਾਰ ਵੱਲੋਂ ਆਪਣੇ ਦਫਤਰੀ ਪੱਤਰ 8 ਜਨਵਰੀ 2018 ਰਾਹੀਂ ਸਾਨੂੰ ਸੂਚਿਤ ਕੀਤਾ ਗਿਆ ਕਿ ਸਾਡਾ ਸੁਝਾਅ (ਪੰਜਾਬ ਦੇ ਵਿਧਾਇਕਾਂ ਦੇ ਕੰਮਕਾਰ ਨੂੰ ਪੰਜਾਬ ਦੇ ਲੋਕਾਂ ਨਾਲ ਸਵੈ-ਇੱਛਾ ਸਾਂਝਾ ਕਰਨਾ) ਪੰਜਾਬ ਸਰਕਾਰ ਵੱਲੋਂ ਨੋਟ ਕਰ ਲਿਆ ਗਿਆ ਹੈ ਅਤੇ ਇਸ ਉਤੇ ਅਮਲ ਕਰਨ ਲਈ ਭਵਿੱਖ ਵਿੱਚ ਕੰਮ ਕੀਤਾ ਜਾਵੇਗਾ।

ਪਹਿਲੀ ਅਗਸਤ 2021 ਨੂੰ ਕਾਨੂੰਨੀ ਸਲਾਹਕਾਰ ਰਾਹੀਂ ਸਾਡੇ ਵੱਲੋਂ ਪੰਜਾਬ ਵਿਧਾਨ ਸਭਾ ਅਤੇ ਪਾਰਲੀਮਾਨੀ ਮਾਮਲੇ ਵਿਭਾਗ ਦੇ ਸਕੱਤਰਾਂ ਨੂੰ ਕਾਨੂੰਨੀ ਨੋਟਿਸ ਭੇਜੇ ਗਏ, ਪਰ ਸਬੰਧਤ ਧਿਰਾਂ ਵੱਲੋਂ ਸਾਨੂੰ ਕੋਈ ਜਵਾਬ ਨਹੀਂ ਦਿੱਤਾ ਗਿਆ। ਲਿਹਾਜਾ ਸਾਡੇ ਵੱਲੋਂ ਪੰਜਾਬ ਵਿਧਾਨ ਸਭਾ ਦੇ ਸਪੀਕਰ, ਮੁੱਖ ਮੰਤਰੀ ਪੰਜਾਬ ਅਤੇ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਨੂੰ ਵੀ ਪੱਤਰ ਲਿਖੇ ਗਏ ਕਿ ਵਿਧਾਇਕਾਂ ਨੂੰ ਸੂਚਨਾ ਦਾ ਅਧਿਕਾਰ ਐਕਟ ਅਧੀਨ ਸਵੈ-ਇੱਛਾ ਨਾਲ ਲੋਕਾਂ ਨਾਲ ਹਰ ਮਹੀਨੇ ਸਰਕਾਰੀ ਵੈਬ ਸਾਈਟ ਉਤੇ ਸਾਂਝੀ ਕੀਤੀ ਜਾਵੇ, ਪਰ ਅਫ਼ਸੋਸ ਕਿ ਕਿਸੇ ਧਿਰ ਵੱਲੋਂ ਸਾਨੂੰ ਕੋਈ ਸੂਚਨਾ ਨਹੀਂ ਦਿੱਤੀ ਗਈ। ਲਿਹਾਜਾ ਸਾਡੇ ਵੱਲੋਂ ਆਪਣੇ ਕਾਨੂੰਨੀ ਸਲਾਹਕਾਰ ਰਾਹੀਂ ਪੰਜਾਬ ਰਾਜ ਸੂਚਨਾ ਕਮਿਸ਼ਨ ਪਾਸ 20 ਸਤੰਬਰ 2021 ਨੂੰ ਸ਼ਿਕਾਇਤ ਕੀਤੀ ਗਈ।

ਪੰਜਾਬ ਰਾਜ ਸੂਚਨਾ ਕਮਿਸ਼ਨ ਨੇ ਸਾਡੀ ਸ਼ਿਕਾਇਤ ਨੂੰ ਲੋੜੀਂਦੀ ਕਾਰਵਾਈ ਲਈ ਆਪਣੇ ਰਿਕਾਰਡ ਉਤੇ ਹੀ ਨਹੀਂ ਲਿਆਂਦਾ। ਲਿਹਾਜਾ ਸਾਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਇਸ ਸਬੰਧੀ ਸਿਵਲ ਰਿੱਟ ਪਟੀਸ਼ਨ ਨੰ. 24142 ਸਾਲ 2021 (ਤਰਲੋਚਨ ਸਿੰਘ ਭੱਟੀ ਬਨਾਮ ਸਟੇਟ ਆਫ਼ ਪੰਜਾਬ ਅਤੇ ਹੋਰ ਧਿਰਾਂ) ਦਰਜ ਕਰਵਾਈ ਗਈ, ਜਿਸ ਵਿੱਚ ਸਕੱਤਰ ਪੰਜਾਬ ਰਾਜ ਸੂਚਨਾ ਕਮਿਸ਼ਨ, ਪੰਜਾਬ ਵਿਧਾਨ ਸਭਾ ਅਤੇ ਪਾਰਲੀਮਾਨੀ ਮਾਮਲੇ ਵਿਭਾਗ ਨੂੰ ਉਤਰਵਾਦੀ ਧਿਰ ਬਣਾਇਆ ਗਿਆ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਆਪਣੀ ਜਜਮੈਂਟ ਮਿਤੀ 23 ਦਸੰਬਰ 2021 ਰਾਹੀਂ ਪੰਜਾਬ ਰਾਜ ਸੂਚਨਾ ਕਮਿਸ਼ਨ ਨੂੰ ਹੁਕਮ ਦਿੱਤਾ ਗਿਆ ਕਿ ਸਾਡੀ ਸ਼ਿਕਾਇਤ ਨੂੰ ਸੂਚਨਾ ਦਾ ਅਧਿਕਾਰ ਐਕਟ 2005 ਅਧੀਨ ਬਣੇ ਨਿਯਮਾਂ ਤਹਿਤ ਦਰਜ ਕਰਕੇ ਸ਼ਿਕਾਇਤ ਕਰਤਾ ਦੀ ਸੁਣਵਾਈ ਕਰਕੇ ਢੁਕਵਾਂ ਫੈਸਲਾ ਲਿਆ ਜਾਵੇ। ਪੰਜਾਬ ਰਾਜ ਸੂਚਨਾ ਕਮਿਸ਼ਨ ਵੱਲੋਂ ਆਪਣੇ ਫੈਸਲੇ ਮਿਤੀ 29 ਮਾਰਚ 2022 ਰਾਹੀਂ ਸਾਡੀ ਸ਼ਿਕਾਇਤ ਪੰਜਾਬ ਵਿਧਾਨ ਸਭਾ ਅਤੇ ਪਾਰਲੀਮਾਨੀ ਮਾਮਲੇ ਵਿਭਾਗ, ਪੰਜਾਬ ਸਰਕਾਰ ਨੂੰ ਘੋਖਣ ਤੇ ਵਿਚਾਰ-ਵਟਾਂਦਰਾ ਕਰਕੇ ਲਾਗੂ ਕਰਨ ਬਾਰੇ ਭੇਜ ਦਿੱਤੀ ਗਈ।

ਪੰਜਾਬ ਰਾਜ ਸੂਚਨਾ ਕਮਿਸ਼ਨ ਦੇ ਫੈਸਲੇ ਵਿਰੁੱਧ, ਸਾਨੂੰ ਆਪਣੇ ਕਾਨੂੰਨੀ ਸਲਾਹਕਾਰਾਂ ਰਾਹੀਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਸਿਵਲ ਰਿੱਟ ਪਟੀਸ਼ਨ ਨੰ. 24755 ਸਾਲ 2022 (ਤਰਲੋਚਨ ਸਿੰਘ ਭੱਟੀ ਪੀ.ਸੀ.ਐੱਸ., ਸੇਵਾ ਮੁਕਤ ਬਨਾਮ ਸਟੇਟ ਆਫ਼ ਪੰਜਾਬ ਅਤੇ ਹੋਰ) ਦਾਖਲ ਕਰਵਾਉਣੀ ਪਈ। ਸਿਵਲ ਰਿੱਟ ਪਟੀਸ਼ਨ ਵਿੱਚ ਸਾਡੇ ਵੱਲੋਂ ਹਾਈ ਕੋਰਟ ਨੂੰ ਪੁਰਜ਼ੋਰ ਬੇਨਤੀ ਕੀਤੀ ਗਈ ਕਿ ਪੰਜਾਬ ਦੇ ਵਿਧਾਇਕਾਂ, ਜੋ ਪਬਲਿਕ ਅਥਾਰਟੀ




ਅਤੇ ਲੋਕ ਸੇਵਕ ਹਨ, ਨੂੰ ਸੂਚਨਾ ਦਾ ਅਧਿਕਾਰ ਐਕਟ 2005 ਦੀ ਧਾਰਾ 4 ਅਧੀਨ ਲਿਆਉਂਦੇ ਹੋਏ ਸਵੈ-ਇੱਛਾ ਨਾਲ ਆਪਣੇ ਕੰਮਕਾਰ ਦੀ ਸੂਚਨਾ ਨੂੰ ਉਤਰਵਾਦੀਆਂ ਦੀ ਸਰਕਾਰੀ ਵੈਬਸਾਈਟ ਉਤੇ ਹਰ ਮਹੀਨੇ ਸਾਂਝਾ ਕਰਨਾ ਸੁਨਿਸ਼ਚਿਤ ਕੀਤਾ ਜਾਵੇ। ਸਾਡਾ ਕਾਨੂੰਨੀ ਸਲਾਹਕਾਰ ਆਪਣੇ ਪੇਸ਼ੇਵਰ ਕੰਮਕਾਰ ਵਿੱਚ ਜ਼ਿਆਦਾ ਰੁੱਝਾ ਹੋਣ ਕਾਰਨ ਸਾਡੇ ਕੇਸ ਦੀ ਪੈਰਵੀ ਨਹੀਂ ਕਰ ਸਕਿਆ।

ਆਪਣੇ ਅੰਤ੍ਰਿਮ ਆਰਡਰ ਮਿਤੀ 28 ਅਕਤੂਬਰ 2022 ਰਾਹੀਂ ਹਾਈ ਕੋਰਟ ਬੈਂਚ (ਜਸਟਿਸ ਮਹਾਬੀਰ ਸਿੰਘ ਸਿੰਧੂ) ਵੱਲੋਂ ਵਿਵਸਥਾ ਕੀਤੀ ਗਈ ਕਿ ਦੋ ਵਾਰ ਆਵਾਜ਼ਾਂ ਮਾਰਨ ਦੇ ਬਾਵਜੂਦ ਪਟੀਸ਼ਨਰ ਵੱਲੋਂ ਕੋਈ ਪੇਸ਼ ਨਹੀਂ ਹੋਇਆ। ਲਿਹਾਜਾ ਇਨਸਾਫ਼ ਦੇਣ ਦੀ ਵਿਵਸਥਾ ਨੂੰ ਧਿਆਨ ਵਿੱਚ ਰੱਖਦੇ ਹੋਏ ਕੇਸ 7 ਜੁਲਾਈ 2023 ਨੂੰ ਫਿਕਸ ਕੀਤਾ ਗਿਆ। ਬੈਂਚ ਦੇ ਇਸ ਹੁਕਮ ਨੇ ਰਿੱਟ ਪਟੀਸ਼ਨ ਦੀ ਢੁਕਵੀਂ ਪੈਰਵੀ ਲਈ ਸਾਨੂੰ ਉਤਸ਼ਾਹਤ ਕੀਤਾ ਕਿ ਇਸ ਰਿੱਟ ਨੂੰ ਅੰਤਿਮ ਨਿਰਣੇ ਤੱਕ ਪਹੁੰਚਾਇਆ ਜਾਵੇ। ਲਿਹਾਜਾ ਸਾਨੂੰ ਹੋਰ ਸਮਰਪਿਤ ਕਾਨੂੰਨੀ ਸਲਾਹਕਾਰ ਨਿਯਤ ਕਰਨੇ ਪਏ। ਉਤਰਵਾਦੀਆਂ (ਪਾਰਲੀਮਾਨੀ ਮਾਮਲੇ ਵਿਭਾਗ ਅਤੇ ਪੰਜਾਬ ਵਿਧਾਨ ਸਭਾ) ਵੱਲੋਂ ਜਵਾਬਦਾਵਾ ਅਦਾਲਤ ਵਿੱਚ ਫਾਈਲ ਕੀਤਾ ਗਿਆ, ਜਿਸਨੂੰ ਅਸੀਂ ਆਪਣੀ ਰੈਪਲੀਕੇਸ਼ਨ ਰਾਹੀਂ ਗੈਰ-ਸੰਗਤ ਤੇ ਨਾਂਹ-ਪੱਖੀ ਦੱਸਿਆ ਅਤੇ ਪੰਜਾਬ ਦੇ ਵਿਧਾਇਕਾਂ ਦੇ ਕੰਮਕਾਰ ਨੂੰ ਜਾਨਣ ਦੀ ਕਾਰਵਾਈ ਯੋਗ ਸੁਝਾਅ ਵੀ ਦਿੱਤੇ ਗਏ। ਸੁਣਵਾਈ ਦੌਰਾਨ ਸਾਡੇ ਵੱਲੋਂ ਬਤੌਰ ਪਟੀਸ਼ਨਰ ਨਿੰਜੀ ਤੌਰ 'ਤੇ ਪੇਸ਼ ਹੋ ਕੇ ਬੈਂਚ ਨੂੰ ਪੁਰਜ਼ੋਰ ਬੇਨਤੀ ਕੀਤੀ ਗਈ ਕਿ ਮਾਨਯੋਗ ਜਸਟਿਸ ਖੁਦ ਵੀ ਇੱਕ ਵੋਟਰ ਹਨ, ਉਹ ਸਾਡੀ ਰਿੱਟ ਪਟੀਸ਼ਨ ਦਾ ਫੈਸਲਾ ਵੋਟਰ ਦੇ ਨਜ਼ਰੀਏ ਨੂੰ ਮੁੱਖ ਰੱਖ ਕੇ ਕਰਨ ਦੀ ਕ੍ਰਿਪਾਲਤਾ ਕਰਨ।

ਬੈਂਚ ਵੱਲੋਂ ਆਪਣੇ ਅੰਤ੍ਰਿਮ ਹੁਕਮ ਮਿਤੀ 2 ਸਤੰਬਰ 2024 ਰਾਹੀਂ ਸਾਡੀ ਰੈਪਲੀਕੇਸ਼ਨ ਨਾਲ ਲਗਾਏ ਗਏ ਸਾਰੇ ਅਨੈਕਸ਼ਚਰ ਪੀ-5 ਤੋਂ ਪੀ-9 'ਏ' ਤੱਕ, ਅਦਾਲਤੀ ਰਿਕਾਰਡ ਉਤੇ ਲਿਆਂਦੇ ਗਏ ਅਤੇ ਮਿਸਟਰ ਸੀਨੀਅਰ ਐਡਵੋਕੇਟ ਅਕਸ਼ੈ ਜਿੰਦਰ ਨੂੰ ਐਮੀਕਸ ਕਿਊਰੀ (ਅਦਾਲਤ ਦਾ ਦੋਸਤ) ਨਿਯੁਕਤ ਕੀਤਾ ਗਿਆ। ਮਿਤੀ 10 ਸਤੰਬਰ 2024 ਨੂੰ ਹੋਈ ਸੁਣਵਾਈ ਦੌਰਾਨ ਐਮੀਕਸ ਕਿਊਰੀ ਵੱਲੋਂ ਸਾਡੀ ਪਟੀਸ਼ਨ ਦੇ ਹੱਕ ਵਿੱਚ ਦਲੀਲਾਂ ਦਿੰਦੇ ਹੋਏ ਸੁਪਰੀਮ ਕੋਰਟ ਵੱਲੋਂ 4 ਹਿਸਟੋਰੀਕਲ ਜੱਜਮੈਂਟਾਂ ਦਾ ਹਵਾਲਾ ਵੀ ਦਿੱਤਾ ਗਿਆ। ਸਾਡੇ ਕਾਨੂੰਨੀ ਸਲਾਹਕਾਰ ਸੀਨੀਅਰ ਐਡਵੋਕੇਟ ਬਲਬੀਰ ਸਿੰਘ ਸੇਵਕ ਵੱਲੋਂ ਵੀ ਸਨਮਾਨਤ ਬੈਂਚ ਦੇ ਰੁਬਰੂ ਢੁਕਵੀਆਂ ਦਲੀਲਾਂ ਦਿੱਤੀਆ ਗਈਆਂ। ਬੈਂਚ ਵੱਲੋਂ ਸਰਕਾਰੀ ਧਿਰ ਨੂੰ ਹਦਾਇਤ ਕੀਤੀ ਗਈ ਕਿ ਅਗਲੀ ਪੇਸ਼ੀ ਮਿਤੀ 25 ਸਤੰਬਰ 2024 ਨੂੰ ਰਿੱਟ ਵਿੱਚ ਦਿਤੇ ਗਏ ਸੁਝਾਅ ਨੂੰ ਲਾਗੂ ਕਰਨ ਲਈ ਸਮਰਥ ਅਥਾਰਟੀ ਵੱਲੋਂ ਲਏ ਗਏ ਅੰਤਿਮ ਫੈਸਲੇ ਬਾਰੇ ਬੈਂਚ ਨੂੰ ਜਾਣੂ ਕਰਵਾਉਣਾ ਯਕੀਨੀ ਬਣਾਇਆ ਜਾਵੇ। ਸੁਣਵਾਈ ਦੌਰਾਨ ਪੰਜਾਬ ਵਿਧਾਨ ਸਭਾ ਵੱਲੋਂ 9 ਦਸੰਬਰ 2021 ਨੂੰ ਪ੍ਰਕਾਸ਼ਿਤ ਕੀਤੇ ਗਏ ਰੂਲਜ਼ ਆਫ਼ ਪ੍ਰੋਸੀਜ਼ਰ ਐਂਡ ਕੰਡਕਟ ਆਫ਼ ਬਿਜਨਸ ਦੀਆਂ ਵੱਖ ਵੱਖ ਧਰਾਵਾਂ ਅਤੇ ਪਾਰਲੀਮਾਨੀ ਮਾਮਲੇ ਵਿਭਾਗ ਵੱਲੋਂ ਜਾਰੀ ਆਰ.ਟੀ.ਆਈ. ਮੈਨੁਅਲ ਮਿਤੀ 9 ਮਈ 2023 ਬਾਰੇ ਵੀ ਧਿਰਾਂ ਵੱਲੋਂ ਬਹਿਸ ਕੀਤੀ ਗਈ। ਅਗਲੀ ਸੁਣਵਾਈ 20 ਜਨਵਰੀ 2025 ਨੂੰ ਫਿਕਸ ਕੀਤੀ ਗਈ ਹੈ। ਅਸੀ ਆਸਵੰਦ ਹਾਂ ਕਿ ਮਾਨਯੋਗ ਅਦਾਲਤ ਪੰਜਾਬ ਦੇ ਵਿਧਾਇਕਾਂ ਨੂੰ ਸੂਚਨਾ ਦਾ ਅਧਿਕਾਰ ਐਕਟ 2005 ਅਧੀਨ ਲਿਆ ਕੇ ਉਨ੍ਹਾਂ ਨੂੰ ਆਪਣੀ ਕਾਰਗੁਜ਼ਾਰੀ ਲੋਕਾਂ ਨਾਲ ਸਵੈ-ਇੱਛਾ ਸਾਂਝੀ ਕਰਨ ਦਾ ਸੁਨਹਿਰੀ ਮੌਕਾ ਪ੍ਰਦਾਨ ਕਰੇਗੀ।

ਡਾਕ ਸੇਵਾ ਦਾ ਪਿਛੋਕੜ

# ਤੇਰਾ ਖ਼ਤ ਆਨੇ ਸੇ ਦਿਲ ਕੋ ਮੇਰੇ ਆਰਾਮ ਹੋ ਗਯਾ

**ਪੀ. ਐਸ. ਬਟਾਲਾ**

ਖ਼ਤ ਸੱਜਣਾਂ ਦਾ ਆਇਆ ਅੱਜ ਬੜੇ ਦਿਨਾਂ ਪਿੱਛੋਂ
ਲੱਗੇ ਚੰਨ ਚੜ੍ਹ ਆਇਆ ਅੱਜ ਬੜੇ ਦਿਨਾਂ ਪਿੱਛੋਂ।

ਸੱਚਮੁੱਚ ਹੀ ਇੱਕ ਵੇਲਾ ਅਜਿਹਾ ਵੀ ਸੀ, ਜਦੋਂ ਖ਼ਤਾਂ ਦੀ ਉਡੀਕ ਬੜੀ ਬੇਸਬਰੀ ਨਾਲ ਕੀਤੀ ਜਾਂਦੀ ਸੀ ਤੇ ਖ਼ਤਾਂ ਰਾਹੀਂ ਜਜ਼ਬਾਤ ਨੂੰ ਲਫ਼ਜ਼ਾਂ ਦੀ ਇਬਾਰਤ 'ਚ ਗੁੰਨ ਕੇ ਇੰਨੇ ਪਿਆਰ ਨਾਲ ਪਰੋਸਿਆ ਜਾਂਦਾ ਸੀ ਕਿ ਪੜ੍ਹਨ ਵਾਲੇ ਦੀ ਸਾਰੀ ਤਲਬ ਖ਼ਤਮ ਹੋ ਜਾਂਦੀ ਸੀ ਅਤੇ ਉਹ ਅਨੰਦ ਦੇ ਅਹਿਸਾਸ ਨਾਲ ਭਰ ਜਾਂਦਾ ਸੀ। ਇਹ ਖ਼ਤ ਕਿਸੇ ਪ੍ਰੇਮੀ ਦੇ, ਮਾਂ, ਪਤਨੀ, ਭੈਣ ਦੇ ਅਤੇ ਕਿਸੇ ਦੋਸਤ ਦੇ ਸੁੱਖ-ਸੁਨੇਹੜੇ ਲਿਆਉਂਦੇ ਸਨ ਤੇ ਸਹੁਰੇ ਘਰ ਬੈਠੀਆਂ ਧੀਆਂ ਖ਼ਤਾਂ ਰਾਹੀਂ ਆਪਣੇ ਮਾਪਿਆਂ ਤੇ ਹੋਰ ਸਨੇਹੀਆਂ ਦੀ ਰਾਜ਼ੀ-ਬਾਜ਼ੀ ਜਾਣ ਕੇ ਸੁਖੀ ਹੋ ਜਾਂਦੀਆਂ ਸਨ। ਇੰਟਰਨੈੱਟ ਦੇ ਯੁਗ ਨੇ ਖ਼ਤਾਂ ਨੂੰ ਬੇਸ਼ੱਕ ਖ਼ਤਮ ਤਾਂ ਨਹੀਂ ਕੀਤਾ ਹੈ, ਪਰ ਇਨ੍ਹਾਂ ਵਿਚਲੇ ਨਿੱਘ ਤੇ ਖ਼ੁਸ਼ਬੂ ਹੁਣ ਸੋਸ਼ਲ ਮੀਡੀਆ ਪਲੇਟਫ਼ਾਰਮਾਂ ਰਾਹੀਂ ਭੇਜੇ ਜਾਣ ਵਾਲੇ ਬਿਜਲਈ ਸੁਨੇਹੜਿਆਂ ਵਿੱਚ ਭੋਰਾ ਵੀ ਮਹਿਸੂਸ ਨਹੀਂ ਹੁੰਦੇ ਹਨ। ਅੱਜ ਵੀ ਜਦ ਅਲਮਾਰੀਆਂ 'ਚ ਜਾਂ ਕਿਤਾਬਾਂ ਦੇ ਸਫ਼ਿਆਂ 'ਚ ਰੱਖੇ ਵਰ੍ਹਿਆਂ ਪੁਰਾਣੇ ਖ਼ਤਾਂ 'ਚੋਂ ਕੋਈ ਖ਼ਤ ਸਾਡੇ ਸਾਹਮਣੇ ਆ ਜਾਂਦਾ ਹੈ ਤਾਂ ਇੰਜ ਮਹਿਸੂਸ ਹੁੰਦਾ ਹੈ:

ਖ਼ੁਸ਼ਬੂ ਜੈਸੇ ਲੋਗ ਮਿਲੇ ਅਫ਼ਸਾਨੇ ਮੇਂ
ਏਕ ਪੁਰਾਨਾ ਖ਼ਤ ਖੋਲ੍ਹਾ ਅਨਜਾਨੇ ਮੇਂ।

ਸੰਨ 1874 ਵਿੱਚ ਸਵਿਟਜ਼ਰਲੈਂਡ ਦੀ ਰਾਜਧਾਨੀ 'ਬਰਨ' ਵਿਖੇ 'ਯੂਨੀਵਰਸਲ ਪੋਸਟਲ ਯੂਨੀਅਨ' ਦਾ ਗਠਨ ਹੋਇਆ ਸੀ ਅਤੇ ਇਸ ਦਿਨ ਨੂੰ ਇਤਿਹਾਸਕ ਤੇ ਯਾਦਗਾਰੀ ਦਿਨ ਵਜੋਂ ਹਮੇਸ਼ਾ ਵਾਸਤੇ ਯਾਦ ਰੱਖਣ ਲਈ ਸੰਨ 1969 ਵਿੱਚ ਟੋਕੀਓ, ਜਾਪਾਨ ਵਿਖੇ ਯੂਨੀਵਰਸਲ ਪੋਸਟਲ ਯੂਨੀਅਨ ਦਾ ਇੱਕ ਵਿਸ਼ੇਸ਼ ਸਮਾਗਮ ਹੋਇਆ ਸੀ ਤੇ ਉਸ ਸਮਾਗਮ ਵਿੱਚ ਸ਼ਾਮਿਲ ਭਾਰਤੀ ਪ੍ਰਤੀਨਿਧੀ ਮੰਡਲ ਦੇ ਮੈਂਬਰ ਅਨੰਦ ਮੋਹਨ ਨਰੂਲਾ ਨੇ 'ਵਿਸ਼ਵ ਡਾਕ ਦਿਵਸ' ਮਨਾਉਣ ਦਾ ਸੁਝਾਅ ਦਿੱਤਾ ਸੀ, ਜੋ ਪੂਰਨ ਸਹਿਮਤੀ ਨਾਲ ਕਬੂਲ ਕਰ ਲਿਆ ਗਿਆ। ਉਸ ਪਿੱਛੋਂ ਇਹ ਹਰ ਸਾਲ ਹੀ ਪੂਰੀ ਦੁਨੀਆਂ ਅੰਦਰ 9 ਅਕਤੂਬਰ ਦੇ ਦਿਨ ਪੂਰੇ ਹੁਲਾਸ ਨਾਲ ਮਨਾਇਆ ਜਾਂਦਾ ਹੈ।

ਬੜਾ ਦਿਲਚਸਪ ਤੱਥ ਹੈ ਕਿ ਆਧੁਨਿਕ ਯੁਗ ਵਿੱਚ ਡਾਕ ਸੇਵਾ ਅੰਦਰ ਚਿੱਠੀ-ਪੱਤਰ ਤੋਂ ਇਲਾਵਾ ਪਾਰਸਲ, ਵਿੱਤੀ ਸੇਵਾਵਾਂ ਅਤੇ ਬੀਮਾ ਸੇਵਾਵਾਂ ਵੀ ਸ਼ਾਮਿਲ ਕਰ ਲਈਆਂ ਗਈਆਂ ਹਨ। ਪੂਰੀ ਦੁਨੀਆਂ ਅੰਦਰ ਪੈਸੇ ਦਾ ਲੈਣ-ਦੇਣ ਅਤੇ ਬਚਤ ਆਦਿ 1.5 ਬਿਲੀਅਨ ਲੋਕ ਡਾਕ ਵਿਭਾਗ ਰਾਹੀਂ ਕਰਦੇ ਹਨ ਅਤੇ ਇਸ ਵਿਭਾਗ ਰਾਹੀ ਪਾਰਸਲਾਂ ਦਾ ਆਦਾਨ-ਪ੍ਰਦਾਨ ਸੰਨ 2018 ਵਿੱਚ 450 ਬਿਲੀਅਨ ਡਾਲਰ ਦਾ ਸੀ, ਜੋ ਕਿ ਸੰਨ 2022 ਵਿੱਚ ਵਧ ਕੇ 493 ਬਿਲੀਅਨ ਡਾਲਰ ਤੱਕ ਜਾ ਪੁੱਜਾ ਸੀ। ਡਾਕ ਸੇਵਾ, ਅੱਜ ਵੀ ਇੱਕ ਸਸਤਾ ਅਤੇ ਵਿਸ਼ਾਲ ਨੈੱਟਵਰਕ ਵਾਲਾ ਮਾਧਿਅਮ ਹੈ ਤੇ ਲੋਕ ਇਸ ਉੱਤੇ ਭਰੋਸਾ ਕਰਦੇ ਹਨ। ਦੁਨੀਆਂ ਭਰ ਵਿੱਚ ਡਾਕ ਸੇਵਾ ਦੇ 6,50,000 ਦੇ ਕਰੀਬ ਵੱਡੇ ਦਫ਼ਤਰ ਹਨ ਅਤੇ 5.3 ਮਿਲੀਅਨ ਡਾਕ ਕਰਮਚਾਰੀ ਹਨ। ਡਾਕ ਦੀਆਂ ਸਭ ਤੋਂ ਵਧੀਆ ਸੇਵਾਵਾਂ ਦੇਣ ਵਿੱਚ ਸਵਿਟਜ਼ਰਲੈਂਡ, ਜਰਮਨੀ ਅਤੇ ਆਸਟਰੀਆ ਸਿਖਰਲੇ ਸਥਾਨਾਂ 'ਤੇ ਹਨ ਅਤੇ ਇਨ੍ਹਾਂ ਤੋਂ ਬਾਅਦ ਜਾਪਾਨ, ਫ਼ਰਾਂਸ, ਬ੍ਰਾਜ਼ੀਲ, ਅਮਰੀਕਾ, ਘਾਨਾ ਅਤੇ ਟਿਊਨੇਸ਼ੀਆ ਜਿਹੇ ਮੁਲਕ ਆਉਂਦੇ ਹੈ।

ਖ਼ਤਾਂ ਜਾਂ ਚਿੱਠੀਆਂ ਰਾਹੀਂ ਲਿਖ਼ਤੀ ਸੰਦੇਸ਼ ਭੇਜਣ ਸਬੰਧੀ ਜੇ ਇਤਿਹਾਸ ਦੇ ਪੰਨੇ ਫ਼ਰੋਲੀਏ ਤਾਂ ਕਈ ਦਿਲਚਸਪ ਤੱਥ ਸਾਹਮਣੇ ਆਉਂਦੇ ਹਨ। ਦਸਤਾਵੇਜ਼ੀ ਪ੍ਰਮਾਣਾਂ ਦੀ ਮੌਜੂਦਗੀ ਦੱਸਦੀ ਹੈ ਕਿ 2400 ਈਸਾ ਪੂਰਵ ਵਿੱਚ ਮਿਸਰ ਵਿਖੇ ਬਹੁਤ ਹੀ ਮਿਸਾਲੀ ਢੰਗ ਨਾਲ ਬਣਾਈ ਗਈ ਡਾਕ ਸੇਵਾ ਵਿਵਸਥਾ ਮੌਜੂਦ ਸੀ। ਸਭ ਤੋਂ ਪੁਰਾਣਾ ਖ਼ਤ ਵੀ ਮਿਸਰ ਤੋਂ ਹੀ ਮਿਲਿਆ ਹੈ, ਜੋ ਕਿ 255 ਈਸਾ ਪੂਰਵ ਵਿੱਚ ਲਿਖਿਆ ਗਿਆ ਸੀ। ਉਂਜ ਇਹ ਵੀ ਦਾਅਵਾ ਕੀਤਾ ਜਾਂਦਾ ਹੈ ਕਿ ਪ੍ਰਾਚੀਨ ਪਰਸ਼ੀਆ ਵਿਖੇ ਵੀ 550 ਈਸਾ ਪੂਰਵ ਵਿੱਚ ਪੱਤਰਾਚਾਰ ਪ੍ਰਣਾਲੀ ਦੀ ਹੋਂਦ ਸੀ। ਪਰਸ਼ੀਆ ਦੇ ਰਾਜਾ ਸਾਇਰਸ ਨੇ ਆਪਣੇ ਅਧੀਨ ਇਲਾਕੇ ਦੀ ਹਰ ਰਿਆਸਤ ਨੂੰ ਇਹ ਲਾਜ਼ਮੀ ਕੀਤਾ ਹੋਇਆ ਸੀ ਕਿ ਹਰੇਕ ਨਾਗਰਿਕ ਤੱਕ ਖ਼ਤ ਪੁੱਜਣ ਦੀ ਵਿਵਸਥਾ ਕੀਤੀ ਹੋਵੇ, ਤੇ ਉਸਨੇ ਅਜਿਹਾ ਹੀ ਕਰਨ ਦਾ ਸੁਝਾਅ ਆਪਣੇ ਗੁਆਂਢੀ ਮੁਲਕਾਂ ਦੇ ਰਾਜਿਆਂ ਨੂੰ ਵੀ ਦਿੱਤਾ ਸੀ।




ਭਾਰਤ ਵਿੱਚ 322-185 ਈਸਾ ਪੂਰਵ ਵਿੱਚ ਮੌਰੀਆ ਸਾਮਰਾਜ ਦੌਰਾਨ ਵਧੀਆ ਡਾਕ ਸੇਵਾ ਹੋਣ ਦੇ ਸਬੂਤ ਮਿਲਦੇ ਹਨ। ਦੱਖਣ ਭਾਰਤ ਵਿੱਚ ਸੰਨ 1399 ਤੋਂ ਸ਼ੁਰੂ ਹੋਏ 'ਵੁਡਿਆਰ ਵੰਸ਼' ਵੱਲੋਂ ਤਾਂ ਜਾਸੂਸੀ ਦੇ ਕਾਰਜ ਲਈ ਡਾਕ ਸੇਵਾ ਦੀ ਭਰਪੂਰ ਵਰਤੋਂ ਕੀਤੀ ਜਾਂਦੀ ਰਹੀ ਸੀ। ਰੋਮ ਵਿੱਚ ਰਾਜਾ ਅਗਸਤਸ ਦਾ ਕਾਰਜਕਾਲ ਜੋ ਕਿ 62-14 ਈਸਾ ਪੂਰਵ ਵਿੱਚ ਬਣਦਾ ਹੈ, ਦੌਰਾਨ ਤੇਜ਼ ਰਫ਼ਤਾਰ ਘੋੜੇ ਅਤੇ ਲੈਂਪਯੁਕਤ ਗੱਡੇ ਡਾਕ ਸੇਵਾ ਲਈ ਵਰਤੇ ਜਾਂਦੇ ਸਨ। ਮਜ਼ੇਦਾਰ ਗੱਲ ਇਹ ਹੈ ਕਿ ਚੀਨ ਵੀ ਇਹ ਦਾਅਵਾ ਕਰਦਾ ਹੈ ਕਿ ਉਸਦੀ ਡਾਕ ਪ੍ਰਣਾਲੀ ਸਭ ਤੋਂ ਪ੍ਰਾਚੀਨ ਹੈ। ਚੀਨੀ ਇਤਿਹਾਸਕਾਰਾਂ ਦੇ ਦਾਅਵਿਆਂ ਅਨੁਸਾਰ 206-202 ਈਸਾ ਪੂਰਵ ਸਮੇਂ ਮੌਜੂਦ 'ਹੇਨ ਵੰਸ਼' ਦੇ ਰਾਜਕਾਲ ਦੌਰਾਨ ਹਰ 15 ਕਿਲੋਮੀਟਰ ਦੀ ਦੂਰੀ 'ਤੇ ਡਾਕ ਪ੍ਰਾਪਤ ਕਰਕੇ ਅੱਗੇ ਭੇਜਣ ਵਾਲੇ 'ਰਿਲੇਅ ਕੇਂਦਰ' ਮੌਜੂਦ ਸਨ।

ਭਾਰਤੀ ਇਤਿਹਾਸ 'ਤੇ ਜੇ ਝਾਤ ਮਾਰੀਏ ਤਾਂ ਪਤਾ ਚੱਲਦਾ ਹੈ ਕਿ ਸੰਨ 1296 ਵਿੱਚ ਅਲਾਓਦੀਨ ਖਿਲਜੀ ਦੇ ਕਾਰਜਕਾਲ ਦੌਰਾਨ ਘੋੜਿਆਂ ਉੱਤੇ ਅਤੇ ਪੈਦਲ ਚੱਲ ਕੇ ਖ਼ਤਾਂ ਨੂੰ ਪਹੁੰਚਾਉਣ ਦਾ ਸਿਲਸਿਲਾ ਚੱਲਦਾ ਹੁੰਦਾ ਸੀ। ਵਿਦੇਸ਼ੀ ਯਾਤਰੀ ਇਬਨ ਬਤੂਤਾ ਨੇ ਵੀ ਸੰਨ 1341 ਵਿੱਚ ਲਿਖ਼ੀਆਂ ਆਪਣੀਆਂ ਲਿਖ਼ਤਾਂ ਵਿੱਚ ਭਾਰਤ ਅੰਦਰ ਵਧੀਆ ਡਾਕ ਸੇਵਾ ਹੋਣ ਦਾ ਜ਼ਿਕਰ ਕੀਤਾ ਹੈ। ਸਭ ਤੋਂ ਲੰਮੀ ਦੂਰੀ ਤੱਕ ਖ਼ਤਾਂ ਨੂੰ ਪਹੁੰਚਾਉਣ ਦਾ ਕਾਰਜ ਭਾਰਤ ਵਿੱਚ ਸੰਨ 1541 ਅੰਦਰ ਸ਼ੇਰਸ਼ਾਹ ਨੇ ਘੋੜਸਵਾਰਾਂ ਰਾਹੀਂ ਬੰਗਾਲ ਅਤੇ ਸਿੰਧ ਦਰਮਿਆਨ ਦੋ ਹਜ਼ਾਰ ਮੀਲ ਦੀ ਦੂਰੀ ਤੱਕ ਸੰਦੇਸ਼ ਪਹੁੰਚਾਉਣ ਨਾਲ ਕੀਤਾ ਸੀ। ਸੰਨ 1766 ਤੋਂ 1773 ਤੱਕ ਰਾਬਰਟ ਕਲਾਈਵ ਨੇ ਭਾਰਤ ਵਿੱਚ ਇੱਕ ਰੈਗੂਲਰ ਡਾਕ ਸੇਵਾ ਸਥਾਪਿਤ ਕਰਨ ਦੇ ਉਚੇਚੇ ਯਤਨ ਕੀਤੇ ਸਨ, ਜਦੋਂ ਕਿ ਸੰਨ 1774 ਵਿੱਚ ਵਾਰਨ ਹੇਸਟਿੰਗਜ਼ ਨੇ ਬਾਕਾਇਦਾ ਡਾਕਖ਼ਾਨਿਆਂ ਦੀ ਸਥਾਪਨਾ ਸ਼ੁਰੂ ਕਰਕੇ 31 ਮਾਰਚ 1774 ਨੂੰ ਕਲਕੱਤਾ, 1 ਜੂਨ 1786 ਨੂੰ ਮਦਰਾਸ ਅਤੇ ਸੰਨ 1794 ਵਿੱਚ ਬੰਬਈ ਵਿਖੇ 'ਜਨਰਲ ਪੋਸਟ ਆਫ਼ਿਸ' ਸਥਾਪਿਤ ਕਰ ਦਿੱਤੇ ਸਨ। ਭਾਰਤ ਵਿੱਚ ਸਭ ਤੋਂ ਪਹਿਲਾ ਡਾਕਘਰ ਕਮਿਸ਼ਨ ਸੰਨ 1850 ਵਿੱਚ ਨਿਯੁਕਤ ਕੀਤਾ ਗਿਆ ਸੀ ਅਤੇ ਸੰਨ 1854 ਵਿੱਚ 'ਡਾਕਘਰ ਐਕਟ-17' ਵੀ ਪੇਸ਼ ਕਰ ਦਿੱਤਾ ਗਿਆ ਸੀ। ਸੰਨ 1876 ਵਿੱਚ ਭਾਰਤ 'ਯੂਨੀਵਰਸਲ ਪੋਸਟਲ ਯੂਨੀਅਨ' ਦਾ ਮੈਂਬਰ ਬਣ ਗਿਆ ਸੀ ਅਤੇ ਸੰਨ 1879-80 ਵਿੱਚ ਇੱਥੇ ਮਨੀਆਰਡਰ ਅਤੇ ਰੇਲ ਰਾਹੀਂ ਡਾਕ ਭੇਜਣ ਦਾ ਕੰਮ ਸ਼ੁਰੂ ਹੋ ਗਿਆ ਸੀ। ਭਾਰਤ ਵਿੱਚ ਡਾਕਖ਼ਾਨੇ ਅੰਦਰ ਬੱਚਤ ਖਾਤਾ, ਜੀਵਨ ਬੀਮਾ ਅਤੇ ਡਾਕ ਟਿਕਟਾਂ ਦੇ ਵੇਚੇ ਜਾਣ ਦੇ ਕੰਮ ਕ੍ਰਮਵਾਰ ਸੰਨ 1882, 1884 ਅਤੇ 1886 ਵਿੱਚ ਸ਼ੁਰੂ ਕੀਤੇ ਗਏ ਸਨ। ਭਾਰਤ ਵਿੱਚ ਡਾਕਖ਼ਾਨਿਆਂ ਰਾਹੀਂ 'ਪੋਸਟਲ ਆਰਡਰ', 'ਸਪੀਡ ਪੋਸਟ' ਅਤੇ 'ਐਕਸਪ੍ਰੈੱਸ ਪਾਰਸਲ' ਆਦਿ ਸੇਵਾਵਾਂ ਕ੍ਰਮਵਾਰ ਸੰਨ 1935, 1956 ਤੇ 1994 ਵਿੱਚ ਅਰੰਭ ਕਰਕੇ ਉਪਭੋਗਤਾਵਾਂ ਨੂੰ ਲਾਭ ਪਹੁੰਚਾਇਆ ਗਿਆ ਸੀ। ਅੱਜਕੱਲ੍ਹ 'ਆਧਾਰ ਕਾਰਡ ਅਪਡੇਟ' ਕਰਨ ਅਤੇ 'ਡਾਕ ਵਿਭਾਗ ਦੇ ਏ.ਟੀ.ਐਮ.' ਰਾਹੀਂ ਨਕਦੀ ਕਢਵਾਉਣ ਦੀ ਸੁਵਿਧਾ ਵੀ ਆਮ ਲੋਕਾਂ ਨੂੰ ਉਪਬਲਧ ਹੋ ਚੁੱਕੀ ਹੈ।

ਅੱਜ ਡਾਕ ਵਿਭਾਗ ਨੇ ਬੈਂਕਿੰਗ ਅਤੇ ਹੋਰ ਸੇਵਾਵਾਂ ਦੀ ਸਹੂਲਤ ਪ੍ਰਦਾਨ ਕਰਕੇ ਪੇਂਡੂ ਇਲਾਕਿਆਂ ਵਿੱਚ ਵੱਸਦੇ ਲੋਕਾਂ ਨੂੰ ਕਾਫੀ ਰਾਹਤ ਪ੍ਰਦਾਨ ਕੀਤੀ ਹੈ। ਮੋਬਾਇਲ ਫ਼ੋਨ ਜਦੋਂ ਨਹੀਂ ਹੁੰਦੇ ਸਨ ਤਾਂ ਖ਼ਤ ਹੀ ਸੁਨੇਹੜੇ ਪਹੁੰਚਾਉਣ ਦਾ ਸਸਤਾ ਤੇ ਵਧੀਆ ਜ਼ਰੀਆ ਹੁੰਦੇ ਸਨ। ਪੰਜਾਹ ਕੁ ਸਾਲ ਪਹਿਲਾਂ ਦੇਸ਼ ਵਿਚਲੇ ਪੇਂਡੂ ਇਲਾਕਿਆਂ ਅੰਦਰ ਅਨਪੜ੍ਹਤਾ ਜ਼ਿਆਦਾ ਹੋਣ ਕਰਕੇ ਡਾਕੀਏ ਦੀ ਭੂਮਿਕਾ ਬੜੀ ਮਹੱਤਵਪੂਰਨ ਹੁੰਦੀ ਸੀ। ਉਹ ਨਾ ਕੇਵਲ ਲੋਕਾਂ ਨੂੰ ਉਨ੍ਹਾਂ ਦੀਆਂ ਚਿੱਠੀਆਂ ਪੜ੍ਹ ਕੇ ਸੁਣਾਇਆ ਕਰਦਾ ਸੀ, ਸਗੋਂ ਕਦੀ ਕਦੀ ਜਵਾਬੀ ਖ਼ਤ ਵੀ ਲਿਖ ਦਿਆ ਕਰਦਾ ਸੀ। ਇੰਜ ਉਹ ਪਿੰਡ ਦੇ ਹਰ ਸ਼ਖ਼ਸ ਦਾ ਦੁੱਖ-ਸੁੱਖ ਜਾਣਦਾ ਹੁੰਦਾ ਸੀ। ਭਾਰਤੀ ਫ਼ੌਜ ਅੰਦਰ ਡਿਊਟੀ ਕਰਦੇ ਫ਼ੌਜੀ ਵੀਰਾਂ ਨੂੰ ਆਪਣੇ ਘਰਾਂ ਤੋਂ ਆਉਣ ਵਾਲੇ ਖ਼ਤਾਂ ਦਾ ਇੰਤਜ਼ਾਰ ਰਹਿੰਦਾ ਸੀ ਤੇ ਉਨ੍ਹਾਂ ਦੇ ਪਰਿਵਾਰਕ ਜੀਆਂ ਨੂੰ ਵਾਪਸੀ ਖ਼ਤਾਂ ਦੀ ਬੜੀ ਬੇਸਬਰੀ ਨਾਲ ਉਡੀਕ ਰਹਿੰਦੀ ਸੀ। ਖ਼ਤ ਹਾਸਿਲ ਕਰਕੇ ਜੋ ਖ਼ੁਸ਼ੀ ਤੇ ਸਕੂਨ ਦੋਵਾਂ ਧਿਰਾਂ ਨੂੰ ਹਾਸਿਲ ਹੁੰਦਾ ਸੀ, ਉਹ ਲਫ਼ਜ਼ਾਂ ਵਿੱਚ ਬਿਆਨ ਤੋਂ ਪਰ੍ਹੇ ਹੁੰਦਾ ਸੀ। ਸ਼ਾਇਦ ਇਸੇ ਕਰਕੇ ਕਿਸੇ ਸ਼ਾਇਰ ਨੇ ਕਿਹਾ ਸੀ:

ਤੇਰਾ ਖ਼ਤ ਆਨੇ ਸੇ ਦਿਲ ਕੋ ਮੇਰੇ ਆਰਾਮ ਹੋ ਗਯਾ
ਖ਼ੁਦਾ ਜਾਨੇ ਕਿ ਇਸ ਆਗ਼ਾਜ਼ ਕਾ ਅੰਜਾਮ ਕਿਆ ਹੋਗਾ।

# ਜਨਮ ਦਿਹਾੜਾ ਬਾਬਾ ਬੁੱਢਾ ਸਾਹਿਬ ਜੀ

## ਸਮੂਹ ਸੰਗਤਾਂ ਨੂੰ ਕੋਟਾਨਿ ਕੋਟਿ ਵਧਾਈ

ਸੇਵਾ ਅਤੇ ਤਿਆਗ ਦੀ ਮੂਰਤ ਧੰਨ ਧੰਨ ਬਾਬਾ ਬੁੱਢਾ ਜੀ ਦਾ ਜਨਮ ਦਿਹਾੜਾ 25 ਅਕਤੂਬਰ ਤੋਂ 27 ਅਕਤੂਬਰ 2024 ਤੱਕ **ਗੁਰਦੁਆਰਾ ਪੈਲਾਟਾਈਨ ਵਿਖੇ** ਸਮੂਹ ਰੰਧਾਵਾ ਪਰਿਵਾਰਾਂ ਵੱਲੋਂ ਸੰਗਤ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਆਪ ਸਭ ਨੂੰ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਪਰਿਵਾਰਾਂ ਸਮੇਤ ਹਾਜ਼ਰੀਆਂ ਭਰਨ ਦੀ ਬੇਨਤੀ ਹੈ।




**25 ਅਕਤੂਬਰ 2024 (ਸ਼ੁੱਕਰਵਾਰ): ਅਰੰਭ ਸ੍ਰੀ ਅਖੰਡ ਪਾਠ ਸਵੇਰੇ 10 ਵਜੇ**

**27 ਅਕਤੂਬਰ 2024 (ਐਤਵਾਰ): ਭੋਗ ਸ੍ਰੀ ਅਖੰਡ ਪਾਠ ਸਵੇਰੇ 10 ਵਜੇ**

ਉਪਰੰਤ ਸ਼ਬਦ ਕੀਰਤਨ ਅਤੇ ਕਥਾ ਵਿਆਖਿਆ। ਤਿੰਨੋਂ ਦਿਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ

**ਵੱਲੋਂ: ਸਮੂਹ ਰੰਧਾਵਾ ਪਰਿਵਾਰ**





PHO is volunteer organization campaigning to spread the message of Bhagat Puran Singh Ji since 2005.
Tax exempt donation are processed thru:

**Jaswant Sawhney Trust Fund**
**Pingalwara Donation**
**P.O. Box 357, Pittstown, NJ 08867**

ਮਨੁੱਖਤਾ, ਵਾਤਾਵਰਣ, ਵਿਦਿਆ ਅਤੇ ਸਮਾਜ ਸੇਵਾ ਨੂੰ ਸਮਰਪਿਤ

## ਭਗਤ ਪੂਰਨ ਸਿੰਘ ਜੀ ਦੀ 31ਵੀਂ ਬਰਸੀ

# ਸ਼ਰਧਾਂਜਲੀ ਸਮਾਰੋਹ

ਭਗਤ ਪੂਰਨ ਸਿੰਘ ਜੀ ਨੇ ਆਪਣੀ ਸਾਰੀ ਜਿੰਦਗੀ ਬਿਨਾਂ ਕਿਸੇ ਭਿੰਨ ਭੇਦ ਤੋਂ ਅੰਗਹੀਣ, ਨਿਥਾਵਿਆਂ ਅਤੇ ਨਿਤਾਣਿਆ ਦੀ ਸੇਵਾ ਵਿੱਚ ਲਾ ਦਿੱਤੀ। ਉਹਨਾਂ ਵਲੋਂ ਕਾਇਮ ਕੀਤਾ ਪਿੰਗਲਵਾੜਾ ਅਜ ਨਿਸ਼ਕਾਮ, ਨਿਸ਼ਕਪਟ, ਨਿਮਰ ਅਤੇ ਨਿਰਸਵਾਰਥ ਸੇਵਾ ਦਾ ਚਾਨਣ ਮੁਨਾਰਾ ਹੈ। ਆਓ ਇਸ ਨੇਕ ਕਾਰਜ ਨੂੰ ਹੋਰ ਸਫਲ ਕਰਨ ਲਈ ਆਪਣਾ ਵਡਮੁੱਲਾ ਯੋਗਦਾਨ ਪਾਈਏ ਅਤੇ ਸਮਰੱਥਾ ਅਨੁਸਾਰ ਪਿੰਗਲਵਾੜੇ ਦੀ ਮਦਦ ਕਰੀਏ ਜੀ।

**ਸਾਧ ਸੰਗਤ ਆਪ ਜੀ ਨੂੰ ਬੇਨਤੀ ਹੈ ਕਿ**
**ਹੁੰਮ ਹੁਮਾ ਕੇ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨਾ ਜੀ**

**ਐਤਵਾਰ 20 ਅਕਤੂਬਰ 2024 ਗੁਰਦਵਾਰਾ ਸਾਹਿਬ ਪੈਲਾਟਾਈਨ**

**Sunday , October 20th at Gurdwara Sahib Palatine**
1280 Winnetka Street, | Palatine, IL. 60067 | Phone: (847) 358-1117

ਪੰਜਾਬੀ ਵਿਰਾਸਤ ਸੰਸਥਾ PUNJABI HERITAGE ORGANIZATION OF CHICAGO
P.O. BOX 2556, PALATINE, IL. 60078 Email: phochicago@hotmail.com

Contact: (847) 975-3877, (630) 313-9121, (847) 809-6145, (847) 991-7761, (224) 456-8096